Watch
PUNJAB MAIL USA
TV Channel
On IP box, App, Website
For Advertisment
916-320-9444

A Voice of NRI's
ਸੈਕਰਾਮੈਂਟੋ ਤੋਂ ਪ੍ਰਕਾਸ਼ਤ ਹੋਣ ਵਾਲਾ ਪਹਿਲਾ ਪੰਜਾਬੀ ਅਖ਼ਬਾਰ
ਯੂ. ਐੱਸ. ਏ.

# ਪੰਜਾਬ ਮੇਲ

Chief Editor: Gurjatinder Singh Randhawa
Punjab Mail USA

FOR SALE & PURCHASE OF ANY KIND OF PROPERTY
ਕੈਲੀਫੋਰਨੀਆ ਵਿਚ ਘਰ ਖ਼ਰੀਦਣ ਲਈ ਸੰਪਰਕ ਕਰੋ।



RE/MAX
Gurjatinder S. Randhawa
REALTOR CA DRE licence # 01490567
916-320-9444

Vol. 19, Issue- 893, 12 to 11 Feb., 2026, Ph: 916-320-9444, E-mail: punjabmailusa@yahoo.com, Web: punjabmailusa.com

## ICE ਵੱਲੋਂ ਨਿਊਜਰਸੀ ਦੇ ਬ੍ਰਿਜਵਾਟਰ ਗੁਰਦੁਆਰਾ ਸਾਹਿਬ 'ਤੇ ਛਾਪਾ

■ ਕੋਈ ਗ੍ਰਿਫ਼ਤਾਰੀ ਨਹੀਂ ਹੋਈ



**ਨਿਊਜਰਸੀ, (ਪੰਜਾਬ ਮੇਲ)-** ਇਮੀਗ੍ਰੇਸ਼ਨ ਐਂਡ ਕਸਟਮਜ਼ ਇਨਫੋਰਸਮੈਂਟ (935) ਨੇ ਅਮਰੀਕਾ ਦੇ ਨਿਊਜਰਸੀ ਸਥਿਤ ਬ੍ਰਿਜਵਾਟਰ ਗੁਰਦੁਆਰਾ ਸਾਹਿਬ 'ਤੇ ਛਾਪਾ ਮਾਰਿਆ ਹੈ। ਰਿਪੋਰਟਾਂ ਅਨੁਸਾਰ, ਇਹ ਛਾਪਾ ਸੋਮਵਾਰ ਰਾਤ ਨੂੰ ਲਗਭਗ 2:30 ਵਜੇ ਕੀਤਾ ਗਿਆ।

ਰਿਪੋਰਟਾਂ ਅਨੁਸਾਰ 935 ਏਜੰਟ ਗੁਰਦੁਆਰੇ ਦੇ ਅਹਾਤੇ ਵਿਚ ਦਾਖਲ ਹੋਏ ਅਤੇ ਹਰ ਕਮਰੇ ਦੀ ਤਲਾਸ਼ੀ ਲਈ। ਅੰਦਰਲੇ ਲੋਕਾਂ ਦੇ ਆਈ.ਡੀ. ਕਾਰਡਾਂ ਦੀ ਜਾਂਚ ਕੀਤੀ ਗਈ, ਪਰ ਕੋਈ ਗ੍ਰਿਫ਼ਤਾਰੀ ਨਹੀਂ ਹੋਈ। ਸਥਾਨਕ ਸਿੱਖ ਲੀਡਰਸ਼ਿਪ ਨਾਲ ਸੰਪਰਕ ਕਰਨ ਤੋਂ ਬਾਅਦ ਇਸ ਘਟਨਾ ਦੀ ਪੁਸ਼ਟੀ ਹੋਈ।

ਇਸ ਘਟਨਾ ਨੂੰ ਸਿੱਖ ਭਾਈਚਾਰੇ ਲਈ ਚਿੰਤਾ ਦਾ ਵਿਸ਼ਾ ਮੰਨਿਆ ਜਾ ਰਿਹਾ ਹੈ। ਰਿਪੋਰਟਾਂ ਅਨੁਸਾਰ, ਗੁਰਦੁਆਰੇ ਦਾ ਦਰਵਾਜ਼ਾ ਖੁੱਲ੍ਹਾ ਛੱਡ ਦਿੱਤਾ ਗਿਆ ਹੋ ਸਕਦਾ ਹੈ, ਜਿਸ ਨਾਲ 935 ਏਜੰਟ ਬਿਨਾਂ ਕਿਸੇ ਰੁਕਾਵਟ ਦੇ ਅੰਦਰ ਜਾ ਸਕਦੇ ਸਨ। ਸਿੱਖ ਆਗੂਆਂ ਨੇ ਕਿਹਾ ਹੈ ਕਿ ਸਾਰੇ ਗੁਰਦੁਆਰਿਆਂ ਨੂੰ ਆਪਣੇ ਰਾਗੀਆਂ, ਸੰਗਤ ਅਤੇ ਸੇਵਾਦਾਰਾਂ ਦੀ ਸੁਰੱਖਿਆ ਪ੍ਰਤੀ ਸੁਚੇਤ ਰਹਿਣਾ ਚਾਹੀਦਾ ਹੈ। ਅਜਿਹੀਆਂ ਘਟਨਾਵਾਂ ਨੂੰ ਰੋਕਣ ਲਈ ਸੁਰੱਖਿਆ ਅਤੇ ਨਿਗਰਾਨੀ ਨੂੰ ਮਜ਼ਬੂਤ ਕਰਨ ਦੀ ਲੋੜ ਹੈ।

ਭਾਈਚਾਰੇ ਨੂੰ ਅਪੀਲ ਕੀਤੀ ਜਾਂਦੀ ਹੈ ਕਿ ਉਹ ਇਹ ਜਾਣਕਾਰੀ ਆਪਣੇ ਪਰਿਵਾਰ ਅਤੇ ਦੋਸਤਾਂ ਨਾਲ ਸਾਂਝੀ ਕਰਨ ਅਤੇ ਭਵਿੱਖ ਵਿਚ ਵਧੇਰੇ ਸਾਵਧਾਨੀ ਵਰਤਣ। ਮੌਜੂਦਾ ਸਥਿਤੀ ਵਿਚ ਚੌਕਸ ਰਹਿਣਾ ਬਹੁਤ ਜ਼ਰੂਰੀ ਹੈ।

## ਏਅਰ ਇੰਡੀਆ ਦੇ ਬੋਇੰਗ 787-8 ਵਿਚ ਫਿਰ ਖ਼ਰਾਬੀ; ਉਡਾਣ 'ਤੇ ਰੋਕ



**ਨਵੀਂ ਦਿੱਲੀ, (ਪੰਜਾਬ ਮੇਲ)-** ਟਾਟਾ ਗਰੁੱਪ ਦੀ ਏਅਰਲਾਈਨ ਏਅਰ ਇੰਡੀਆ ਨੇ ਸੋਮਵਾਰ ਨੂੰ ਦੱਸਿਆ ਕਿ ਪਾਇਲਟ ਦੁਆਰਾ ਫਿਊਲ ਕੰਟਰੋਲ ਸਵਿੱਚ 'ਚ ਖ਼ਰਾਬੀ ਦੀ ਰਿਪੋਰਟ ਮਿਲਣ ਤੋਂ ਬਾਅਦ ਉਨ੍ਹਾਂ ਨੇ ਆਪਣੇ ਇੱਕ ਬੋਇੰਗ 787-8 ਜਹਾਜ਼ ਦੀ ਸੇਵਾ 'ਤੇ ਰੋਕ ਲਗਾ ਦਿੱਤੀ ਹੈ।

ਏਅਰਲਾਈਨ ਨੇ ਅਧਿਕਾਰਤ ਬਿਆਨ ਵਿਚ ਇਸ ਦੀ ਪੁਸ਼ਟੀ ਕਰਦਿਆਂ ਕਿਹਾ ਕਿ ਪਾਇਲਟ ਤੋਂ ਸੂਚਨਾ ਮਿਲਦੇ ਹੀ ਇਹ ਕਦਮ ਸੁਰੱਖਿਆ ਦੇ ਲਿਹਾਜ਼ ਨਾਲ ਚੁੱਕਿਆ ਗਿਆ ਹੈ। ਏਅਰ ਇੰਡੀਆ ਨੇ ਜਹਾਜ਼ ਨਿਰਮਾਤਾ ਕੰਪਨੀ ਬੋਇੰਗ ਨੂੰ ਵੀ ਇਸ ਮਾਮਲੇ ਦੀ ਤਰਜੀਹ ਦੇ ਆਧਾਰ 'ਤੇ ਜਾਂਚ ਕਰਨ ਲਈ ਕਿਹਾ।

ਜਾਣਕਾਰੀ ਮੁਤਾਬਕ ਏਅਰ ਇੰਡੀਆ ਦੀ ਫਲਾਈਟ ਏ.ਆਈ. 132 (ਬੋਇੰਗ 787-8) ਲੰਡਨ ਤੋਂ ਬੈਂਗਲੁਰੂ ਲਈ ਉਡਾਣ ਭਰ ਰਹੀ ਸੀ। ਉਡਾਣ ਭਰਨ ਤੋਂ ਪਹਿਲਾਂ ਕੀਤੇ ਜਾਣ ਵਾਲੇ 'ਫਲਾਈਟ ਚੈੱਕ' ਦੌਰਾਨ ਇਸ ਸਮੱਸਿਆ ਦਾ ਪਤਾ ਲੱਗਿਆ। ਏਅਰ ਇੰਡੀਆ ਦੇ ਬੁਲਾਰੇ ਅਨੁਸਾਰ, ਇਸ ਮਾਮਲੇ ਦੀ ਜਾਣਕਾਰੀ ਹਵਾਬਾਜ਼ੀ ਰੈਗੂਲੇਟਰ, ਨਾਗਰਿਕ ਹਵਾਬਾਜ਼ੀ ਡਾਇਰੈਕਟੋਰੇਟ ਜਨਰਲ (ਡੀ.ਜੀ.ਸੀ.ਏ.) ਨੂੰ ਦੇ ਦਿੱਤੀ ਗਈ। ਏਅਰਲਾਈਨ ਨੇ ਸਪੱਸ਼ਟ ਕੀਤਾ ਕਿ ਉਹ ਸਾਰੀਆਂ ਲੋੜੀਂਦੀਆਂ ਸੁਰੱਖਿਆ ਪ੍ਰਕਿਰਿਆਵਾਂ ਦੀ ਪਾਲਣਾ ਕਰ ਰਹੀ ਹੈ। ਉਨ੍ਹਾਂ ਨੇ ਪਹਿਲਾਂ ਵੀ ਡੀ.ਜੀ.ਸੀ.ਏ. ਦੇ ਨਿਰਦੇਸ਼ਾਂ ਅਨੁਸਾਰ ਆਪਣੇ ਬੋਇੰਗ 787 ਬੇੜੇ ਦੇ ਫਿਊਲ ਕੰਟਰੋਲ ਸਵਿੱਚਾਂ ਦੀ ਜਾਂਚ ਕੀਤੀ ਸੀ, ਜਿਸ ਵਿਚ ਉਸ ਸਮੇਂ ਕੋਈ ਖ਼ਰਾਬੀ ਨਹੀਂ ਪਾਈ ਗਈ। ■ ਬਾਕੀ ਖਬਰ ਸਫਾ 16 'ਤੇ

## ਕੈਨੇਡਾ ਦੇ ਸਕੂਲ 'ਚ ਅੰਨ੍ਹੇਵਾਹ ਗੋਲੀਬਾਰੀ: ਹਮਲਾਵਰ ਸਮੇਤ 10 ਦੀ ਮੌਤ; 25 ਜ਼ਖਮੀ



**ਬ੍ਰਿਟਿਸ਼ ਕੋਲੰਬੀਆ, (ਪੰਜਾਬ ਮੇਲ)-** ਬ੍ਰਿਟਿਸ਼ ਕੋਲੰਬੀਆ ਦੇ ਇੱਕ ਸਕੂਲ ਵਿਚ ਹੋਈ ਗੋਲੀਬਾਰੀ 'ਚ ਇੱਕ ਹਮਲਾਵਰ ਸਮੇਤ 10 ਵਿਅਕਤੀਆਂ ਦੀ ਮੌਤ ਹੋ ਗਈ ਅਤੇ 25 ਹੋਰ ਜ਼ਖਮੀ ਹੋ ਗਏ। ਰਾਇਲ ਕੈਨੇਡੀਅਨ ਮਾਊਂਟਿਡ ਪੁਲਿਸ (ਆਰ.ਸੀ.ਐੱਮ.ਪੀ.) ਨੇ ਕਿਹਾ ਕਿ ਇੱਕ ਸ਼ੱਕੀ ਮ੍ਰਿਤਕ ਪਾਇਆ ਗਿਆ ਹੈ, ਜਿਸ ਬਾਰੇ ਮੰਨਿਆ ਜਾ ਰਿਹਾ ਹੈ ਕਿ ਉਸ ਨੇ ਖੁਦ ਨੂੰ ਗੋਲੀ ਮਾਰ ਕੇ ਖੁਦਕੁਸ਼ੀ ਕੀਤੀ ਹੈ। ਪੁਲਿਸ ਨੇ ਪਹਿਲਾਂ ਕਿਹਾ ਸੀ ਕਿ ਅਧਿਕਾਰੀ ਇਹ ਪਤਾ ਲਗਾਉਣ ਦੀ ਕੋਸ਼ਿਸ਼ ਕਰ ਰਹੇ ਹਨ ਕਿ ਕੀ ਇਸ ਵਿਚ ਕੋਈ ਦੂਜਾ ਸ਼ੱਕੀ ਵੀ ਸ਼ਾਮਲ ਹੈ।

ਪੀਸ ਰਿਵਰ ਸਾਊਥ ਸਕੂਲ ਡਿਸਟ੍ਰਿਕਟ ਨੇ ਕਿਹਾ ਕਿ ਸੈਕੰਡਰੀ ਸਕੂਲ ਅਤੇ ਟੰਬਲਰ ਰਿਜ ਐਲੀਮੈਂਟਰੀ ਸਕੂਲ ਦੋਵਾਂ ਨੂੰ ਲੌਕਡਾਊਨ ਅਤੇ ਸੁਰੱਖਿਅਤ ਕਰ ਦਿੱਤਾ ਗਿਆ ਸੀ। ਪੀਸ ਰਿਵਰ ਸਾਊਥ ਦੇ ਵਿਧਾਇਕ ਲੈਰੀ ਨਿਊਫੀਲਡ ਨੇ ਵਿਧਾਨ ਸਭਾ ਵਿਚ ਪੱਤਰਕਾਰਾਂ ਨੂੰ ਦੱਸਿਆ ਕਿ ਕਮਿਊਨਿਟੀ ਵਿਚ ਆਰ.ਸੀ.ਐੱਮ.ਪੀ. ਅਤੇ ਐਂਬੂਲੈਂਸ ਸਹਾਇਤਾ ਸਮੇਤ ਭਾਰੀ ਮਾਤਰਾ ਵਿਚ ਸਰੋਤ ਭੇਜੇ ਗਏ।

ਉਨ੍ਹਾਂ ਕਿਹਾ ਕਿ ਉਹ ਇਸ ਚਿੰਤਾ ਕਾਰਨ ਹੋਰ ਜਾਣਕਾਰੀ ਨਹੀਂ ਦੇਣਾ ਚਾਹੁੰਦੇ ਕਿ ਇਸ ਨਾਲ ਚੱਲ ਰਹੇ ਅਪਰੇਸ਼ਨ ਦੀ ਸੁਰੱਖਿਆ ਨੂੰ ਖਤਰਾ ਹੋ ਸਕਦਾ ਹੈ। ਉਨ੍ਹਾਂ ਨੇ ਭਾਈਚਾਰੇ ਦੇ ਲੋਕਾਂ ਨੂੰ ਅਪੀਲ ਕੀਤੀ ਕਿ ਉਹ ਜਿੱਥੇ ਹਨ, ਉੱਥੇ ਹੀ ਰਹਿਣ।

ਉਨ੍ਹਾਂ ਕਿਹਾ, "ਅਸੀਂ ਸਮਝਦੇ ਹਾਂ ਕਿ ਕੁਝ ਲੋਕ ਆਪਣੇ ਨਜ਼ਦੀਕੀਆਂ ਦੀ ਭਾਲ ਵਿਚ ਬਾਹਰ ਨਿਕਲੇ ਹੋਏ ਹਨ, ਕਿਰਪਾ ਕਰਕੇ ਆਪਣੇ ਘਰਾਂ ਨੂੰ ਵਾਪਸ ਜਾਓ ਅਤੇ ਉੱਥੇ ਹੀ ਪਨਾਹ ਲਓ ਅਤੇ ਆਰ.ਸੀ.ਐੱਮ.ਪੀ. ਦੇ ਸ਼ਾਨਦਾਰ ਲੋਕਾਂ ਨੂੰ ਇਸ ਕਮਿਊਨਿਟੀ ਨੂੰ, ਇਸ ਸੁੰਦਰ ਕਮਿਊਨਿਟੀ ਨੂੰ ਦੁਬਾਰਾ ਸੁਰੱਖਿਅਤ ਬਣਾਉਣ ਦਿਓ।"

ਟੰਬਲਰ ਰਿਜ ਵੈਨਕੂਵਰ ਤੋਂ 1,000 ਕਿਲੋਮੀਟਰ (600 ਮੀਲ) ਤੋਂ ਵੱਧ ਉੱਤਰ ਵਿਚ ਅਲਬਰਟਾ ਦੀ ਸਰਹੱਦ ਦੇ ਨੇੜੇ ਸਥਿਤ ਹੈ। ਸੂਬਾਈ ਸਰਕਾਰ ਦੀ ਵੈੱਬਸਾਈਟ ਟੰਬਲਰ ਰਿਜ ਸੈਕੰਡਰੀ ਸਕੂਲ ਵਿਚ 7ਵੀਂ ਤੋਂ 12ਵੀਂ ਜਮਾਤ ਤੱਕ ਦੇ 175 ਵਿਦਿਆਰਥੀ ਦਰਸਾਉਂਦੀ ਹੈ। ਕੈਨੇਡਾ ਵਿਚ ਸਕੂਲੀ ਗੋਲੀਬਾਰੀ ਦੀਆਂ ਘਟਨਾਵਾਂ ਬਹੁਤ ਘੱਟ ਹੁੰਦੀਆਂ ਹਨ।

## ਪ੍ਰੋ. ਦਵਿੰਦਰਪਾਲ ਸਿੰਘ ਭੁੱਲਰ ਦੀ ਰਿਹਾਈ ਦੀ ਅਰਜ਼ੀ ਮੁੜ ਰੱਦ

■ ਪ੍ਰੋ. ਭੁੱਲਰ ਸਮੇਤ 24 ਦੋਸ਼ੀਆਂ ਦੀ ਰਿਹਾਈ ਦੀ ਮੰਗ ਨੂੰ ਨਕਾਰਿਆ



**ਨਵੀਂ ਦਿੱਲੀ, (ਪੰਜਾਬ ਮੇਲ)-** ਦਿੱਲੀ ਦੀ ਸਜ਼ਾ ਸਮੀਖਿਆ ਬੋਰਡ (ਐੱਸ.ਆਰ.ਬੀ.) ਨੇ 1993 ਦੇ ਦਿੱਲੀ ਬੰਬ ਧਮਾਕੇ 'ਚ ਦੋਸ਼ੀ ਠਹਿਰਾਏ ਗਏ ਪ੍ਰੋ. ਦਵਿੰਦਰਪਾਲ ਸਿੰਘ ਭੁੱਲਰ ਦੀ ਸਮੇਂ ਤੋਂ ਪਹਿਲਾਂ ਰਿਹਾਈ ਦੀ ਅਰਜ਼ੀ ਨੂੰ ਇੱਕ ਵਾਰ ਮੁੜ ਰੱਦ ਕਰ ਦਿੱਤਾ ਹੈ। ਅਧਿਕਾਰੀਆਂ ਅਨੁਸਾਰ ਬੋਰਡ ਨੇ ਆਪਣੀ ਹਾਲੀਆ ਮੀਟਿੰਗ ਵਿਚ ਪ੍ਰੋ. ਭੁੱਲਰ ਸਮੇਤ 24 ਦੋਸ਼ੀਆਂ ਦੀ ਰਿਹਾਈ ਦੀ ਮੰਗ ਨੂੰ ਨਕਾਰ ਦਿੱਤਾ ਹੈ। ਦੱਸਣਯੋਗ ਹੈ ਕਿ ਪ੍ਰੋ. ਦਵਿੰਦਰਪਾਲ ਸਿੰਘ ਭੁੱਲਰ ਨੂੰ 1993 ਵਿਚ ਹੋਏ ਇੱਕ ਧਮਾਕੇ ਵਿਚ ਦੋਸ਼ੀ ਠਹਿਰਾਇਆ ਗਿਆ ਸੀ, ਜਿਸ ਵਿਚ 9 ਲੋਕਾਂ ਦੀ ਮੌਤ ਹੋਈ ਸੀ ਤੇ 31 ਜ਼ਖਮੀ ਹੋਏ ਸਨ। ਇਸ ਹਮਲੇ ਵਿਚ ਯੂਥ ਕਾਂਗਰਸ ਦੇ ਸਾਬਕਾ ਪ੍ਰਧਾਨ ਐੱਮ.ਐੱਸ. ਬਿੱਟਾ ਵਾਲ-ਵਾਲ ਬਚ ਗਏ ਸਨ। ਪ੍ਰੋ. ਭੁੱਲਰ ਨੂੰ ਅਗਸਤ 2001 'ਚ ਟਾਡਾ ਅਦਾਲਤ ਵੱਲੋਂ ਮੌਤ ਦੀ ਸਜ਼ਾ ਸੁਣਾਈ ਗਈ ਸੀ, ਜਿਸ ਨੂੰ 2014 ਵਿਚ ਉਮਰ ਕੈਦ ਵਿਚ ਬਦਲ ਦਿੱਤਾ ਗਿਆ ਸੀ। ਸਿਹਤ ਕਾਰਨਾਂ ਕਰਕੇ ਉਸ ਨੂੰ ਜੂਨ 2015 ਵਿਚ ਦਿੱਲੀ ਦੀ ਤਿਹਾੜ ਜੇਲ੍ਹ ਤੋਂ ਅੰਮ੍ਰਿਤਸਰ ਦੀ ਕੇਂਦਰੀ ਜੇਲ੍ਹ ਵਿਚ ਤਬਦੀਲ ਕਰ ਦਿੱਤਾ ਗਿਆ ਸੀ।

ਸੂਤਰਾਂ ਅਨੁਸਾਰ, ਬੋਰਡ ਦੇ ਕੁਝ ਮੈਂਬਰਾਂ ਨੇ ਭਾਈ ਭੁੱਲਰ ਦੀ ਰਿਹਾਈ ਦਾ ਵਿਰੋਧ ਕਰਦਿਆਂ ਤਰਕ ਦਿੱਤਾ ਕਿ ਉਸ ਕਾਰਨ ਬੇਗੁਨਾਹ ਲੋਕਾਂ ਦੀ ਜਾਨ ਗਈ ਸੀ। ਇਹ ਵੀ ਕਿਹਾ ਗਿਆ ਕਿ ਅਜਿਹੇ ਸਮੇਂ ਵਿਚ ਉਸ ਨੂੰ ਰਿਹਾਅ ਕਰਨਾ, ਜਦੋਂ ਵਿਦੇਸ਼ਾਂ ਅਤੇ ਪੰਜਾਬ ਵਿਚ ਖਾਲਿਸਤਾਨੀ ਪੱਖੀ ਆਵਾਜ਼ਾਂ ਮੁੜ ਉੱਠ ਰਹੀਆਂ ਹਨ, ਅਜਿਹੇ ਅਨਸਰਾਂ ਦੇ ਮਨੋਬਲ ਨੂੰ ਵਧਾ ਸਕਦਾ ਹੈ। ■ ਬਾਕੀ ਖਬਰ ਸਫਾ 16 'ਤੇ

## ICE ਏਜੰਟਾਂ ਨੂੰ ਧਮਕੀਆਂ ਦੇਣ ਵਾਲਿਆਂ ਵਿਰੁੱਧ ਕਾਰਵਾਈ ਦੀ ਚਿਤਾਵਨੀ



**ਵਾਸ਼ਿੰਗਟਨ, (ਪੰਜਾਬ ਮੇਲ)-** ਸਹਾਇਕ ਅਟਾਰਨੀ ਜਨਰਲ ਹਰਮੀਤ ਢਿੱਲੋਂ ਨੇ ਕਿਹਾ ਹੈ ਕਿ ਅਮਰੀਕਾ ਦਾ ਨਿਆਂ ਵਿਭਾਗ ਉਨ੍ਹਾਂ ਕਾਰਕੁਨਾਂ ਵਿਰੁੱਧ ਸਖ਼ਤ ਕਾਰਵਾਈ ਕਰੇਗਾ, ਜੋ ਇਮੀਗ੍ਰੇਸ਼ਨ ਅਧਿਕਾਰੀਆਂ ਦੀ ਨਿੱਜੀ ਜਾਣਕਾਰੀ ਜਨਤਕ ਕਰਦੇ ਹਨ, ਧਮਕੀਆਂ ਦਿੰਦੇ ਹਨ ਜਾਂ ਸੰਘੀ ਕਾਨੂੰਨ ਲਾਗੂ ਕਰਨ ਵਿਚ ਰੁਕਾਵਟ ਪਾਉਂਦੇ ਹਨ।

ਐਕਸ 'ਤੇ ਇੱਕ ਪੋਸਟ ਵਿਚ ਢਿੱਲੋਂ ਨੇ ਕਿਹਾ, "ਜਿਹੜੇ ਕਾਰਕੁਨ ICE ਏਜੰਟਾਂ ਦੀ ਜਾਣਕਾਰੀ ਲੀਕ ਕਰਦੇ ਹਨ, ਜਾਨੋਂ ਮਾਰਨ ਦੀਆਂ ਧਮਕੀਆਂ ਦਿੰਦੇ ਹਨ ਅਤੇ ਲੋਕਾਂ ਨੂੰ ਡਰਾਉਂਦੇ ਹਨ, ਉਹ ਸਿਰਫ਼ ਵਿਰੋਧ ਨਹੀਂ ਕਰ ਰਹੇ – ਉਹ ਅਪਰਾਧ ਕਰ ਰਹੇ ਹਨ।" ਉਨ੍ਹਾਂ ਅੱਗੇ ਕਿਹਾ ਕਿ ਅਮਰੀਕੀ ਨਿਆਂ ਵਿਭਾਗ "ਨਿਆਂ ਵਿਚ ਰੁਕਾਵਟ" ਨੂੰ ਬਰਦਾਸ਼ਤ ਨਹੀਂ ਕਰੇਗਾ ਅਤੇ ਅਟਾਰਨੀ ਜਨਰਲ ਪੈਮ ਬੋਂਡੀ ਉਨ੍ਹਾਂ ਲੋਕਾਂ ਨੂੰ ਜਵਾਬਦੇਹ ਠਹਿਰਾਏਗੀ, ਜੋ ਸੰਘੀ ਕਾਨੂੰਨ ਲਾਗੂ ਕਰਨ ਵਾਲਿਆਂ ਦੀ ਜਾਨ ਖ਼ਤਰੇ ਵਿਚ ਪਾਉਂਦੇ ਹਨ। ਇੱਕ ਮੀਡੀਆ ਇੰਟਰਵਿਊ ਵਿਚ ਬੋਲਦਿਆਂ ਢਿੱਲੋਂ ਨੇ ਕਿਹਾ ਕਿ ਕਾਰਕੁਨਾਂ ਦੀਆਂ ਕੁਝ ਗਤੀਵਿਧੀਆਂ "ਹੱਦ ਪਾਰ" ਕਰ ਰਹੀਆਂ ਹਨ। ਉਨ੍ਹਾਂ ਨੇ ਪੁਲਿਸ ਸਕੈਨਰਾਂ ਦੀ ਵਰਤੋਂ, ਘਰਾਂ ਵਿਚ ਜ਼ਬਰਦਸਤੀ ਦਾਖਲ ਹੋਣ, ਅਧਿਕਾਰੀਆਂ ਦੀ ਜਨਤਕ ਪਛਾਣ ਉਜਾਗਰ ਕਰਨ, ਡਰਾਉਣ-ਧਮਕਾਉਣ ਅਤੇ ਜਾਨੋਂ ਮਾਰਨ ਦੀਆਂ ਧਮਕੀਆਂ ਦਾ ਹਵਾਲਾ ਦਿੱਤਾ। ਉਨ੍ਹਾਂ ਕਿਹਾ, "ਇਹ ਵਿਰੋਧ ਪ੍ਰਦਰਸ਼ਨ ਨਹੀਂ ਹੈ। ਇਹ ਸੰਘੀ ਕਾਨੂੰਨ ਲਾਗੂ ਕਰਨ ਵਾਲੇ ਅਧਿਕਾਰੀਆਂ 'ਤੇ ਗੈਰ-ਕਾਨੂੰਨੀ ਹਮਲੇ ਅਤੇ ਨਿਆਂ ਵਿਚ ਰੁਕਾਵਟ ਹੈ।"

ਹਰਮੀਤ ਢਿੱਲੋਂ ਨੇ ਅਜਿਹੀਆਂ ਕਾਰਵਾਈਆਂ ਪਿੱਛੇ ਫੰਡਿੰਗ (ਵਿੱਤੀ ਸਹਾਇਤਾ) ਵੱਲ ਵੀ ਇਸ਼ਾਰਾ ਕੀਤਾ। ਉਨ੍ਹਾਂ ਕਿਹਾ ਕਿ ਅਮਰੀਕਾ ਵਿਚ ਕੁਝ ਅਜਿਹੇ ਲੋਕ ਹਨ, ਜੋ ਇਸ ਕਿਸਮ ਦੀਆਂ ਭੜਕਾਊ ਗਤੀਵਿਧੀਆਂ ਲਈ ਪੈਸਾ ਮੁਹੱਈਆ ਕਰਵਾ ਰਹੇ ਹਨ। ਉਨ੍ਹਾਂ ਕਿਹਾ ਕਿ ਹਾਲਾਂਕਿ ਵਿਦੇਸ਼ੀ ਸ਼ਮੂਲੀਅਤ ਸੰਭਵ ਹੋ ਸਕਦੀ ਹੈ, ਪਰ ਜਾਂਚਕਰਤਾਵਾਂ ਦਾ ਮੁੱਖ ਧਿਆਨ ਜ਼ਿੰਮੇਵਾਰੀ ਤੈਅ ਕਰਨ 'ਤੇ ਹੈ, ਚਾਹੇ ਸਹਾਇਤਾ ਦੇਸ਼ ਦੇ ਅੰਦਰੋਂ ਹੋਵੇ ਜਾਂ ਬਾਹਰੋਂ।

■ ਬਾਕੀ ਖਬਰ ਸਫਾ 16 'ਤੇ

## ਹਾਈਕੋਰਟ ਵੱਲੋਂ 'ਆਪ' ਵਿਧਾਇਕ ਹਰਮੀਤ ਸਿੰਘ ਪਠਾਣਮਾਜਰਾ ਵਿਰੁੱਧ ਦਰਜ ਐੱਫ.ਆਈ.ਆਰ. ਰੱਦ

■ ਅਦਾਲਤ ਨੇ ਕਿਹਾ; ਬਿਨਾਂ ਅਧਿਕਾਰ ਖੇਤਰ ਦੇ ਦਰਜ ਹੋਈ ਸੀ ਐੱਫ.ਆਈ.ਆਰ.



**ਚੰਡੀਗੜ੍ਹ, (ਪੰਜਾਬ ਮੇਲ)-** ਪੰਜਾਬ ਅਤੇ ਹਰਿਆਣਾ ਹਾਈਕੋਰਟ ਨੇ ਆਮ ਆਦਮੀ ਪਾਰਟੀ ਦੇ ਆਗੂ ਹਰਮੀਤ ਸਿੰਘ ਪਠਾਨਮਾਜਰਾ ਨੂੰ ਵੱਡੀ ਰਾਹਤ ਦਿੰਦਿਆਂ ਉਨ੍ਹਾਂ ਵਿਰੁੱਧ ਦਰਜ ਐੱਫ.ਆਈ.ਆਰ. ਅਤੇ ਉਸ ਤੋਂ ਬਾਅਦ ਜਾਰੀ ਕੀਤੇ ਗਏ ਸੰਮਨ ਦੇ ਹੁਕਮਾਂ ਨੂੰ ਰੱਦ ਕਰ ਦਿੱਤਾ ਹੈ। ਪਠਾਨਮਾਜਰਾ 'ਤੇ ਆਪਣੇ ਚੋਣ ਹਲਫ਼ਨਾਮੇ ਵਿਚ ਗਲਤ ਜਾਣਕਾਰੀ ਦੇਣ ਦੇ ਦੋਸ਼ ਲੱਗੇ ਸਨ।

ਹਰਮੀਤ ਸਿੰਘ ਪਠਾਨਮਾਜਰਾ ਨੇ ਸਨੌਰ ਵਿਧਾਨ ਸਭਾ ਹਲਕੇ ਤੋਂ 'ਆਪ' ਉਮੀਦਵਾਰ ਵਜੋਂ ਚੋਣ ਲੜੀ ਸੀ। ਉਸ ਸਮੇਂ ਹਲਕੇ ਦੇ ਰਿਟਰਨਿੰਗ ਅਫ਼ਸਰ ਨੇ ਦੋਸ਼ ਲਾਇਆ ਸੀ ਕਿ ਪਠਾਨਮਾਜਰਾ ਨੇ ਨਾਮਜ਼ਦਗੀ ਪੱਤਰਾਂ ਨਾਲ ਦਿੱਤੇ ਫਾਰਮ-26 ਹਲਫ਼ਨਾਮੇ ਵਿਚ ਗਲਤ ਜਾਣਕਾਰੀ ਭਰੀ ਹੈ। ਇਸ ਸ਼ਿਕਾਇਤ ਦੇ ਆਧਾਰ 'ਤੇ 10 ਫਰਵਰੀ, 2022 ਨੂੰ ਪਟਿਆਲਾ ਦੇ ਜੁਲਕਾਂ ਥਾਣੇ ਵਿਚ ਆਈ.ਪੀ.ਸੀ. ਅਤੇ ਲੋਕ ਪ੍ਰਤੀਨਿਧਤਾ ਐਕਟ ਤਹਿਤ ਮਾਮਲਾ ਦਰਜ ਕੀਤਾ ਗਿਆ ਸੀ। ਇਸ ਤੋਂ ਬਾਅਦ 13 ਅਪ੍ਰੈਲ, 2023 ਨੂੰ ਚੀਫ਼ ਜੁਡੀਸ਼ੀਅਲ ਮੈਜਿਸਟਰੇਟ, ਪਟਿਆਲਾ ਨੇ ਉਨ੍ਹਾਂ ਨੂੰ ਸੰਮਨ ਜਾਰੀ ਕੀਤੇ ਸਨ।

ਜਸਟਿਸ ਤ੍ਰਿਭੁਵਨ ਦਹੀਆ ਨੇ ਪਠਾਨਮਾਜਰਾ ਦੀ ਪਟੀਸ਼ਨ ਨੂੰ ਮਨਜ਼ੂਰੀ ਦਿੰਦਿਆਂ ਕਿਹਾ ਕਿ ਐੱਫ.ਆਈ.ਆਰ. ਦਰਜ ਕਰਨਾ ਅਤੇ ਸੰਮਨ ਜਾਰੀ ਕਰਨਾ ਅਧਿਕਾਰ ਖੇਤਰ ਤੋਂ ਬਾਹਰ ਸੀ। ਅਦਾਲਤ ਨੇ ਆਪਣੇ ਫੈਸਲੇ ਵਿਚ ਕਿਹਾ ਕਿ ਲਗਾਏ ਗਏ ਸਾਰੇ ਦੋਸ਼ 'ਗੈਰ-ਸੰਗੀਨ' ਸਨ। ਸੀ.ਆਰ.ਪੀ.ਸੀ. ਦੀ ਧਾਰਾ 155 ਦੇ ਨਿਯਮਾਂ ਅਨੁਸਾਰ, ਅਜਿਹੇ ਮਾਮਲਿਆਂ ਵਿਚ ਪੁਲਿਸ ਮੈਜਿਸਟਰੇਟ ਦੀ ਅਗਾਊਂ ਇਜਾਜ਼ਤ ਤੋਂ ਬਿਨਾਂ ਐੱਫ.ਆਈ.ਆਰ. ਦਰਜ ਨਹੀਂ ਕਰ ਸਕਦੀ ਅਤੇ ਨਾ ਹੀ ਜਾਂਚ ਕਰ ਸਕਦੀ ਹੈ। ■ ਬਾਕੀ ਖਬਰ ਸਫਾ 16 'ਤੇ

# ਐਪਸਟਾਈਨ ਫਾਈਲਜ਼ 'ਚ ਨਾਂ ਆਉਣ ਮਗਰੋਂ ਦੁਨੀਆਂ ਭਰ ਦੀ ਸਿਆਸਤ 'ਚ ਆਇਆ ਭੂਚਾਲ

**ਵੱਖ-ਵੱਖ ਦੇਸ਼ਾਂ ਦੇ ਵੱਡੇ ਅਹੁਦਿਆਂ 'ਤੇ ਬੈਠੇ ਲੋਕਾਂ ਵੱਲੋਂ ਅਸਤੀਫ਼ਿਆਂ ਦਾ ਦੌਰ ਸ਼ੁਰੂ**

ਵਾਸ਼ਿੰਗਟਨ, (ਪੰਜਾਬ ਮੇਲ)- ਪਿਛਲੇ ਕਈ ਦਿਨਾਂ ਤੋਂ ਦੁਨੀਆਂ ਭਰ 'ਚ ਤਰਥੱਲੀ ਮਚਾ ਚੁੱਕੇ ਸੈਕਸ ਟ੍ਰੈਫਿਕਿੰਗ ਸਕੈਂਡਲ ਦੇ ਮੁੱਖ ਦੋਸ਼ੀ ਜੈਫਰੀ ਐਪਸਟਾਈਨ ਨਾਲ ਸਬੰਧਤ ਗੁਪਤ ਫਾਈਲਾਂ ਜਨਤਕ ਹੋਣ ਤੋਂ ਬਾਅਦ ਦੁਨੀਆਂ ਭਰ ਦੀ ਸਿਆਸਤ ਅਜਿਹਾ ਭੂਚਾਲ ਆਇਆ ਹੈ ਕਿ ਅਮਰੀਕਾ, ਬ੍ਰਿਟੇਨ, ਫਰਾਂਸ ਅਤੇ ਨਾਰਵੇ ਵਰਗੇ ਸ਼ਕਤੀਸ਼ਾਲੀ ਦੇਸ਼ਾਂ ਵਿਚ ਵੱਡੇ ਅਹੁਦਿਆਂ 'ਤੇ ਬੈਠੇ ਲੋਕਾਂ ਦੀਆਂ ਕੁਰਸੀਆਂ ਹਿੱਲਣ ਲੱਗ ਗਈਆਂ ਹਨ। 'ਵਾਈਟ ਕਾਲਰ' ਅਪਰਾਧਾਂ ਦੇ ਇਸ ਖੁਲਾਸੇ ਨੇ ਕਈ ਵੱਡੀਆਂ ਹਸਤੀਆਂ ਦਾ ਅਸਲੀ ਚਿਹਰਾ ਨੰਗਾ ਕਰ ਦਿੱਤਾ ਹੈ।

ਬ੍ਰਿਟੇਨ ਵਿਚ ਇਸ ਮਾਮਲੇ ਨੇ ਲੇਬਰ ਪਾਰਟੀ ਨੂੰ ਵੱਡਾ ਝਟਕਾ ਦਿੱਤਾ ਹੈ। ਸਾਬਕਾ ਰਾਜਦੂਤ ਅਤੇ ਦਿੱਗਜ ਨੇਤਾ ਪੀਟਰ ਮੈਂਡਲਸਨ ਨੂੰ ਇਨ੍ਹਾਂ ਫਾਈਲਾਂ 'ਚ ਆਪਣਾ ਨਾਂ ਆਉਣ ਮਗਰੋਂ ਅਹੁਦਾ ਛੱਡਣਾ ਪਿਆ ਹੈ। ਫਾਈਲਾਂ ਮੁਤਾਬਕ ਐਪਸਟਾਈਨ ਨੇ ਮੈਂਡਲਸਨ ਦੇ ਅਕਾਊਂਟ ਵਿਚ 25-25 ਹਜ਼ਾਰ ਡਾਲਰ ਦੀਆਂ ਤਿੰਨ ਕਿਸ਼ਤਾਂ ਭੇਜੀਆਂ ਸਨ। ਇਸ ਦੇ ਨਾਲ ਹੀ ਪ੍ਰਧਾਨ ਮੰਤਰੀ ਸਟਾਰਮਰ ਦੇ ਚੀਫ ਆਫ਼ ਸਟਾਫ਼ ਮੋਰਗਨ ਮੈਕਸਵੀਨੀ ਨੇ ਵੀ ਨੈਤਿਕ ਜ਼ਿੰਮੇਵਾਰੀ ਲੈਂਦਿਆਂ ਅਸਤੀਫ਼ਾ ਦੇ ਦਿੱਤਾ ਹੈ।

ਫਰਾਂਸ ਦੇ ਸਾਬਕਾ ਸੱਭਿਆਚਾਰ ਮੰਤਰੀ ਜੈਕ ਲੈਂਗ ਦੀਆਂ ਮੁਸ਼ਕਿਲਾਂ ਸਭ ਤੋਂ ਵੱਧ ਵਧੀਆਂ ਹਨ। ਫਾਈਲਾਂ ਵਿਚ ਉਨ੍ਹਾਂ ਦਾ ਨਾਂ 600 ਤੋਂ ਵੱਧ ਵਾਰ ਆਉਣ ਕਾਰਨ ਉਨ੍ਹਾਂ ਨੂੰ 'ਅਰਬ ਵਰਲਡ ਇੰਸਟੀਚਿਊਟ' ਦੇ ਪ੍ਰਧਾਨ ਦੇ ਅਹੁਦੇ ਤੋਂ ਅਸਤੀਫ਼ਾ ਦੇਣਾ ਪਿਆ। ਉਨ੍ਹਾਂ ਦੀ ਬੇਟੀ ਕੈਰੋਲਾਈਨ ਲੈਂਗ ਨੇ ਵੀ ਆਪਣੇ ਅਹੁਦੇ ਤੋਂ ਕਿਨਾਰਾ ਕਰ ਲਿਆ ਹੈ।

ਐਪਸਟਾਈਨ ਫਾਈਲਜ਼ 'ਚ ਨਾਂ ਆਉਣ ਮਗਰੋਂ ਨਾਰਵੇ ਦੇ ਸਾਬਕਾ ਪ੍ਰਧਾਨ ਮੰਤਰੀ ਥੋਰਬਜੋਰਨ ਜੈਗਲੈਂਡ ਵਿਰੁੱਧ ਭ੍ਰਿਸ਼ਟਾਚਾਰ ਦੀ ਜਾਂਚ ਸ਼ੁਰੂ ਹੋ ਗਈ ਹੈ। ਇੱਥੋਂ ਤੱਕ ਕਿ ਨਾਰਵੇ ਦੀ ਰਾਜਕੁਮਾਰੀ ਮੈਟੇ-ਮੈਰਿਟ ਨੇ ਵੀ ਐਪਸਟਾਈਨ ਨਾਲ ਸੰਪਰਕ ਹੋਣ 'ਤੇ ਜਨਤਕ ਤੌਰ 'ਤੇ ਮੁਆਫੀ ਮੰਗੀ ਹੈ। ਉੱਥੇ ਹੀ ਸਵੀਡਨ 'ਚ ਸੰਯੁਕਤ ਰਾਸ਼ਟਰ ਦੀ ਸੰਸਥਾ ਦੀ ਮੁਖੀ ਜੋਆਨਾ ਰੁਬਿਨਸਟੀਨ ਨੇ ਵੀ ਅਸਤੀਫ਼ਾ ਦੇ ਦਿੱਤਾ ਹੈ।

ਅਮਰੀਕਾ ਵਿਚ ਦੁਨੀਆਂ ਦੀ ਮਸ਼ਹੂਰ ਲਾਅ ਫਰਮ 'ਪੌਲ, ਵੀਸ' ਦੇ ਚੇਅਰਮੈਨ ਬ੍ਰੈਡ ਕਾਰਪ ਨੂੰ ਈਮੇਲ ਸੰਪਰਕਾਂ ਦਾ ਖੁਲਾਸਾ ਹੋਣ ਤੋਂ ਬਾਅਦ ਅਹੁਦਾ ਛੱਡਣਾ ਪਿਆ। ਸਲੋਵਾਕੀਆ ਵਿਚ ਵੀ ਰਾਸ਼ਟਰੀ ਸੁਰੱਖਿਆ ਸਲਾਹਕਾਰ ਮਿਰੋਸਲਾਵ ਲਾਜਕਾਕ ਨੇ ਆਪਣੀ ਕੁਰਸੀ ਛੱਡ ਦਿੱਤੀ ਹੈ।

ਜ਼ਿਕਰਯੋਗ ਹੈ ਕਿ ਜੈਫਰੀ ਐਪਸਟਾਈਨ, ਜੋ ਕਿ ਇਕ ਮਸ਼ਹੂਰ ਕਾਰੋਬਾਰੀ ਸੀ, ਨੇ ਇਕ ਪ੍ਰਾਈਵੇਟ ਆਈਲੈਂਡ ਖਰੀਦਿਆ ਸੀ, ਜਿੱਥੇ ਉਹ ਨਾਬਾਲਗ ਕੁੜੀਆਂ ਨਾਲ ਗਲਤ ਕੰਮ ਕਰਦੇ ਸਨ। ਇਸ ਕੰਮ 'ਚ ਉਨ੍ਹਾਂ ਦੇ ਨਾਲ ਟਰੰਪ, ਬਿਲ ਕਲਿੰਟਨ ਤੇ ਜਾਰਜ ਬੁਸ਼ ਵਰਗੇ ਦੁਨੀਆਂ ਭਰ ਦੇ ਕਈ ਵੱਡੀਆਂ ਸ਼ਖ਼ਸੀਅਤਾਂ ਦਾ ਨਾਂ ਜੋੜਿਆ ਜਾ ਰਿਹਾ ਹੈ। ਐਪਸਟਾਈਨ ਦੀ ਜੇਲ੍ਹ ਵਿਚ ਹੋਈ ਮੌਤ ਤੋਂ ਬਾਅਦ ਇਹ ਫਾਈਲਾਂ ਇੱਕ ਵੱਡਾ ਰਾਜ਼ ਬਣੀਆਂ ਹੋਈਆਂ ਸਨ। ਹੁਣ ਇਨ੍ਹਾਂ ਦੇ ਜਨਤਕ ਹੋਣ ਨੇ ਇਹ ਸਾਫ਼ ਕਰ ਦਿੱਤਾ ਹੈ ਕਿ ਐਪਸਟਾਈਨ ਦਾ ਜਾਲ ਸਿਰਫ਼ ਕਾਰੋਬਾਰ ਤੱਕ ਸੀਮਤ ਨਹੀਂ ਸੀ, ਸਗੋਂ ਇਸ ਵਿਚ ਦੁਨੀਆਂ ਦੇ ਸਭ ਤੋਂ ਸ਼ਕਤੀਸ਼ਾਲੀ ਨੇਤਾ ਅਤੇ ਕੂਟਨੀਤਕ ਵੀ ਸ਼ਾਮਲ ਸਨ।

# ਅਮਰੀਕਾ 'ਚ ਇਮੀਗ੍ਰੇਸ਼ਨ ਛਾਪਿਆਂ ਦੌਰਾਨ ਗ੍ਰਿਫ਼ਤਾਰ 90 ਭਾਰਤੀਆਂ ਦੀ ਸੂਚੀ ਜਨਤਕ

**ਸੂਚੀ 'ਚ 30 ਪੰਜਾਬੀ ਵੀ ਸ਼ਾਮਲ**

ਵਾਸ਼ਿੰਗਟਨ, (ਪੰਜਾਬ ਮੇਲ)- ਅਮਰੀਕਾ 'ਚ ਇਮੀਗ੍ਰੇਸ਼ਨ ਛਾਪਿਆਂ ਦੌਰਾਨ ਗ੍ਰਿਫ਼ਤਾਰ ਕੀਤੇ ਗਏ 90 ਭਾਰਤੀਆਂ ਦੀ ਸੂਚੀ ਡਿਪਾਰਟਮੈਂਟ ਆਫ਼ ਹੋਮਲੈਂਡ ਸਕਿਓਰਿਟੀ (ਡੀ.ਐੱਚ.ਐੱਸ.) ਵੱਲੋਂ ਜਨਤਕ ਕਰ ਦਿੱਤੀ ਗਈ ਹੈ। ਇਸ ਸੂਚੀ ਵਿਚ ਘੱਟੋ-ਘੱਟ 30 ਪੰਜਾਬੀ ਸ਼ਾਮਲ ਹਨ, ਜੋ ਕਿ ਕਤਲ, ਨਸ਼ਾ ਤਸਕਰੀ, ਲੁੱਟ-ਖੋਹ, ਘਰੇਲੂ ਹਿੰਸਾ ਅਤੇ ਧੋਖਾਧੜੀ ਵਰਗੇ ਗੰਭੀਰ ਅਪਰਾਧਾਂ ਵਿਚ ਦੋਸ਼ੀ ਠਹਿਰਾਏ ਗਏ ਹਨ। ਜਾਣਕਾਰੀ ਅਨੁਸਾਰ, ਇਨ੍ਹਾਂ ਵਿਚੋਂ ਬਹੁਤਿਆਂ ਨੂੰ ਡਿਪੋਰਟ ਕਰ ਦਿੱਤਾ ਗਿਆ ਹੈ ਅਤੇ ਬਾਕੀਆਂ ਨੂੰ ਵੀ ਜਲਦੀ ਦੇਸ਼ ਨਿਕਾਲਾ ਦਿੱਤਾ ਜਾ ਰਿਹਾ ਹੈ।

ਏਜੰਟਾਂ ਦੇ ਅੜਿੱਕੇ ਆਏ ਭਾਰਤੀਆਂ ਦੀ ਸੂਚੀ 'ਚ ਜਿਨ੍ਹਾਂ ਪ੍ਰਮੁੱਖ ਭਾਰਤੀਆਂ ਦੇ ਨਾਂ ਸਾਹਮਣੇ ਆਏ ਹਨ, ਉਨ੍ਹਾਂ ਵਿਚ ਕੁਲਦੀਪ ਸਿੰਘ, ਹਰਜਿੰਦਰ ਸਿੰਘ, ਹਰਪ੍ਰੀਤ ਸਿੰਘ, ਅੰਮ੍ਰਿਤਪਾਲ ਸਿੰਘ, ਗੁਰਪਿੰਦਰ ਸਿੰਘ, ਸੁਖਦੇਵ ਸਿੰਘ, ਬਲਜਿੰਦਰ ਸਿੰਘ ਅਵੀ ਪਟੇਲ, ਉਦਿਤ ਮਹਿਰਾ, ਦਰਸ਼ਨ ਕੁਮਾਰ ਪਟੇਲ, ਪ੍ਰਦੀਪ ਪਟੇਲ, ਭਾਵੇਸ਼ ਕੁਮਾਰ ਸ਼ੁਕਲਾ, ਬ੍ਰਿਜੇਸ਼ ਗੋਇਲ, ਰਾਜੇਸ਼ ਕੁਮਾਰ, ਰਫ਼ੀਕ ਅਲੀ ਵੀਰਾਨੀ, ਸੁਸ਼ੀਲ ਕੁਮਾਰ, ਕੁਨਾਲ ਛੇਤਰੀ, ਮਨੀਸ਼ ਕੁਮਾਰ, ਸ਼ੁਭਮ ਮਿੱਤਲ, ਇਰਫ਼ਾਨ ਅਲੀ ਮੋਮਿਨ, ਮੁਹੰਮਦ ਮੋਹਸਿਨ ਅਤੇ ਮੀਤ ਪਟੇਲ ਆਦਿ ਸ਼ਾਮਲ ਹਨ।

ਸੂਤਰਾਂ ਅਨੁਸਾਰ, ਅਵਤਾਰ ਸਿੰਘ ਢਿੱਲੋਂ ਨੂੰ ਬੋਸਟਨ ਦੀ ਅਦਾਲਤ ਨੇ ਦਸੰਬਰ 2024 ਵਿਚ ਫਰੌਡ ਦੇ ਮਾਮਲੇ ਵਿਚ ਚਾਰ ਮਹੀਨੇ ਦੀ ਕੈਦ ਸੁਣਾਈ ਸੀ। ਉਸ ਵਿਰੁੱਧ ਕੈਨੇਡਾ ਵਿਚ ਵੀ ਨਸ਼ਾ ਤਸਕਰੀ ਦੇ ਮਾਮਲੇ ਚੱਲ ਰਹੇ ਹਨ। ਇੱਕ ਹੋਰ ਮਾਮਲੇ ਵਿਚ, ਅਜੇਪਾਲ ਢਿੱਲੋਂ ਨੂੰ ਪੀਸ ਬ੍ਰਿਜ 'ਤੇ 948 ਕਿਲੋ ਕੈਨਾਬਿਸ (ਭੰਗ) ਅਤੇ 50 ਕਿਲੋ ਕੇਟਾਮੀਨ ਸਮੇਤ ਗ੍ਰਿਫ਼ਤਾਰ ਕੀਤਾ ਗਿਆ ਸੀ, ਜਿਸ ਨੂੰ ਹੁਣ ਕੈਨੇਡਾ ਡਿਪੋਰਟ ਕਰਨ ਦੀ ਤਿਆਰੀ ਕੀਤੀ ਜਾ ਰਹੀ ਹੈ।

ਡੀ.ਐੱਚ.ਐੱਸ. ਦਾ ਕਹਿਣਾ ਹੈ ਕਿ ਹੁਣ ਤੱਕ ਅਮਰੀਕਾ ਵਿਚ 25 ਹਜ਼ਾਰ ਤੋਂ ਵੱਧ ਅਪਰਾਧੀਆਂ ਨੂੰ ਕਾਬੂ ਕੀਤਾ ਜਾ ਚੁੱਕਾ ਹੈ। ਹਾਲਾਂਕਿ, ਨਿਊਯਾਰਕ ਅਤੇ ਕੈਲੀਫੋਰਨੀਆ ਵਰਗੇ ਸੂਬਿਆਂ ਵਿਚ ਸਥਾਨਕ ਸਰਕਾਰਾਂ ਵੱਲੋਂ ਅਪਰਾਧੀਆਂ ਨੂੰ ਰਿਹਾਅ ਕੀਤੇ ਜਾਣ ਕਾਰਨ ਵਿਵਾਦ ਖੜ੍ਹਾ ਹੋ ਗਿਆ ਹੈ।

ਨਿਊਯਾਰਕ ਵਿਚ 20 ਜਨਵਰੀ ਤੋਂ ਬਾਅਦ ਲਗਭਗ 7,000 ਅਪਰਾਧੀਆਂ ਨੂੰ ਜੇਲ੍ਹਾਂ ਵਿਚੋਂ ਰਿਹਾਅ ਕੀਤਾ ਗਿਆ, ਜਿਨ੍ਹਾਂ ਵਿਚ ਕਾਤਲ, ਰੇਪ ਅਤੇ ਨਸ਼ਾ ਤਸਕਰ ਸ਼ਾਮਲ ਸਨ। ਇਸੇ ਤਰ੍ਹਾਂ ਕੈਲੀਫੋਰਨੀਆ ਵਿਚ ਵੀ 4,560 ਤੋਂ ਵੱਧ ਗੈਰ-ਕਾਨੂੰਨੀ ਪ੍ਰਵਾਸੀ ਅਪਰਾਧੀਆਂ ਨੂੰ ਰਿਹਾਅ ਕੀਤਾ ਗਿਆ ਹੈ। ਟਰੰਪ ਸਰਕਾਰ ਅਤੇ ICE ਦੇ ਅਧਿਕਾਰੀਆਂ ਨੇ ਸੂਬਾ ਸਰਕਾਰਾਂ ਨੂੰ ਅਪੀਲ ਕੀਤੀ ਹੈ ਕਿ ਉਹ ਅਜਿਹੇ ਅਪਰਾਧੀਆਂ ਨੂੰ ਡਿਪੋਰਟ ਕਰਨ ਵਿਚ ਮਦਦ ਕਰਨ ਅਤੇ ਉਨ੍ਹਾਂ ਨੂੰ ICE ਦੇ ਸਪੁਰਦ ਕਰਨ।

# ਕੈਨੇਡੀਅਨ ਪੁਲਿਸ ਸਾਰਜੈਂਟ ਹਰਿੰਦਰ ਸੋਹੀ 6 ਮਹੀਨਿਆਂ ਲਈ ਹੋਏ ਡਿਮੋਟ!




ਓਨਟਾਰੀਓ, (ਪੰਜਾਬ ਮੇਲ)- ਕੈਨੇਡਾ ਦੀ ਪੀਲ ਰੀਜਨਲ ਪੁਲਿਸ ਦੇ ਸਾਰਜੈਂਟ ਹਰਿੰਦਰ ਸੋਹੀ ਨੂੰ ਨਵੰਬਰ 2024 ਵਿਚ ਬਰੈਂਪਟਨ ਦੇ ਹਿੰਦੂ ਸਭਾ ਮੰਦਰ ਦੇ ਬਾਹਰ ਖਾਲਿਸਤਾਨ ਪੱਖੀ ਪ੍ਰਦਰਸ਼ਨ ਵਿਚ ਸ਼ਾਮਲ ਹੋਣ ਕਾਰਨ ਸਜ਼ਾ ਵਜੋਂ 6 ਮਹੀਨਿਆਂ ਲਈ ਡਿਮੋਟ ਕਰ ਦਿੱਤਾ ਗਿਆ ਹੈ।

ਓਨਟਾਰੀਓ ਪੁਲਿਸ ਆਰਬਿਟਰੇਸ਼ਨ ਐਂਡ ਐਡਜੂਡੀਕੇਸ਼ਨ ਕਮਿਸ਼ਨ ਨੇ ਫੈਸਲਾ ਸੁਣਾਇਆ ਹੈ ਕਿ ਸੋਹੀ ਨੂੰ 6 ਮਹੀਨਿਆਂ ਲਈ ਫਸਟ ਕਲਾਸ ਕਾਂਸਟੇਬਲ ਦੇ ਰੈਂਕ 'ਤੇ ਰੱਖਿਆ ਜਾਵੇਗਾ। ਇਸ ਮਿਆਦ ਤੋਂ ਬਾਅਦ, ਉਹ ਦੁਬਾਰਾ ਆਪਣੇ ਪੁਰਾਣੇ ਰੈਂਕ ਅਤੇ ਪੂਰੀ ਤਨਖਾਹ 'ਤੇ ਵਾਪਸ ਆ ਜਾਵੇਗਾ।

ਜਾਂਚ ਵਿਚ ਪਾਇਆ ਗਿਆ ਕਿ ਅਧਿਕਾਰੀ ਦਾ ਅਜਿਹਾ ਵਿਵਹਾਰ ਪੁਲਿਸ ਦੀ ਪੇਸ਼ੇਵਰਤਾ ਅਤੇ ਜਨਤਕ ਭਰੋਸੇ ਨੂੰ ਠੇਸ ਪਹੁੰਚਾਉਣ ਵਾਲਾ ਸੀ। ਇਹ ਵੀ ਸਾਹਮਣੇ ਆਇਆ ਕਿ ਸੋਹੀ ਇਸ ਘਟਨਾ ਤੋਂ ਦੋ ਹਫ਼ਤੇ ਪਹਿਲਾਂ ਟੋਰਾਂਟੋ ਵਿਚ ਹੋਏ ਇੱਕ ਹੋਰ ਪ੍ਰਦਰਸ਼ਨ ਵਿਚ ਵੀ ਸਰਗਰਮ ਸੀ।

ਹਿੰਦੂ ਭਾਈਚਾਰੇ ਨੇ ਇਸ ਫੈਸਲੇ ਨੂੰ ਬਹੁਤ ਨਰਮ ਦੱਸਦਿਆਂ ਇਸ ਦੀ ਸਖ਼ਤ ਨਿੰਦਾ ਕੀਤੀ ਹੈ। ਕੈਨੇਡੀਅਨ ਆਰਗੇਨਾਈਜ਼ੇਸ਼ਨ ਫਾਰ ਹਿੰਦੂ ਹੈਰੀਟੇਜ ਐਜੂਕੇਸ਼ਨ ਨੇ ਕਿਹਾ ਕਿ ਸੋਹੀ ਨੂੰ ਦਿੱਤੀ ਗਈ ਇਹ ਮਾਮੂਲੀ ਸਜ਼ਾ ਭਾਈਚਾਰੇ ਦੇ ਮੂੰਹ 'ਤੇ ਚਪੇੜ ਵਾਂਗ ਹੈ। ਉਨ੍ਹਾਂ ਮੰਗ ਕੀਤੀ ਹੈ ਕਿ ਅਜਿਹੇ ਵਿਵਹਾਰ ਲਈ ਅਧਿਕਾਰੀ ਨੂੰ ਨੌਕਰੀ ਤੋਂ ਬਰਖਾਸਤ ਕੀਤਾ ਜਾਣਾ ਚਾਹੀਦਾ ਸੀ।

ਜ਼ਿਕਰਯੋਗ ਹੈ ਕਿ ਪਿਛਲੇ ਸਾਲ ਹੋਇਆ ਇਹ ਪ੍ਰਦਰਸ਼ਨ ਹਿੰਸਕ ਹੋ ਗਿਆ ਸੀ ਅਤੇ ਇਸ ਵਿਚ ਕੁਝ ਲੋਕਾਂ ਨੇ ਮੰਦਰ ਦੇ ਅੰਦਰ ਦਾਖਲ ਹੋ ਕੇ ਵੀ ਹਮਲਾ ਕੀਤਾ ਸੀ, ਜਿਸ ਕਾਰਨ ਕੈਨੇਡਾ ਵਿਚ ਹਿੰਦੂ ਭਾਈਚਾਰੇ ਦੀ ਸੁਰੱਖਿਆ ਨੂੰ ਲੈ ਕੇ ਗੰਭੀਰ ਸਵਾਲ ਖੜ੍ਹੇ ਹੋ ਗਏ ਹਨ।

## ਅਮਰੀਕਾ 'ਚ ਭਾਰਤੀ ਨੌਜਵਾਨ ਫਲਾਈਟ ਦੌਰਾਨ ਮਹਿਲਾ ਨਾਲ ਅਸ਼ਲੀਲ ਹਰਕਤਾਂ ਕਰਨ ਦਾ ਦੋਸ਼ੀ ਕਰਾਰ

ਨਿਊਯਾਰਕ, (ਪੰਜਾਬ ਮੇਲ)- ਅਮਰੀਕਾ 'ਚ ਇੱਕ ਭਾਰਤੀ ਨਾਗਰਿਕ ਨੂੰ ਫਲਾਈਟ ਦੌਰਾਨ ਇੱਕ ਮਹਿਲਾ ਯਾਤਰੀ ਨਾਲ ਜਿਨਸੀ ਸ਼ੋਸ਼ਣ ਅਤੇ ਹਮਲਾ ਕਰਨ ਦੇ ਦੋਸ਼ ਵਿਚ ਦੋਸ਼ੀ ਕਰਾਰ ਦਿੱਤਾ ਗਿਆ ਹੈ। ਦੋਸ਼ੀ ਦੀ ਪਛਾਣ ਵਰੁਣ ਅਰੋੜਾ (38) ਵਜੋਂ ਹੋਈ ਹੈ, ਜੋ ਅਮਰੀਕਾ ਵਿਚ ਗੈਰ-ਕਾਨੂੰਨੀ ਤਰੀਕੇ ਨਾਲ ਰਹਿ ਰਿਹਾ ਸੀ। ਅਦਾਲਤੀ ਰਿਕਾਰਡ ਅਨੁਸਾਰ, ਇਹ ਘਟਨਾ ਅਗਸਤ 2024 ਦੀ ਹੈ। ਰੋਡ ਆਈਲੈਂਡ ਇੰਟਰਨੈਸ਼ਨਲ ਏਅਰਪੋਰਟ ਤੋਂ ਵਾਸ਼ਿੰਗਟਨ ਜਾ ਰਹੀ ਇੱਕ ਫਲਾਈਟ ਵਿਚ, ਜਦੋਂ ਜਹਾਜ਼ ਲੈਂਡ ਕਰਨ ਵਾਲਾ ਸੀ, ਤਾਂ ਇੱਕ ਮਹਿਲਾ ਯਾਤਰੀ ਦੀ ਅਚਾਨਕ ਅੱਖ ਖੁੱਲ੍ਹ ਗਈ। ਉਸਨੇ ਦੇਖਿਆ ਕਿ ਅਰੋੜਾ ਉਸ ਨਾਲ ਅਸ਼ਲੀਲ ਹਰਕਤਾਂ ਕਰ ਰਿਹਾ ਸੀ।

# ਇਮੀਗ੍ਰੇਸ਼ਨ ਅਫਸਰਾਂ ਲਈ ਬਾਡੀ ਕੈਮਰਾ ਪਹਿਨਣਾ ਜ਼ਰੂਰੀ : ਨੋਏਮ

ਸੈਕਰਾਮੈਂਟੋ, (ਹੁਸਨ ਲੜੋਆ ਬੰਗਾ/ਪੰਜਾਬ ਮੇਲ)- ਸੁਰੱਖਿਆ ਸਕੱਤਰ ਕ੍ਰਿਸਟੀ ਨੋਏਮ ਨੇ ਐਲਾਨ ਕੀਤਾ ਹੈ ਕਿ ਮਿਨੀਆਪੋਲਿਸ ਵਿਚ ਤਾਇਨਾਤ ਇਮੀਗ੍ਰੇਸ਼ਨ ਅਫਸਰਾਂ ਲਈ ਬਾਡੀ ਕੈਮਰਾ ਪਹਿਨਣਾ ਜ਼ਰੂਰੀ ਹੈ। ਟਰੰਪ ਪ੍ਰਸ਼ਾਸਨ ਨੇ ਇਹ ਕਦਮ ਹਾਲ ਹੀ ਵਿਚ ਇਮੀਗ੍ਰੇਸ਼ਨ ਕਾਰਵਾਈ ਦੌਰਾਨ ਹੋਈਆਂ ਗੋਲੀਬਾਰੀ ਦੀਆਂ 2 ਘਟਨਾਵਾਂ ਜਿਨ੍ਹਾਂ ਵਿਚ 2 ਲੋਕ ਮਾਰੇ ਗਏ ਸਨ, ਤੋਂ ਬਾਅਦ ਡੈਮਕਰੈਟਸ ਦੁਆਰਾ ਕੀਤੀ ਮੰਗ ਤੇ ਹੋਏ ਪ੍ਰਦਰਸ਼ਨਾਂ ਦੇ ਮੱਦੇਨਜ਼ਰ ਚੁੱਕਿਆ ਹੈ।



ਨੋਏਮ ਨੇ ਕਿਹਾ ਹੈ ਕਿ ਇਮੀਗ੍ਰੇਸ਼ਨ ਅਫਸਰ ਤੁਰੰਤ ਬਾਡੀ ਕੈਮਰਾ ਪਹਿਨਣਾ ਸ਼ੁਰੂ ਕਰ ਦੇਣਗੇ। ਐਕਸ ਉਪਰ ਪਾਏ ਆਪਣੇ ਬਿਆਨ ਵਿਚ ਨੋਏਮ ਨੇ ਕਿਹਾ ਹੈ ਕਿ ਮਿਨੀਆਪੋਲਿਸ ਵਿਚ ਤਾਇਨਾਤ ਹਰ ਇਮੀਗ੍ਰੇਸ਼ਨ ਅਫਸਰ ਨੂੰ ਫੌਰੀ ਬਾਡੀ ਕੈਮਰਾ ਪਹਿਨਣਾ ਹੋਵੇਗਾ ਤੇ ਇਸ ਕੈਮਰਾ ਪ੍ਰੋਗਰਾਮ ਨੂੰ ਪੂਰੇ ਦੇਸ਼ ਵਿਚ ਲਾਗੂ ਕੀਤਾ ਜਾਵੇਗਾ। ਇਸ ਤੋਂ ਪਹਿਲਾਂ ਟਰੰਪ ਨੇ ਕਿਹਾ ਸੀ ਕਿ ਉਨ੍ਹਾਂ ਨੇ ਬਾਡੀ ਕੈਮਰੇ ਬਾਰੇ ਨਿਰਣਾ ਨੋਏਮ ਉਪਰ ਛੱਡ ਦਿੱਤਾ ਹੈ।

# ਅਮਰੀਕੀ ਉਤਪਾਦਾਂ ਦੇ ਬਾਈਕਾਟ ਲਈ ਮਦਦਗਾਰ ਬਣੀ ਐਪ

**ਕੂਟਨੀਤਕ ਤਣਾਅ ਤੋਂ ਬਾਅਦ ਡੈਨਮਾਰਕ ਤੇ ਹੋਰ ਦੇਸ਼ਾਂ ਦੀ ਐਪ 'ਚ ਦਿਲਚਸਪੀ ਵਧੀ**

ਕੋਪਨਹੈਗਨ, (ਪੰਜਾਬ ਮੇਲ)- ਖਰੀਦਦਾਰਾਂ ਨੂੰ ਅਮਰੀਕੀ ਵਸਤਾਂ ਦੀ ਪਛਾਣ ਕਰਨ ਅਤੇ ਉਨ੍ਹਾਂ ਦਾ ਬਾਈਕਾਟ ਕਰਨ ਵਿਚ ਮਦਦ ਕਰਨ ਲਈ ਬਣਾਈਆਂ ਗਈਆਂ ਮੋਬਾਈਲ ਐਪਸ ਦੇ ਨਿਰਮਾਤਾਵਾਂ ਅਨੁਸਾਰ ਅਮਰੀਕੀ ਰਾਸ਼ਟਰਪਤੀ ਡੋਨਲਡ ਟਰੰਪ ਵੱਲੋਂ ਗਰੀਨਲੈਂਡ ਨੂੰ ਖਰੀਦਣ ਦੀ ਇੱਛਾ ਕਾਰਨ ਪੈਦਾ ਹੋਏ ਕੂਟਨੀਤਕ ਤਣਾਅ ਤੋਂ ਬਾਅਦ ਡੈਨਮਾਰਕ ਅਤੇ ਹੋਰ ਦੇਸ਼ਾਂ ਵਿਚ ਇਨ੍ਹਾਂ ਐਪਸ ਪ੍ਰਤੀ ਲੋਕਾਂ ਦੀ ਦਿਲਚਸਪੀ ਵਿਚ ਭਾਰੀ ਉਛਾਲ ਆਇਆ ਹੈ।

'ਮੇਡ ਓ'ਮੀਟਰ' ਐਪ ਤਿਆਰ ਕਰਨ ਵਾਲੇ ਇਆਨ ਰੋਜ਼ਨਫੈਲਡ ਨੇ ਦੱਸਿਆ ਕਿ ਜਨਵਰੀ ਦੇ ਅਖੀਰ ਵਿਚ ਜਦੋਂ ਅਮਰੀਕਾ ਅਤੇ ਯੂਰਪ ਵਿਚਾਲੇ ਰਿਸ਼ਤੇ ਤਣਾਅਪੂਰਨ ਸਨ, ਤਾਂ ਸਿਰਫ਼ ਤਿੰਨ ਦਿਨਾਂ ਅੰਦਰ ਹੀ ਇਸ ਮੁਫ਼ਤ ਐਪ ਨੂੰ ਲਗਭਗ 30 ਹਜ਼ਾਰ ਵਾਰ ਡਾਊਨਲੋਡ ਕੀਤਾ ਗਿਆ ਸੀ। ਮਾਰਚ ਵਿਚ ਇਸ ਦੇ ਲਾਂਚ ਹੋਣ ਤੋਂ ਬਾਅਦ ਹੁਣ ਤੱਕ ਕੁੱਲ ਡਾਊਨਲੋਡਾਂ ਦੀ ਗਿਣਤੀ ਇੱਕ ਲੱਖ ਤੋਂ ਪਾਰ ਹੋ ਚੁੱਕੀ ਹੈ।



ਡੈਨਮਾਰਕ ਦੇ ਵਿਦੇਸ਼ ਮੰਤਰੀ, ਲਾਰਜ਼ ਲੋਕੀ ਰਾਸਮੁਸਨ, ਗਰੀਨਲੈਂਡ ਦੇ ਵਿਦੇਸ਼ ਮੰਤਰੀ ਵਿਵਿਅਨ ਮੋਜ਼ਫੈਲਟ ਤੇ ਕੈਨੇਡਾ ਦੀ ਵਿਦੇਸ਼ ਮੰਤਰੀ ਅਨੀਤਾ ਆਨੰਦ ਨੂਕ ਵਿਚ ਖੋਲ੍ਹੇ ਗਏ ਕੈਨੇਡੀਅਨ ਕੌਂਸਲਖਾਨੇ ਸਾਹਮਣੇ ਖੜ੍ਹੇ ਹੋਏ।

ਕੋਪਨਹੈਗਨ ਦੇ ਰਹਿਣ ਵਾਲੇ ਅਤੇ ਡਿਜੀਟਲ ਮਾਰਕੀਟਿੰਗ ਖੇਤਰ ਵਿਚ ਕੰਮ ਕਰਨ ਵਾਲੇ 53 ਸਾਲਾ ਰੋਜ਼ਨਫੈਲਡ ਨੇ ਇਹ ਐਪ ਬਣਾਉਣ ਦੀ ਯੋਜਨਾ ਸਾਲ ਪਹਿਲਾਂ ਉਦੋਂ ਬਣਾਈ ਸੀ, ਜਦੋਂ ਉਹ ਅਮਰੀਕੀ ਸਾਮਾਨ ਦਾ ਬਾਈਕਾਟ ਕਰਨ ਦੀ ਇੱਛਾ ਰੱਖਣ ਵਾਲੇ ਡੈਨਮਾਰਕ ਦੇ ਲੋਕਾਂ ਦੇ ਫੇਸਬੁੱਕ ਗਰੁੱਪ ਵਿਚ ਸ਼ਾਮਲ ਹੋਇਆ ਸੀ। ਉਸ ਸਮੇਂ ਬਹੁਤ ਸਾਰੇ ਲੋਕ ਨਿਰਾਸ਼ ਸਨ ਅਤੇ ਇਹ ਸੋਚ ਰਹੇ ਸਨ ਕਿ ਅਮਲੀ ਤੌਰ 'ਤੇ ਇਹ ਕਿਵੇਂ ਪਤਾ ਲਾਇਆ ਜਾਵੇ ਕਿ ਕਿਹੜਾ ਉਤਪਾਦ ਅਮਰੀਕੀ ਹੈ, ਕਿਉਂਕਿ ਆਮ ਬਾਰਕੋਡ ਸਕੈਨਰ ਨਾਲ ਅਮਰੀਕੀ ਤੇ ਡੈਨਿਸ਼ ਉਤਪਾਦਾਂ ਵਿਚ ਫਰਕ ਕਰਨਾ ਮੁਸ਼ਕਲ ਹੁੰਦਾ ਹੈ।

'ਮੇਡ ਓ'ਮੀਟਰ' ਦੀ ਨਵੀਂ ਐਪ ਮਸਨੂਈ ਬੌਧਿਕਤਾ (ਏ.ਆਈ.) ਦੀ ਵਰਤੋਂ ਕਰਦੀ ਹੈ, ਜੋ ਇੱਕੋ ਸਮੇਂ ਕਈ ਉਤਪਾਦਾਂ ਦੀ ਪਛਾਣ ਅਤੇ ਵਿਸ਼ਲੇਸ਼ਣ ਕਰ ਸਕਦੀ ਹੈ ਅਤੇ ਫਿਰ ਉਨ੍ਹਾਂ ਬਦਲੇ ਯੂਰਪ ਵਿਚ ਬਣੇ ਉਤਪਾਦਾਂ ਦੀ ਸਿਫ਼ਾਰਸ਼ ਕਰਦੀ ਹੈ।

ਰੋਜ਼ਾਨਾਂ ਤਾਜ਼ੀਆਂ ਖਬਰਾਂ ਪੜ੍ਹਨ ਲਈ ਪੰਜਾਬ ਮੇਲ ਦੀ ਵੈੱਬਸਾਈਟ 'ਤੇ ਕਲਿੱਕ ਕਰੋ :
www.punjabmailusa.com

# ਅਮਰੀਕਾ ਦੇ ਓਰੇਗਨ 'ਚ ਵਾਰੰਟ ਤੋਂ ਬਿਨਾਂ ਗ੍ਰਿਫ਼ਤਾਰੀ 'ਤੇ ਰੋਕ

ਪੋਰਟਲੈਂਡ (ਅਮਰੀਕਾ), (ਪੰਜਾਬ ਮੇਲ)- ਇਥੋਂ ਦੀ ਇਕ ਅਦਾਲਤ ਨੇ ਕਿਹਾ ਕਿ ਓਰੇਗਨ 'ਚ ਜਦੋਂ ਤੱਕ ਸ਼ੱਕੀ ਵਿਅਕਤੀ ਭੱਜਣ ਦੀ ਕੋਸ਼ਿਸ਼ ਨਾ ਕਰਨ, ਉਦੋਂ ਤੱਕ ਅਮਰੀਕੀ ਇਮੀਗ੍ਰੇਸ਼ਨ ਏਜੰਟ ਬਿਨਾਂ ਵਾਰੰਟ ਦੇ ਇਨ੍ਹਾਂ ਨੂੰ ਗ੍ਰਿਫ਼ਤਾਰ ਨਾ ਕਰਨ। ਇਸ ਸਬੰਧੀ ਅਦਾਲਤ ਨੇ ਫੈਸਲਾ ਸੁਣਾਉਂਦਿਆਂ ਕਿਹਾ ਕਿ ਇਸ ਵਰਤਾਰੇ ਕਾਰਨ ਲੋਕਾਂ ਵਿਚ ਰੋਸ ਹੈ। ਯੂ.ਐੱਸ. ਜ਼ਿਲ੍ਹਾ ਜੱਜ ਮੁਸਤਫ਼ਾ ਕਸੂਬਾਈ ਨੇ ਕਿਹਾ ਕਿ ਜੇ ਇਸ ਸਬੰਧੀ ਲੋਕ ਪੁਲਿਸ ਨਾਲ ਸਹਿਯੋਗ ਕਰ ਰਹੇ ਹਨ, ਤਾਂ ਉਨ੍ਹਾਂ 'ਤੇ ਸਖ਼ਤੀ ਨਾ ਕੀਤੀ ਜਾਵੇ। ਇਸ ਤੋਂ ਪਹਿਲਾਂ ਹੋਮਲੈਂਡ ਸਕਿਓਰਿਟੀ ਵਿਭਾਗ ਨੇ ਗੈਰ-ਕਾਨੂੰਨੀ ਢੰਗ ਨਾਲ ਰਹਿ ਰਹੇ ਪ੍ਰਵਾਸੀਆਂ ਖ਼ਿਲਾਫ਼ ਕਾਰਵਾਈ ਤੇਜ਼ ਕੀਤੀ ਸੀ। ਇਹ ਮੁਹਿੰਮ ਰਾਸ਼ਟਰਪਤੀ ਡੋਨਲਡ ਟਰੰਪ ਦੇ ਦੇਸ਼ ਵਿਚ ਗੈਰ-ਕਾਨੂੰਨੀ ਢੰਗ ਨਾਲ ਰਹਿ ਰਹੇ ਲੋਕਾਂ ਨੂੰ ਅਮਰੀਕਾ ਤੋਂ ਡਿਪੋਰਟ ਕਰਨ ਦੀ ਕੋਸ਼ਿਸ਼ ਦਾ ਹਿੱਸਾ ਹੈ।

ਯੂ.ਐੱਸ. ਇਮੀਗ੍ਰੇਸ਼ਨ ਅਤੇ ਕਸਟਮਜ਼ ਇਨਫੋਰਸਮੈਂਟ ਦੇ ਕਾਰਜਕਾਰੀ ਮੁਖੀ ਟੌਡ ਲਿਓਨਜ਼ ਨੇ ਪਹਿਲਾਂ ਜ਼ੋਰ ਦੇ ਕੇ ਕਿਹਾ ਸੀ ਕਿ ਏਜੰਟਾਂ ਨੂੰ ਇਸ ਸਬੰਧੀ ਜਾਰੀ ਕੀਤੇ ਗਏ ਪ੍ਰਸ਼ਾਸਕੀ ਗ੍ਰਿਫ਼ਤਾਰੀ ਵਾਰੰਟ ਤੋਂ ਬਿਨਾਂ ਗ੍ਰਿਫ਼ਤਾਰੀ ਨਹੀਂ ਕਰਨੀ ਚਾਹੀਦੀ।

# ਡਾਕਟਰ ਓਬਰਾਏ ਨੇ ਵੱਖ-ਵੱਖ ਬੀਮਾਰੀਆਂ ਤੋਂ ਪੀੜਤ ਮਰੀਜ਼ਾਂ ਦੀ ਫੜੀ ਬਾਂਹ; ਦਿੱਤੀ ਵਿੱਤੀ ਸਹਾਇਤਾ



**ਸ੍ਰੀ ਮੁਕਤਸਰ ਸਾਹਿਬ, (ਪੰਜਾਬ ਮੇਲ)**- ਡਾਕਟਰ ਐੱਸ.ਪੀ. ਸਿੰਘ ਓਬਰਾਏ ਵਲੋਂ ਮਾਨਵਤਾ ਦੀ ਭਲਾਈ ਲਈ ਕੀਤੇ ਜਾ ਰਹੇ ਕਾਰਜਾਂ ਦੀ ਲੜੀ ਤਹਿਤ ਸ੍ਰੀ ਮੁਕਤਸਰ ਸਾਹਿਬ ਵਿਖੇ 14 ਲੋੜਵੰਦ ਮਰੀਜ਼ਾਂ ਨੂੰ ਦਵਾਈਆਂ ਖਰੀਦਣ ਲਈ 16750 ਰੁਪੈ ਦੀ ਸਹਾਇਤਾ ਰਾਸ਼ੀ ਦਿੱਤੀ ਗਈ।

ਅਰਵਿੰਦਰ ਪਾਲ ਸਿੰਘ ਚਾਹਲ ਬੂੜਾ ਗੁੱਜਰ ਜ਼ਿਲ੍ਹਾ ਪ੍ਰਧਾਨ ਸ੍ਰੀ ਮੁਕਤਸਰ ਸਾਹਿਬ ਨੇ ਦੱਸਿਆ ਕਿ ਇਹ ਲੋੜਵੰਦ ਮਰੀਜ਼ ਵੱਖ-ਵੱਖ ਬੀਮਾਰੀਆਂ ਤੋਂ ਪੀੜਤ ਹਨ। ਇਨ੍ਹਾਂ ਕੋਲ ਡਾਕਟਰ ਦੀ ਪਰਚੀ ਤਾਂ ਹੈ, ਪਰ ਦਵਾਈਆਂ ਖਰੀਦਣ ਲਈ ਪੈਸੇ ਨਹੀਂ ਹਨ ਅਤੇ ਬੀਮਾਰੀਆਂ ਕਾਰਨ ਕੰਮ ਕਰਨ ਤੋਂ ਵੀ ਅਸਮਰੱਥ ਹਨ। ਜ਼ਿਲ੍ਹਾ ਪ੍ਰਧਾਨ ਨੇ ਦੱਸਿਆ ਕਿ ਇਨ੍ਹਾਂ ਮਰੀਜ਼ਾਂ ਦੇ ਹਾਲਾਤ ਨੂੰ ਦੇਖਦੇ ਹੋਏ ਇਨ੍ਹਾਂ ਦੀ ਦਵਾਈਆਂ ਦੀ ਪਰਚੀ ਮੁਤਾਬਕ ਟਰੱਸਟ ਦੀਆਂ ਹਦਾਇਤਾਂ ਅਨੁਸਾਰ ਡਾ. ਓਬਰਾਏ ਨੂੰ ਬੇਨਤੀ



ਡਾ. ਐੱਸ.ਪੀ. ਸਿੰਘ ਓਬਰਾਏ।

ਪੱਤਰ ਭੇਜੇ ਗਏ ਸਨ, ਤਾਂ ਉਨ੍ਹਾਂ ਵੱਲੋਂ ਤੁਰੰਤ ਪ੍ਰਵਾਨ ਕਰਨ ਉਪਰੰਤ ਟਰੱਸਟ ਦੀ ਸ੍ਰੀ ਮੁਕਤਸਰ ਸਾਹਿਬ ਟੀਮ ਰਾਹੀਂ ਇਨ੍ਹਾਂ ਨੂੰ ਸਹਾਇਤਾ ਰਾਸ਼ੀ ਦਿੱਤੀ ਗਈ। ਸਹਾਇਤਾ ਰਾਸ਼ੀ ਲੈਣ ਉਪਰੰਤ ਲੋੜਵੰਦ ਮਰੀਜ਼ਾਂ ਵੱਲੋਂ ਡਾ. ਓਬਰਾਏ ਦਾ ਧੰਨਵਾਦ ਕੀਤਾ ਗਿਆ ਅਤੇ ਕਿਹਾ ਕਿ ਇਸ ਉਪਰਾਲੇ ਨਾਲ ਸਾਨੂੰ ਤੰਦਰੁਸਤ ਜੀਵਨ ਬਤੀਤ ਕਰਨ ਦੀ ਉਮੀਦ ਬੱਝੀ ਹੈ। ਇਸ ਮੌਕੇ ਗੁਰਬਿੰਦਰ ਸਿੰਘ ਬਰਾੜ ਇੰਚਾਰਜ ਸਾਊਥ ਵੈਸਟ ਪੰਜਾਬ, ਬਲਵਿੰਦਰ ਸਿੰਘ ਬਰਾੜ ਰਿਟਾ. ਪ੍ਰਿੰਸੀਪਲ, ਗੁਰਪਾਲ ਸਿੰਘ ਪਾਲੀ, ਮਲਕੀਤ ਸਿੰਘ ਰਿਟਾ. ਬੈਂਕ ਮੈਨੇਜਰ ਮੀਤ ਪ੍ਰਧਾਨ, ਜਤਿੰਦਰ ਸਿੰਘ ਕੈਂਥ, ਹਰਭਗਵਾਨ ਸਿੰਘ ਖੱਪਿਆਂਵਾਲ਼ੀ ਵਾਲੀ, ਕਾਲਾ ਖੱਪਿਆਂਵਾਲ਼ੀ ਵਾਲੀ, ਰਣਧੀਰ ਸਿੰਘ ਸਾਗੂ, ਸੁਖਬੀਰ ਸਿੰਘ ਜੈਲਦਾਰ, ਬਰਨੇਕ ਸਿੰਘ ਰਿਟਾ. ਲੈਕਚਰਾਰ, ਸੋਮ ਨਾਥ, ਮਾਸਟਰ ਰਾਜਿੰਦਰ ਸਿੰਘ, ਅਸ਼ੋਕ ਕੁਮਾਰ, ਗੁਰਚਰਨ ਸਿੰਘ ਆਸਟ੍ਰੇਲੀਆ ਵਾਲੇ, ਬਲਜੀਤ ਸਿੰਘ ਮਾਨ ਰਿਟਾ. ਪ੍ਰਿੰਸੀਪਲ, ਸੁਖਦਰਸ਼ਨ ਸਿੰਘ ਬੇਦੀ ਰਿਟਾ. ਜ਼ਿਲ੍ਹਾ ਉੱਪ ਸਿੱਖਿਆ ਅਫ਼ਸਰ, ਗੁਰਜੀਤ ਸਿੰਘ ਜੀਤਾ ਆਦਿ ਹਾਜ਼ਰ ਸਨ।

## ਕਾਂਗਰਸ ਨੇ ਨਵਜੋਤ ਕੌਰ ਸਿੱਧੂ ਨੂੰ ਪਾਰਟੀ 'ਚੋਂ ਕੱਢਿਆ

**ਅੰਮ੍ਰਿਤਸਰ, (ਪੰਜਾਬ ਮੇਲ)**- ਕਾਂਗਰਸ ਦੇ ਪੰਜਾਬ ਮਾਮਲਿਆਂ ਦੇ ਇੰਚਾਰਜ ਭੁਪੇਸ਼ ਬਘੇਲ ਨੇ ਕਾਂਗਰਸੀ ਆਗੂ ਡਾਕਟਰ ਨਵਜੋਤ ਕੌਰ ਸਿੱਧੂ ਬਾਰੇ ਪੁੱਛੇ ਇੱਕ ਸਵਾਲ ਦੇ ਜਵਾਬ ਵਿਚ ਸਾਫ਼ ਕੀਤਾ ਹੈ ਕਿ ਉਨ੍ਹਾਂ ਨੂੰ ਪਾਰਟੀ ਤੋਂ ਬਾਹਰ ਕਰ ਦਿੱਤਾ ਗਿਆ ਹੈ।



ਉਨ੍ਹਾਂ ਆਖਿਆ ਕਿ ਇਸ ਤੋਂ ਪਹਿਲਾਂ ਉਨ੍ਹਾਂ ਨੂੰ ਸਸਪੈਂਡ ਕੀਤਾ ਗਿਆ ਸੀ। ਉਹ ਜੰਡਿਆਲਾ ਗੁਰੂ ਵਿਖੇ ਰੱਖੀ ਇੱਕ ਰੈਲੀ ਵਿਚ ਸ਼ਾਮਿਲ ਹੋਣ ਲਈ ਪੁੱਜੇ ਸਨ। ਇਸ ਦੌਰਾਨ ਉਹ ਸਾਬਕਾ ਵਿਧਾਇਕ ਰਾਜ ਕੁਮਾਰ ਵੇਰਕਾ ਦੇ ਘਰ ਪੁੱਜੇ ਸਨ, ਜਿੱਥੇ ਮੀਡੀਆ ਨਾਲ ਸੰਖੇਪ ਗੱਲਬਾਤ ਦੌਰਾਨ ਉਨ੍ਹਾਂ ਡਾਕਟਰ ਸਿੱਧੂ ਦੀ ਪਾਰਟੀ ਵਿਚ ਮੌਜੂਦਾ ਸਥਿਤੀ ਬਾਰੇ ਪੁੱਛੇ ਸਵਾਲ ਦੇ ਜਵਾਬ ਵਿਚ ਉਸ ਨੂੰ ਪਾਰਟੀ ਵਿਚੋਂ ਬਾਹਰ ਕਰਨ ਦੀ ਪੁਸ਼ਟੀ ਕੀਤੀ। ਪੰਜਾਬ ਵਿਚ ਅਮਨ ਅਤੇ ਕਾਨੂੰਨ ਦੀ ਸਥਿਤੀ ਬਾਰੇ ਪੁੱਛੇ ਇੱਕ ਸਵਾਲ ਦੇ ਜਵਾਬ ਵਿਚ ਉਨ੍ਹਾਂ ਆਖਿਆ ਕੇ ਸੂਬੇ ਵਿਚ ਅਮਨ ਅਤੇ ਕਾਨੂੰਨ ਦੀ ਸਥਿਤੀ ਬਦਤਰ ਹੁੰਦੀ ਜਾ ਰਹੀ ਹੈ। ਇਸ ਮਾਮਲੇ ਵਿਚ ਉਨ੍ਹਾਂ ਜਲੰਧਰ ਵਿਖੇ ਹੋਏ ਕਤਲ ਦਾ ਹਵਾਲਾ ਵੀ ਦਿੱਤਾ। ਉਨ੍ਹਾਂ ਦੱਸਿਆ ਕਿ ਕਾਂਗਰਸ ਵੱਲੋਂ ਦੇਸ਼ ਭਰ ਵਿਚ ਮਗਨਰੇਗਾ ਦਾ ਸਰੂਪ ਬਦਲਣ ਦੇ ਰੋਸ ਵਜੋਂ ਦੇਸ਼ ਭਰ ਵਿਚ ਭਾਜਪਾ ਸਰਕਾਰ ਖਿਲਾਫ ਰੋਸ ਪ੍ਰਦਰਸ਼ਨ ਕੀਤੇ ਜਾ ਰਹੇ ਹਨ, ਜਿਸ ਤਹਿਤ ਜੰਡਿਆਲਾ ਗੁਰੂ 'ਚ ਵੀ ਰੋਸ ਰੈਲੀ ਹੈ।

# ਕਮਲ ਭਾਬੀ ਕਤਲ ਮਾਮਲਾ: ਅਦਾਲਤ ਵੱਲੋਂ ਅੰਮ੍ਰਿਤਪਾਲ ਸਿੰਘ ਮਹਿਰੋਂ ਭਗੌੜਾ ਕਰਾਰ

- ਇੰਟਰਪੋਲ ਰਾਹੀਂ ਰੈਡ ਕਾਰਨਰ ਨੋਟਿਸ ਜਾਰੀ ਕਰਵਾਉਣ ਦੀ ਪ੍ਰਕਿਰਿਆ ਤੇਜ਼

**ਬਠਿੰਡਾ, (ਪੰਜਾਬ ਮੇਲ)**- ਸੋਸ਼ਲ ਮੀਡੀਆ ਇਨਫਲੂਐਂਸਰ ਕੰਚਨ ਕੁਮਾਰੀ ਉਰਫ਼ ਭਾਬੀ ਕਮਲ ਕੌਰ ਦੇ ਬੇਰਹਿਮੀ ਨਾਲ ਕੀਤੇ ਗਏ ਕਤਲ ਦੇ ਮਾਮਲੇ 'ਚ ਬਠਿੰਡਾ ਦੀ ਇੱਕ ਸਥਾਨਕ ਅਦਾਲਤ ਨੇ ਸਖ਼ਤ ਰੁਖ਼ ਅਖਤਿਆਰ ਕੀਤਾ ਹੈ। ਅਦਾਲਤ ਨੇ ਇਸ ਕੇਸ ਦੇ ਮੁੱਖ ਮੁਲਜ਼ਮ ਅੰਮ੍ਰਿਤਪਾਲ ਸਿੰਘ ਮਹਿਰੋਂ ਨੂੰ ਭਗੌੜਾ ਅਪਰਾਧੀ (ਪੀ. ਓ.) ਐਲਾਨ ਦਿੱਤਾ ਹੈ। ਇਹ ਫ਼ੈਸਲਾ ਵਾਰ-ਵਾਰ ਸੰਮਨ ਜਾਰੀ ਕੀਤੇ ਜਾਣ ਦੇ ਬਾਵਜੂਦ ਮੁਲਜ਼ਮ ਦੇ ਅਦਾਲਤ 'ਚ ਪੇਸ਼ ਨਾ ਹੋਣ ਕਾਰਨ ਲਿਆ ਗਿਆ ਹੈ। ਅਦਾਲਤ ਨੇ 7 ਫਰਵਰੀ ਨੂੰ ਹੋਈ ਸੁਣਵਾਈ 'ਚ ਫ਼ਰਾਰ ਅੰਮ੍ਰਿਤਪਾਲ ਸਿੰਘ ਮਹਿਰੋਂ ਨੂੰ ਭਗੌੜਾ ਕਰਾਰ ਦਿੱਤਾ। ਪੁਲਿਸ ਰਿਪੋਰਟਾਂ ਅਨੁਸਾਰ ਅੰਮ੍ਰਿਤਪਾਲ ਸਿੰਘ ਮਹਿਰੋਂ ਵਾਰਦਾਤ ਤੋਂ ਬਾਅਦ ਜੂਨ 2025 'ਚ ਦੇਸ਼ ਛੱਡ ਕੇ ਫ਼ਰਾਰ ਹੋ ਗਿਆ ਸੀ ਅਤੇ ਉਸ ਦੇ ਯੂ.ਏ.ਈ. (ਸੰਯੁਕਤ ਅਰਬ ਅਮੀਰਾਤ) 'ਚ ਲੁਕੇ ਹੋਣ ਦਾ ਖ਼ਦਸ਼ਾ ਹੈ।

ਬਠਿੰਡਾ ਕੈਂਟ ਦੇ ਥਾਣਾ ਮੁਖੀ ਦਲਜੀਤ ਢਿੱਲੋਂ ਨੇ ਪੁਸ਼ਟੀ ਕੀਤੀ ਹੈ ਕਿ ਮੁਲਜ਼ਮ ਦੇ ਸੰਯੁਕਤ ਅਰਬ ਅਮੀਰਾਤ 'ਚ ਲੁਕੇ ਹੋਣ ਦੀ ਜਾਣਕਾਰੀ ਮਿਲੀ ਹੈ। ਹੁਣ ਸੂਬਾ ਸਰਕਾਰ ਅਤੇ ਕੇਂਦਰੀ ਏਜੰਸੀਆਂ ਦੇ ਤਾਲਮੇਲ ਨਾਲ ਇੰਟਰਪੋਲ ਰਾਹੀਂ ਉਸ ਖ਼ਿਲਾਫ਼ ਰੈੱਡ ਕਾਰਨਰ ਨੋਟਿਸ ਜਾਰੀ ਕਰਵਾਉਣ ਦੀ ਪ੍ਰਕਿਰਿਆ ਤੇਜ਼ ਕਰ ਦਿੱਤੀ ਗਈ ਹੈ, ਤਾਂ ਜੋ ਉਸ ਦੀ ਹਵਾਲਗੀ ਸੰਭਵ ਹੋ ਸਕੇ।

ਜਾਂਚ 'ਚ ਸਾਹਮਣੇ ਆਇਆ ਹੈ ਕਿ ਬੀਤੀ 9-10 ਜੂਨ ਦੀ ਰਾਤ ਨੂੰ ਅੰਮ੍ਰਿਤਪਾਲ ਸਿੰਘ ਮਹਿਰੋਂ ਨੇ ਆਪਣੇ



ਸਾਥੀਆਂ ਜਸਪ੍ਰੀਤ ਸਿੰਘ ਅਤੇ ਨਿਮਰਤਜੀਤ ਸਿੰਘ ਨਾਲ ਮਿਲ ਕੇ ਕੰਚਨ ਕੁਮਾਰੀ ਦਾ ਗਲਾ ਘੁੱਟ ਕੇ ਕਤਲ ਕਰ ਦਿੱਤਾ ਸੀ। ਮੁਲਜ਼ਮਾਂ ਨੇ ਕੰਚਨ ਵੱਲੋਂ ਸੋਸ਼ਲ ਮੀਡੀਆ 'ਤੇ ਪਾਈ ਗਈ ਸਮੱਗਰੀ ਨੂੰ ਸਿੱਖ ਕੌਮ ਦੀਆਂ ਭਾਵਨਾਵਾਂ ਦੇ ਵਿਰੁੱਧ ਦੱਸਦਿਆਂ ਇਸ ਘਿਨੌਣੇ ਅਪਰਾਧ ਨੂੰ ਅੰਜਾਮ ਦਿੱਤਾ ਸੀ। ਕਤਲ ਤੋਂ ਬਾਅਦ ਲਾਸ਼ ਨੂੰ ਬਠਿੰਡਾ ਦੇ ਭੁੱਚੋ ਸਥਿਤ ਆਦੇਸ਼ ਮੈਡੀਕਲ ਕਾਲਜ ਦੀ ਪਾਰਕਿੰਗ 'ਚ ਸੁੱਟ ਦਿੱਤਾ ਗਿਆ ਸੀ, ਜੋ 11 ਜੂਨ ਨੂੰ ਬਰਾਮਦ ਹੋਈ।

ਇਸ ਮਾਮਲੇ 'ਚ ਤਿੰਨ ਹੋਰ ਮੁਲਜ਼ਮ ਪਹਿਲਾਂ ਹੀ ਪੁਲਿਸ ਦੀ ਗ੍ਰਿਫ਼ਤਾਰੀ 'ਚ ਹਨ। ਜਸਪ੍ਰੀਤ ਅਤੇ ਨਿਮਰਤਜੀਤ ਜੇਲ੍ਹ 'ਚ ਹਨ, ਜਦੋਂ ਕਿ ਮੁਲਜ਼ਮ ਰਣਜੀਤ ਸਿੰਘ ਨੂੰ 6 ਫਰਵਰੀ 2026 ਨੂੰ ਗ੍ਰਿਫ਼ਤਾਰ ਕੀਤਾ ਗਿਆ ਸੀ। ਰਣਜੀਤ ਸਿੰਘ 'ਤੇ ਮੁੱਖ ਮੁਲਜ਼ਮ ਅੰਮ੍ਰਿਤਪਾਲ ਨੂੰ ਅੰਮ੍ਰਿਤਸਰ ਹਵਾਈ ਅੱਡੇ ਤੱਕ ਪਹੁੰਚਾਉਣ 'ਚ ਮਦਦ ਕਰਨ ਦਾ ਦੋਸ਼ ਹੈ, ਜਿੱਥੋਂ ਉਹ ਵਿਦੇਸ਼ ਫ਼ਰਾਰ ਹੋਇਆ ਸੀ।

# ਦਿੱਲੀ ਸਰਕਾਰ ਵੱਲੋਂ ਪ੍ਰੋ. ਦਵਿੰਦਰਪਾਲ ਸਿੰਘ ਭੁੱਲਰ ਦੀ ਰਿਹਾਈ ਪਟੀਸ਼ਨ ਨੂੰ ਰੱਦ ਕਰਨ 'ਤੇ ਐਡਵੋਕੇਟ ਧਾਮੀ ਵੱਲੋਂ ਇਤਰਾਜ਼

**ਅੰਮ੍ਰਿਤਸਰ, (ਪੰਜਾਬ ਮੇਲ)**- ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਦਿੱਲੀ ਸਰਕਾਰ ਵੱਲੋਂ ਪ੍ਰੋ. ਦਵਿੰਦਰਪਾਲ ਸਿੰਘ ਭੁੱਲਰ ਦੀ ਰਿਹਾਈ ਪਟੀਸ਼ਨ ਨੂੰ ਮੁੜ ਰੱਦ ਕਰਨ ਦੇ ਫੈਸਲੇ ਦੀ ਕਰੜੀ ਨਿੰਦਾ ਕਰਦਿਆਂ ਇਸ ਨੂੰ ਸਿੱਖਾਂ ਨਾਲ ਬੇਇਨਸਾਫ਼ੀ ਕਰਾਰ ਦਿੱਤਾ ਹੈ। ਐਡਵੋਕੇਟ ਧਾਮੀ ਨੇ ਕਿਹਾ ਕਿ ਪਹਿਲਾਂ ਆਮ ਆਦਮੀ ਪਾਰਟੀ ਦੀ ਸਰਕਾਰ ਸਮੇਂ ਕਈ ਵਾਰ ਪ੍ਰੋ. ਦਵਿੰਦਰਪਾਲ ਸਿੰਘ ਭੁੱਲਰ ਦੀ ਰਿਹਾਈ ਪਟੀਸ਼ਨ ਸਜ਼ਾ ਸਮੀਖਿਆ ਬੋਰਡ ਵੱਲੋਂ ਰੱਦ ਕੀਤੀ ਗਈ ਸੀ ਅਤੇ ਹੁਣ ਭਾਜਪਾ ਦੀ ਸਰਕਾਰ ਵੀ ਉਸੇ ਰਸਤੇ 'ਤੇ ਚੱਲਦਿਆਂ ਸਿੱਖ ਭਾਵਨਾਵਾਂ ਦੇ ਵਿਰੁੱਧ ਫੈਸਲੇ ਕਰ ਰਹੀ ਹੈ। ਉਨ੍ਹਾਂ ਕਿਹਾ ਕਿ ਸਜ਼ਾ ਸਮੀਖਿਆ ਬੋਰਡ ਵੱਲੋਂ ਕਈ



ਕੈਦੀਆਂ ਦੀ ਸਜ਼ਾ ਮੁਆਫ਼ ਕਰਨ ਦੀ ਸਿਫ਼ਾਰਸ਼ ਕੀਤੀ ਗਈ ਹੈ, ਜਦਕਿ 33 ਸਾਲ ਤੋਂ ਸਜ਼ਾ ਭੁਗਤ ਰਹੇ ਪ੍ਰੋ. ਦਵਿੰਦਰਪਾਲ ਸਿੰਘ ਭੁੱਲਰ ਦੇ ਮਾਮਲੇ ਨੂੰ ਰੱਦ ਕਰ ਦਿੱਤਾ ਗਿਆ ਹੈ। ਇਹ ਮਾਨਵੀ ਅਧਿਕਾਰਾਂ ਦਾ ਉਲੰਘਣ ਹੈ, ਜਿਸ ਨਾਲ ਸਿੱਖ ਜਗਤ ਅੰਦਰ ਨਿਰਾਸ਼ਾ ਪੈਦਾ ਹੋ ਰਹੀ ਹੈ।

ਐਡਵੋਕੇਟ ਧਾਮੀ ਨੇ ਕਿਹਾ ਕਿ ਭਾਜਪਾ ਇਕ ਪਾਸੇ ਸਿੱਖ ਹਤੈਸ਼ੀ ਹੋਣ ਦਾ ਦਾਅਵਾ ਕਰਦੀ ਹੈ, ਪਰ ਸਿੱਖਾਂ ਨਾਲ ਸਬੰਧਤ ਮਾਮਲਿਆਂ ਵਿਚ ਸਰਕਾਰ ਦੀ ਪਹੁੰਚ ਉਸ ਦੇ ਦੋਹਰੇ ਚਿਹਰੇ ਨੂੰ ਬਿਆਨ ਕਰਦੀ ਹੈ। ਉਨ੍ਹਾਂ ਕਿਹਾ ਕਿ ਸਿੱਖਾਂ ਨੇ ਦੇਸ਼ ਲਈ ਹਮੇਸ਼ਾ ਵੱਡੀਆਂ ਕੁਰਬਾਨੀਆਂ ਕੀਤੀਆਂ ਹਨ, ਪ੍ਰੰਤੂ ਸਿੱਖਾਂ ਪ੍ਰਤੀ ਸਰਕਾਰਾਂ ਦੀ ਨਕਾਰਾਤਮਕ ਪਹੁੰਚ ਨੇ ਹਮੇਸ਼ਾ ਨਿਰਾਸ਼ਾ ਦਿੱਤੀ ਹੈ। ਸ਼੍ਰੋਮਣੀ ਕਮੇਟੀ ਪ੍ਰਧਾਨ ਨੇ ਸਰਕਾਰ ਨੂੰ ਅਪੀਲ ਕੀਤੀ ਕਿ ਆਪਣੀ ਸਜ਼ਾ ਤੋਂ ਵਧੇਰੇ ਸਮਾਂ ਜੇਲ੍ਹ ਵਿਚ ਬਿਤਾ ਚੁੱਕੇ ਪ੍ਰੋ. ਦਵਿੰਦਰਪਾਲ ਸਿੰਘ ਭੁੱਲਰ ਦੇ ਫੈਸਲੇ ਵਿਚ ਇਨਸਾਫ਼ ਕੀਤਾ ਜਾਵੇ ਅਤੇ ਉਨ੍ਹਾਂ ਦੀ ਤੁਰੰਤ ਰਿਹਾਈ ਕਰਨ ਦੇ ਆਦੇਸ਼ ਦਿੱਤੇ ਜਾਣ।

# ਹਾਈ ਕੋਰਟ ਨੇ ਸਾਬਕਾ ਮੰਤਰੀ ਮਨਪ੍ਰੀਤ ਬਾਦਲ ਨੂੰ ਦਿੱਤੀ ਰੈਗੂਲਰ ਜ਼ਮਾਨਤ

**ਚੰਡੀਗੜ੍ਹ, (ਪੰਜਾਬ ਮੇਲ)**- ਪੰਜਾਬ ਤੇ ਹਰਿਆਣਾ ਹਾਈ ਕੋਰਟ ਨੇ ਸਾਬਕਾ ਵਿੱਤ ਮੰਤਰੀ ਅਤੇ ਭਾਜਪਾ ਆਗੂ ਮਨਪ੍ਰੀਤ ਸਿੰਘ ਬਾਦਲ ਨੂੰ ਵੱਡੀ ਰਾਹਤ ਦਿੱਤੀ ਹੈ। ਹਾਈ ਕੋਰਟ ਨੇ ਸਾਬਕਾ ਮੰਤਰੀ ਮਨਪ੍ਰੀਤ ਸਿੰਘ ਬਾਦਲ, ਬਠਿੰਡਾ ਵਿਕਾਸ ਅਥਾਰਿਟੀ ਦੇ ਤਤਕਾਲੀ ਪੀ.ਸੀ.ਐੱਸ. ਅਧਿਕਾਰੀ ਬਿਕਰਮਜੀਤ ਸਿੰਘ ਅਤੇ ਅਥਾਰਿਟੀ ਦੇ ਸੁਪਰਡੈਂਟ ਪੰਕਜ ਕਾਲੀਆ ਨੂੰ ਰੈਗੂਲਰ ਜ਼ਮਾਨਤ ਦੇ ਦਿੱਤੀ ਹੈ।



ਜ਼ਿਕਰਯੋਗ ਹੈ ਕਿ ਵਿਜੀਲੈਂਸ ਰੇਂਜ ਬਠਿੰਡਾ ਨੇ ਮਨਪ੍ਰੀਤ ਬਾਦਲ ਤੇ ਹੋਰਨਾਂ ਖ਼ਿਲਾਫ਼ 23 ਸਤੰਬਰ 2023 ਨੂੰ ਮੁਕੱਦਮਾ ਦਰਜ ਕੀਤਾ ਸੀ। ਪੰਜਾਬ ਤੇ ਹਰਿਆਣਾ ਹਾਈ ਕੋਰਟ ਨੇ ਮਨਪ੍ਰੀਤ ਬਾਦਲ ਅਤੇ ਬਾਕੀ ਅਧਿਕਾਰੀਆਂ ਨੂੰ 16 ਅਕਤੂਬਰ 2023 ਨੂੰ ਅੰਤਰਿਮ ਜ਼ਮਾਨਤ ਦੇ ਦਿੱਤੀ ਸੀ। ਜਸਟਿਸ ਅਮਨ ਚੌਧਰੀ ਦੀ ਅਦਾਲਤ 'ਚ ਸੁਣਵਾਈ ਮੌਕੇ ਪੰਜਾਬ ਸਰਕਾਰ ਤਰਫ਼ੋਂ ਲਾਅ ਅਫ਼ਸਰ ਦੀਪਇੰਦਰ ਸਿੰਘ ਪੇਸ਼ ਹੋਏ ਅਤੇ ਇਸ ਮੌਕੇ ਕੇਸ ਦੇ ਤਫ਼ਤੀਸ਼ੀ ਅਫ਼ਸਰ ਡੀ.ਐੱਸ.ਪੀ. ਕੁਲਵੰਤ ਸਿੰਘ ਲਹਿਰੀ ਵੀ ਹਾਜ਼ਰ ਸਨ। ਮਨਪ੍ਰੀਤ ਬਾਦਲ ਨੇ ਇਸ ਕੇਸ ਨੂੰ ਸਿਆਸੀ ਬਦਲਾਖੋਰੀ ਦਾ ਮਾਮਲਾ ਦੱਸਿਆ ਸੀ। ਹੁਣ ਮਾਮਲਾ ਹਾਈ ਕੋਰਟ 'ਚ ਲੰਮੇ ਸਮੇਂ ਤੋਂ ਪੈਂਡਿੰਗ ਹੋਣ ਕਰਕੇ ਵਿਜੀਲੈਂਸ ਇਸ ਮਾਮਲੇ 'ਚ ਹਾਲੇ ਤੱਕ ਅਦਾਲਤ 'ਚ ਚਲਾਨ ਵੀ ਪੇਸ਼ ਨਹੀਂ ਕਰ ਸਕੀ ਸੀ। ਹਾਈ ਕੋਰਟ ਵੱਲੋਂ ਮਨਪ੍ਰੀਤ ਬਾਦਲ ਤੇ ਹੋਰਨਾਂ ਨੂੰ ਰੈਗੂਲਰ ਜ਼ਮਾਨਤ ਦਿੱਤੇ ਜਾਣ ਨਾਲ ਹੁਣ ਵਿਜੀਲੈਂਸ ਲਈ ਵੀ ਚਲਾਨ ਪੇਸ਼ ਕਰਨ ਲਈ ਰਾਹ ਪੱਧਰਾ ਹੋ ਗਿਆ ਹੈ।

## ਕੈਨੇਡਾ-ਅਮਰੀਕਾ ਸਰਹੱਦ 'ਤੇ ਪੰਜਾਬੀ ਟਰੱਕ ਡਰਾਈਵਰ ਨਸ਼ਾ ਤਸਕਰੀ ਦੇ ਦੋਸ਼ ਹੇਠ ਗ੍ਰਿਫ਼ਤਾਰ

**ਵੈਨਕੂਵਰ, (ਪੰਜਾਬ ਮੇਲ)**- ਕੈਨੇਡਾ ਬਾਰਡਰ ਸਰਵਿਸਿਜ਼ ਏਜੰਸੀ (ਸੀ.ਬੀ.ਐੱਸ.ਏ.) ਅਤੇ ਰਾਇਲ ਕੈਨੇਡੀਅਨ ਮਾਊਂਟਿਡ ਪੁਲਿਸ (ਆਰ.ਸੀ.ਐੱਮ.ਪੀ.) ਨੇ ਇੱਕ ਸਾਂਝੀ ਕਾਰਵਾਈ ਦੌਰਾਨ ਬਲੂ ਵਾਟਰ ਬ੍ਰਿਜ ਰਾਹੀਂ ਅਮਰੀਕਾ ਤੋਂ ਕੈਨੇਡਾ ਵਿਚ ਨਸ਼ੀਲੇ ਪਦਾਰਥਾਂ ਦੀ ਤਸਕਰੀ ਕਰਨ ਦੀ ਕੋਸ਼ਿਸ਼ ਨੂੰ ਨਾਕਾਮ ਕਰ ਦਿੱਤਾ ਹੈ। ਇੱਕ ਕਮਰਸ਼ੀਅਲ ਟਰੱਕ ਦੀ ਤਲਾਸ਼ੀ ਦੌਰਾਨ ਵੱਡੀ ਮਾਤਰਾ ਵਿਚ ਮੈਥਾਮਫੇਟਾਮਾਈਨ ਬਰਾਮਦ ਕੀਤੀ ਗਈ।

ਪੁਲਿਸ ਅਤੇ ਅਦਾਲਤੀ ਦਸਤਾਵੇਜ਼ਾਂ ਅਨੁਸਾਰ ਗ੍ਰਿਫ਼ਤਾਰ ਕੀਤੇ ਗਏ ਡਰਾਈਵਰ ਦੀ ਪਛਾਣ ਕੁਲਬੀਰ ਸਿੰਘ ਵਜੋਂ ਹੋਈ ਹੈ। ਕੁਲਬੀਰ ਸਿੰਘ 'ਤੇ ਨਸ਼ੀਲੇ ਪਦਾਰਥਾਂ ਦੀ ਦਰਾਮਦ ਅਤੇ ਤਸਕਰੀ ਦੇ ਉਦੇਸ਼ ਨਾਲ ਨਸ਼ਾ ਰੱਖਣ ਦੇ ਗੰਭੀਰ ਦੋਸ਼ ਲਗਾਏ ਗਏ ਹਨ। ਸੂਤਰਾਂ ਅਨੁਸਾਰ, ਇਸ ਕਾਰਵਾਈ ਵਿਚ ਲਗਭਗ 250 ਕਿਲੋਗ੍ਰਾਮ ਮੈਥਾਮਫੇਟਾਮਾਈਨ ਜ਼ਬਤ ਕੀਤੀ ਗਈ ਹੈ।

ਮੁਲਜ਼ਮ ਨੂੰ ਸਰਹੱਦ 'ਤੇ ਸੈਕੰਡਰੀ ਜਾਂਚ ਦੌਰਾਨ ਰੋਕਿਆ ਗਿਆ ਸੀ, ਜਿੱਥੇ ਟਰੱਕ ਦੇ ਟ੍ਰੇਲਰ ਵਿਚੋਂ ਨਸ਼ੀਲੇ ਪਦਾਰਥ ਮਿਲੇ। ਕੁਲਬੀਰ ਸਿੰਘ ਨੂੰ ਪਿਛਲੇ ਦਿਨੀਂ ਸਾਰਨੀਆ ਦੀ ਅਦਾਲਤ 'ਚ ਪੇਸ਼ ਕੀਤਾ ਗਿਆ।

ਜੱਜ ਕ੍ਰਿਸਟਾ ਲਿਨ ਲੈਸਜ਼ਕਿੰਸਕੀ ਨੇ ਮੁਲਜ਼ਮ ਨੂੰ ਹਿਰਾਸਤ 'ਚ ਰੱਖਣ ਦਾ ਹੁਕਮ ਦਿੱਤਾ। ਫਿਲਹਾਲ ਉਸ ਨੂੰ ਜ਼ਮਾਨਤ ਨਹੀਂ ਮਿਲੀ ਹੈ ਅਤੇ ਮਾਮਲੇ ਦੀ ਅਗਲੀ ਸੁਣਵਾਈ ਆਉਣ ਵਾਲੇ ਦਿਨਾਂ ਵਿਚ ਹੋਵੇਗੀ।

# ਲੱਕੀ ਓਬਰਾਏ ਕਤਲ ਮਾਮਲਾ : ਪੁਲਿਸ ਵੱਲੋਂ ਦੂਜੇ ਸ਼ੱਕੀ ਦੀ ਤਸਵੀਰ ਜਾਰੀ

**ਜਲੰਧਰ, (ਪੰਜਾਬ ਮੇਲ)**- ਪਿਛਲੇ ਦਿਨੀਂ ਜਲੰਧਰ ਵਿਚ ਲੱਕੀ ਓਬਰਾਏ ਦਾ ਹੋਇਆ ਕਤਲ ਚਰਚਾ ਦਾ ਵਿਸ਼ਾ ਬਣਿਆ ਹੋਇਆ ਹੈ, ਆਪ ਦਾ ਲੀਡਰ ਹੋਣ ਕਰਕੇ ਪੁਲਿਸ 'ਤੇ ਕਾਫੀ ਦਬਾਅ ਸੀ, ਇਸਦੇ ਚੱਲਦਿਆਂ ਹੀ ਪੰਜਾਬ ਪੁਲਿਸ ਦੇ ਡੀ.ਜੀ.ਪੀ. ਨੂੰ ਵੀ ਜਲੰਧਰ ਆਉਣਾ ਪਿਆ ਸੀ। ਲੱਕੀ ਦੇ ਦੋਵਾਂ ਹਤਿਆਰਿਆਂ ਵਿਚੋਂ ਇੱਕ ਨੂੰ ਅੰਮ੍ਰਿਤਸਰ ਦਿਹਾਤੀ ਦੀ ਪੁਲਿਸ ਨੇ



ਸੰਖੇਪ ਮੁਕਾਬਲੇ ਪਿੱਛੋਂ ਗ੍ਰਿਫ਼ਤਾਰ ਕਰ ਲਿਆ ਸੀ। ਮੁਕਾਬਲੇ ਵਿਚ ਉਕਤ ਗੈਂਗਸਟਰ ਜ਼ਖਮੀ ਹੋ ਗਿਆ ਸੀ। ਜਦਕਿ ਉਸਦਾ ਦੂਜਾ ਸਾਥੀ ਅਜੇ ਫ਼ਰਾਰ ਚੱਲ ਰਿਹਾ ਹੈ। ਪੁਲਿਸ ਨੇ ਉਸਦੀ ਪਹਿਚਾਣ ਗੁਰਤੇਜ ਸਿੰਘ ਵਜੋਂ ਕੀਤੀ ਹੈ। ਗੁਰਤੇਜ ਨੇ ਜਨਵਰੀ ਮਹੀਨੇ ਵਿਚ ਹੁਸ਼ਿਆਰਪੁਰ ਵਿਚ ਇੱਕ ਕਤਲ ਕੀਤਾ ਸੀ ਤੇ ਹੁਣ ਫਰਵਰੀ ਵਿਚ ਜਲੰਧਰ ਵਿਚ ਦੂਜਾ ਕਤਲ ਕਰ ਦਿੱਤਾ ਹੈ। ਪੁਲਿਸ ਨੇ ਉਸਦੀ ਤਸਵੀਰ ਜਾਰੀ ਕੀਤੀ ਹੈ ਅਤੇ ਉਸਦੀ ਭਾਲ ਵੀ ਜੰਗੀ ਪੱਧਰ 'ਤੇ ਜਾਰੀ ਹੈ।

# 'ਆਪ' ਵਿਧਾਇਕਾ ਦੇ ਪਰਿਵਾਰ ਵੱਲੋਂ ਨੂੰਹ ਖਿਲਾਫ਼ ਧੋਖਾਧੜੀ ਦਾ ਕੇਸ ਦਰਜ

**ਲੁਧਿਆਣਾ, (ਪੰਜਾਬ ਮੇਲ)**- ਲੁਧਿਆਣਾ ਦੇ ਵਿਧਾਨ ਸਭਾ ਹਲਕਾ ਦੱਖਣੀ ਤੋਂ 'ਆਪ' ਵਿਧਾਇਕਾ ਰਾਜਿੰਦਰਪਾਲ ਕੌਰ ਛੀਨਾ ਦੇ ਪਰਿਵਾਰ ਨੇ ਆਪਣੀ ਨੂੰਹ ਅਤੇ ਉਸ ਦੇ ਪਰਿਵਾਰ ਖ਼ਿਲਾਫ਼ ਧੋਖਾਧੜੀ ਦਾ ਕੇਸ ਦਰਜ ਕਰਵਾਇਆ ਹੈ। ਪਰਿਵਾਰ ਨੇ ਦੋਸ਼ ਲਾਇਆ ਹੈ ਕਿ ਉਨ੍ਹਾਂ ਦੇ ਪੁੱਤਰ ਨਵਕਿਰਨਜੀਤ ਸਿੰਘ ਨਾਲ ਆਸਟਰੇਲੀਆ ਵਿਚ ਪੀ.ਆਰ. ਕਰਵਾਉਣ ਦੇ ਨਾਂ 'ਤੇ 50 ਲੱਖ ਰੁਪਏ ਦੀ ਠੱਗੀ ਮਾਰੀ ਗਈ ਹੈ। ਵਿਧਾਇਕਾ ਦੇ ਪਤੀ ਹਰਪ੍ਰੀਤ ਸਿੰਘ ਦੀ ਸ਼ਿਕਾਇਤ 'ਤੇ ਕਾਰਵਾਈ ਕਰਦਿਆਂ ਡਾਬਾ ਪੁਲਿਸ ਨੇ ਵਿਧਾਇਕਾ ਦੀ ਨੂੰਹ ਨਵਨੀਤ ਕੌਰ (ਜੋ ਇਸ ਵੇਲੇ ਆਸਟਰੇਲੀਆ ਵਿਚ ਹੈ) ਅਤੇ ਉਸ ਦੇ ਪਰਿਵਾਰਕ ਮੈਂਬਰਾਂ ਤੇਜਾ ਸਿੰਘ ਨਾਗਰਾ, ਹਰਪਾਲ ਕੌਰ (ਮਾਂ), ਕਾਕਾ ਸਿੰਘ (ਰਿਸ਼ਤੇਦਾਰ), ਅਮਰ ਸਿੰਘ ਨਾਗਰਾ, ਸੁਖਦੇਵ ਸਿੰਘ ਪਟਵਾਰੀ ਅਤੇ ਪਟਵਾਰੀ ਦੀ ਪਤਨੀ ਖ਼ਿਲਾਫ਼ ਐੱਫ.ਆਈ.ਆਰ. ਦਰਜ ਕੀਤੀ ਹੈ। ਸ਼ਿਕਾਇਤ ਅਨੁਸਾਰ ਨਵਕਿਰਨਜੀਤ ਦਾ ਵਿਆਹ ਮੋਹਾਲੀ ਦੀ ਨਵਨੀਤ ਕੌਰ ਨਾਲ ਇਸ ਸਮਝੌਤੇ ਤਹਿਤ ਹੋਇਆ ਸੀ ਕਿ ਦੋਵੇਂ ਆਸਟਰੇਲੀਆ ਵਸਣਗੇ।

# ਅਮਰੀਕਾ 'ਚ ਐੱਚ-1ਬੀ ਵੀਜ਼ਾ ਪ੍ਰੋਗਰਾਮ ਖਤਮ ਕਰਨ ਲਈ ਬਿੱਲ ਪੇਸ਼

**ਵਾਸ਼ਿੰਗਟਨ, (ਪੰਜਾਬ ਮੇਲ)-** ਅਮਰੀਕਾ ਵਿਚ ਕੰਮ ਕਰਨ ਦੇ ਚਾਹਵਾਨ ਭਾਰਤੀ ਪੇਸ਼ੇਵਰਾਂ ਲਈ ਇੱਕ ਚਿੰਤਾਜਨਕ ਖ਼ਬਰ ਸਾਹਮਣੇ ਆਈ ਹੈ। ਇੱਕ ਅਮਰੀਕੀ ਕਾਨੂੰਨਸਾਜ਼ ਨੇ ਐੱਚ-1ਬੀ ਵੀਜ਼ਾ ਪ੍ਰੋਗਰਾਮ ਨੂੰ ਪੂਰੀ ਤਰ੍ਹਾਂ ਖਤਮ ਕਰਨ ਲਈ ਸੰਸਦ ਵਿਚ ਇੱਕ ਬਿੱਲ ਪੇਸ਼ ਕੀਤਾ ਹੈ। ਫਲੋਰਿਡਾ ਤੋਂ ਰਿਪਬਲਿਕਨ ਪ੍ਰਤੀਨਿਧੀ ਗ੍ਰੇਗ ਸਟੀਬੇ ਨੇ 'ਐਂਡਿੰਗ ਐਕਸਪਲੋਇਟੇਟਿਵ ਇੰਪੋਰਟਡ ਲੇਬਰ ਐਗਜ਼ੈਂਪਸ਼ਨ ਐਕਟ' ਜਾਂ 'ਐਕਜ਼ਾਈਲ ਐਕਟ' ਪੇਸ਼ ਕੀਤਾ ਹੈ, ਜਿਸ ਦਾ ਉਦੇਸ਼ ਇਮੀਗ੍ਰੇਸ਼ਨ ਅਤੇ ਨੈਸ਼ਨਲਿਟੀ ਐਕਟ ਵਿਚ ਸੋਧ ਕਰਕੇ ਐੱਚ-1ਬੀ ਵੀਜ਼ਾ ਪ੍ਰਣਾਲੀ ਨੂੰ ਖਤਮ ਕਰਨਾ ਹੈ।

ਸਟੀਬੇ ਅਨੁਸਾਰ, ਕਾਰਪੋਰੇਸ਼ਨਾਂ ਨੇ ਵਾਰ-ਵਾਰ ਇਸ ਪ੍ਰਣਾਲੀ ਦੀ ਦੁਰਵਰਤੋਂ ਕੀਤੀ ਹੈ ਅਤੇ ਅਮਰੀਕਾ ਵਿਚ ਸਸਤੀ ਵਿਦੇਸ਼ੀ ਲੇਬਰ ਦੀ ਦਰਾਮਦ ਕੀਤੀ ਹੈ। ਉਨ੍ਹਾਂ ਦਾ ਤਰਕ ਹੈ ਕਿ ਅਮਰੀਕੀ ਨਾਗਰਿਕਾਂ ਦੀ ਖੁਸ਼ਹਾਲੀ ਦੀ ਬਜਾਏ ਵਿਦੇਸ਼ੀ ਲੇਬਰ ਨੂੰ ਤਰਜੀਹ ਦੇਣਾ ਰਾਸ਼ਟਰੀ ਹਿੱਤਾਂ ਦੇ ਵਿਰੁੱਧ ਹੈ। ਉਨ੍ਹਾਂ ਕਿਹਾ ਕਿ ਅਮਰੀਕੀ ਨੌਜਵਾਨਾਂ ਨੂੰ ਇਸ ਪ੍ਰੋਗਰਾਮ ਕਾਰਨ ਨੌਕਰੀਆਂ ਤੋਂ ਵਾਂਝੇ ਹੋਣਾ ਪੈ ਰਿਹਾ ਹੈ ਅਤੇ 'ਅਮਰੀਕੀ ਸੁਪਨੇ' ਨੂੰ ਬਚਾਉਣ ਲਈ ਇਹ ਕਦਮ ਚੁੱਕਣਾ ਜ਼ਰੂਰੀ ਹੈ।




ਇਹ ਬਿੱਲ ਭਾਰਤੀਆਂ ਲਈ ਵੱਡਾ ਝਟਕਾ ਸਾਬਤ ਹੋ ਸਕਦਾ ਹੈ ਕਿਉਂਕਿ ਐੱਚ-1ਬੀ ਵੀਜ਼ਾ ਪ੍ਰਾਪਤ ਕਰਨ ਵਾਲਿਆਂ ਵਿਚੋਂ 80 ਫੀਸਦੀ ਤੋਂ ਵੱਧ ਭਾਰਤੀ ਜਾਂ ਚੀਨੀ ਨਾਗਰਿਕ ਹੁੰਦੇ ਹਨ। ਸੂਤਰਾਂ ਅਨੁਸਾਰ, ਟਰੰਪ ਪ੍ਰਸ਼ਾਸਨ ਨੇ ਪਹਿਲਾਂ ਹੀ ਕਾਨੂੰਨੀ ਇਮੀਗ੍ਰੇਸ਼ਨ 'ਤੇ ਸ਼ਿਕੰਜਾ ਕੱਸਦੇ ਹੋਏ ਨਵੇਂ ਐੱਚ-1ਬੀ ਵੀਜ਼ਿਆਂ 'ਤੇ 100,000 ਡਾਲਰ ਦੀ ਫੀਸ ਲਗਾਉਣ ਦਾ ਐਲਾਨ ਕੀਤਾ ਸੀ, ਜਿਸ ਨਾਲ ਭਾਰਤੀ ਪੇਸ਼ੇਵਰਾਂ ਵਿਚ ਕਾਫੀ ਦਹਿਸ਼ਤ ਫੈਲ ਗਈ ਸੀ।

ਬਿੱਲ ਦੇ ਸਮਰਥਨ 'ਚ ਦਿੱਤੇ ਗਏ ਤੱਥਾਂ ਅਨੁਸਾਰ ਮਾਈਕ੍ਰੋਸਾਫਟ ਨੇ 2025 'ਚ 9,000 ਤੋਂ ਵੱਧ ਐੱਚ-1ਬੀ ਵੀਜ਼ਿਆਂ ਦੀ ਮਨਜ਼ੂਰੀ ਤੋਂ ਬਾਅਦ 16,000 ਤੋਂ ਵੱਧ ਕਰਮਚਾਰੀਆਂ ਨੂੰ ਹਟਾਇਆ। ਡਿਜ਼ਨੀ ਨੇ 2015 ਵਿਚ 250 ਕਰਮਚਾਰੀਆਂ ਦੀ ਛਾਂਟੀ ਕਰਕੇ ਉਨ੍ਹਾਂ ਦੀ ਜਗ੍ਹਾ ਐੱਚ-1ਬੀ ਵੀਜ਼ਾ ਰਾਹੀਂ ਆਏ ਵਿਦੇਸ਼ੀ ਕਾਮੇ ਰੱਖੇ ਗਏ। ਫੈਡਐਕਸ ਨੂੰ ਐੱਚ-1ਬੀ ਦੀ ਵਰਤੋਂ ਕਾਰਨ ਅਮਰੀਕਾ 'ਚ 100 ਤੋਂ ਵੱਧ ਸਹੂਲਤਾਂ ਬੰਦ ਕਰਨੀਆਂ ਪਈਆਂ। ਸਾਊਦਰਨ ਕੈਲੀਫੋਰਨੀਆ ਐਡੀਸਨ ਨੇ 2014 ਵਿਚ 540 ਕਰਮਚਾਰੀਆਂ ਨੂੰ ਕੱਢ ਕੇ ਦੋ ਭਾਰਤੀ ਆਊਟਸੋਰਸਿੰਗ ਫਰਮਾਂ ਦੇ ਕਾਮਿਆਂ ਨੂੰ ਨੌਕਰੀ ਦਿੱਤੀ ਗਈ।

ਸਿਰਫ਼ ਬਿੱਲ ਹੀ ਨਹੀਂ, ਸਗੋਂ ਮੌਜੂਦਾ ਨਿਯਮਾਂ ਨੂੰ ਵੀ ਸਖ਼ਤ ਕਰ ਦਿੱਤਾ ਗਿਆ ਹੈ। 15 ਦਸੰਬਰ ਤੋਂ ਸਟੇਟ ਡਿਪਾਰਟਮੈਂਟ ਨੇ ਐੱਚ-1ਬੀ ਅਤੇ ਐੱਚ-4 ਵੀਜ਼ਾ ਬਿਨੈਕਾਰਾਂ ਦੇ ਸੋਸ਼ਲ ਮੀਡੀਆ ਪ੍ਰੋਫਾਈਲਾਂ ਦੀ ਜਾਂਚ ਸਮੇਤ ਸਖ਼ਤ ਸਕ੍ਰੀਨਿੰਗ ਸ਼ੁਰੂ ਕਰ ਦਿੱਤੀ ਹੈ। ਇਸ ਕਾਰਨ ਭਾਰਤ ਵਿਚ ਕਈ ਵੀਜ਼ਾ ਇੰਟਰਵਿਊ ਮੁਲਤਵੀ ਕਰ ਦਿੱਤੇ ਗਏ ਹਨ, ਜਿਸ ਨਾਲ ਭਾਰਤ ਆਏ ਕਈ ਵੀਜ਼ਾ ਧਾਰਕ ਉੱਥੇ ਹੀ ਫਸ ਗਏ ਹਨ।

ਰੋਜ਼ਾਨਾਂ ਤਾਜ਼ੀਆਂ ਖਬਰਾਂ ਪੜ੍ਹਨ ਲਈ ਪੰਜਾਬ ਮੇਲ ਦੀ ਵੈੱਬਸਾਇਟ 'ਤੇ ਕਲਿੱਕ ਕਰੋ :
www.punjabmailusa.com

## ਟਰੰਪ ਵੱਲੋਂ ਅਮਰੀਕਾ-ਰੂਸ ਵਿਚਾਲੇ ਖ਼ਤਮ ਹੋਈ ਸੰਧੀ ਨੂੰ ਮੁੜ ਸ਼ੁਰੂ ਕਰਨ ਤੋਂ ਇਨਕਾਰ

**ਵਾਸ਼ਿੰਗਟਨ, (ਪੰਜਾਬ ਮੇਲ)-** ਵਿਸ਼ਵ ਸ਼ਾਂਤੀ ਲਈ ਇੱਕ ਬਹੁਤ ਹੀ ਚਿੰਤਾਜਨਕ ਖ਼ਬਰ ਸਾਹਮਣੇ ਆਈ ਹੈ। ਰੂਸ ਅਤੇ ਅਮਰੀਕਾ ਵਿਚਾਲੇ ਪ੍ਰਮਾਣੂ ਹਥਿਆਰਾਂ ਨੂੰ ਸੀਮਤ ਕਰਨ ਵਾਲੀ ਆਖਰੀ ਬਚੀ ਹੋਈ ਸੰਧੀ 'ਨਿਊ ਸਟਾਰਟ' ਦੀ ਮਿਆਦ 5 ਫਰਵਰੀ 2026 ਨੂੰ ਅਧਿਕਾਰਤ ਤੌਰ 'ਤੇ ਖ਼ਤਮ ਹੋ ਗਈ ਹੈ। 50 ਸਾਲਾਂ ਤੋਂ ਵੀ ਵੱਧ ਸਮੇਂ ਵਿਚ ਇਹ ਪਹਿਲੀ ਵਾਰ ਹੈ, ਜਦੋਂ ਦੁਨੀਆਂ ਦੀਆਂ ਇਨ੍ਹਾਂ ਦੋ ਸਭ ਤੋਂ ਵੱਡੀਆਂ ਪ੍ਰਮਾਣੂ ਸ਼ਕਤੀਆਂ 'ਤੇ ਹਥਿਆਰਾਂ ਦੀ ਗਿਣਤੀ ਨੂੰ ਲੈ ਕੇ ਕੋਈ ਕਾਨੂੰਨੀ ਪਾਬੰਦੀ ਨਹੀਂ ਰਹੀ। ਰਿਪੋਰਟਾਂ ਅਨੁਸਾਰ ਰੂਸੀ ਰਾਸ਼ਟਰਪਤੀ ਵਲਾਦੀਮੀਰ ਪੁਤਿਨ ਨੇ ਇਸ ਸੰਧੀ ਨੂੰ ਇੱਕ ਸਾਲ ਲਈ ਹੋਰ ਵਧਾਉਣ ਦੀ ਪੇਸ਼ਕਸ਼ ਕੀਤੀ ਸੀ, ਤਾਂ ਜੋ ਮੌਜੂਦਾ ਸਥਿਤੀ ਬਣੀ ਰਹੇ। ਹਾਲਾਂਕਿ, ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਇਸ ਪ੍ਰਸਤਾਵ ਨੂੰ ਰੱਦ ਕਰ ਦਿੱਤਾ ਹੈ। ਟਰੰਪ ਦਾ ਮੰਨਣਾ ਹੈ ਕਿ ਇਹ ਸੰਧੀ ਪੁਰਾਣੀ ਹੋ ਚੁੱਕੀ ਹੈ ਅਤੇ ਉਹ ਇੱਕ ਬਿਹਤਰ ਅਤੇ ਨਵਾਂ ਸਮਝੌਤਾ ਚਾਹੁੰਦੇ ਹਨ, ਜਿਸ ਵਿਚ ਚੀਨ ਨੂੰ ਵੀ ਸ਼ਾਮਲ ਕੀਤਾ ਜਾਵੇ। ਇਹ ਸੰਧੀ ਖ਼ਤਮ ਹੋਣ ਨਾਲ ਹੁਣ ਦੋਵੇਂ ਦੇਸ਼ ਆਪਣੇ ਪ੍ਰਮਾਣੂ ਵਾਰਹੈੱਡਾਂ ਅਤੇ ਮਿਜ਼ਾਈਲਾਂ ਦੀ ਗਿਣਤੀ ਵਧਾਉਣ ਲਈ ਪੂਰੀ ਤਰ੍ਹਾਂ ਆਜ਼ਾਦ ਹਨ ਤੇ ਨਾਲ ਹੀ ਦੋਵੇਂ ਦੇਸ਼ ਇੱਕ-ਦੂਜੇ ਦੇ ਪ੍ਰਮਾਣੂ ਟਿਕਾਣਿਆਂ ਦੀ ਜਾਂਚ ਕਰ ਸਕਦੇ ਸਨ, ਪਰ ਹੁਣ ਇਹ ਪਾਰਦਰਸ਼ਤਾ ਪੂਰੀ ਤਰ੍ਹਾਂ ਖ਼ਤਮ ਹੋ ਜਾਵੇਗੀ। ਮਾਹਿਰਾਂ ਅਨੁਸਾਰ, ਨਿਯਮਾਂ ਦੀ ਅਣਹੋਂਦ ਵਿਚ ਗਲਤਫਹਿਮੀ ਜਾਂ ਤਣਾਅ ਕਾਰਨ ਪ੍ਰਮਾਣੂ ਜੰਗ ਛਿੜਨ ਦਾ ਖ਼ਤਰਾ ਪਹਿਲਾਂ ਨਾਲੋਂ ਕਈ ਗੁਣਾ ਵਧ ਗਿਆ ਹੈ।

# ਅਮਰੀਕਾ 'ਚ ਭਾਰਤੀ ਵਿਅਕਤੀ ਮਾਨਸਿਕ ਧੋਖਾਧੜੀ ਦੇ ਦੋਸ਼ ਹੇਠ ਗ੍ਰਿਫਤਾਰ

■ **ਅਦਾਲਤ ਨੇ ਜ਼ਮਾਨਤ 'ਤੇ ਕੀਤਾ ਰਿਹਾਅ**

**ਅਮਰੀਕਾ, (ਪੰਜਾਬ ਮੇਲ)—** ਨਿਊਯਾਰਕ (ਹਿਕਸਵਿਲ) ਵਿਚ ਮਾਨਸਿਕ ਧੋਖਾਧੜੀ ਦਾ ਇੱਕ ਮਾਮਲਾ ਸਾਹਮਣੇ ਆਇਆ ਹੈ, ਜਿੱਥੇ 33 ਸਾਲਾ ਹੇਮੰਤ ਕੁਮਾਰ ਮੁਨੇਪਾ ਨੂੰ ਇੱਕ 68 ਸਾਲਾ ਔਰਤ ਨਾਲ ਭਵਿੱਖਬਾਣੀ/ਜੋਤਿਸ਼ ਸੇਵਾਵਾਂ ਦੇ ਨਾਮ 'ਤੇ 62,000 ਡਾਲਰ ਤੋਂ ਵੱਧ ਦੀ ਧੋਖਾਧੜੀ ਕਰਨ ਦਾ ਦੋਸ਼ੀ ਠਹਿਰਾਇਆ ਗਿਆ ਹੈ।

ਪੁਲਿਸ ਦੇ ਅਨੁਸਾਰ, ਮੁਨੇਪਾ ਨੇ ਪਹਿਲਾਂ ਪੀੜਤ ਨੂੰ ਅਧਿਆਤਮਿਕ ਸੇਵਾਵਾਂ ਲਈ 20,000 ਡਾਲਰ ਵਿਚ ਨੌਕਰੀ 'ਤੇ ਰੱਖਿਆ ਅਤੇ ਕਥਿਤ ਤੌਰ 'ਤੇ "ਦੁਸ਼ਟ ਆਤਮਾਵਾਂ ਨੂੰ ਕੱਢਣ" ਅਤੇ "ਭਵਿੱਖ ਦੀ ਸੁਰੱਖਿਆ/ਪਿਆਰ ਤਬਦੀਲੀ" ਦੇ ਨਾਮ 'ਤੇ ਵੱਡੀ ਰਕਮ ਦੀ ਮੰਗ ਕੀਤੀ।

ਦੋ ਹਫ਼ਤਿਆਂ ਬਾਅਦ, ਮੁਨੇਪਾ ਨੇ ਹੋਰ 42,000 ਡਾਲਰ ਦੀ ਮੰਗ ਕੀਤੀ ਅਤੇ ਔਰਤ ਨੂੰ ਬੈਂਕ ਲੈ ਗਿਆ, ਤਾਂ ਜੋ ਉਹ ਪੈਸੇ ਕਢਵਾ ਸਕੇ। ਖਾਸ ਗੱਲ ਇਹ ਸੀ ਕਿ ਬੈਂਕ ਕਰਮਚਾਰੀਆਂ ਨੂੰ ਸੌਦੇ 'ਤੇ ਸ਼ੱਕ ਹੋਇਆ ਅਤੇ ਉਨ੍ਹਾਂ ਨੇ ਪੁਲਿਸ ਨੂੰ ਸੂਚਿਤ ਕੀਤਾ, ਜਿਸ ਕਾਰਨ ਮੁਨੇਪਾ ਨੂੰ ਬੈਂਕ ਪਾਰਕਿੰਗ ਵਿਚ ਗ੍ਰਿਫਤਾਰ ਕਰ ਲਿਆ ਗਿਆ।



ਮੁਨੇਪਾ ਨੇ ਤੁਸ਼ੀਦ ਦੇ ਦੋਸ਼ ਵਿਚ ਦੋਸ਼ੀ ਨਹੀਂ ਮੰਨਿਆ ਪਰ ਅਦਾਲਤ ਨੇ ਉਸਨੂੰ ਜ਼ਮਾਨਤ 'ਤੇ ਰਿਹਾਅ ਕਰ ਦਿੱਤਾ ਅਤੇ ਉਸਨੂੰ ਗਿੱਟੇ 'ਤੇ ਮਾਨੀਟਰ ਪਹਿਨਣ ਦਾ ਆਦੇਸ਼ ਦਿੱਤਾ।

ਨਿਊਯਾਰਕ ਰਾਜ ਦੇ ਕਾਨੂੰਨ ਦੇ ਅਨੁਸਾਰ, ਭਵਿੱਖਬਾਣੀ ਅਤੇ ਅਧਿਆਤਮਿਕ ਸੇਵਾਵਾਂ ਲਈ ਫੀਸ ਲੈਣਾ ਕਾਨੂੰਨੀ ਹੈ, ਜਦੋਂ ਤੱਕ ਇਹ ਪ੍ਰਬੰਧ ਮਨੋਰੰਜਨ ਦੇ ਉਦੇਸ਼ਾਂ ਲਈ ਹੈ ਅਤੇ ਜੇਕਰ ਵਿਅਕਤੀ ਅਸਲ ਵਿਚ ਕਿਸੇ ਸੇਵਾ ਦੇ ਨਾਮ 'ਤੇ ਧੋਖਾਧੜੀ ਕਰਦਾ ਹੈ, ਤਾਂ ਉਹ ਕਲਾਸ ਬੀ ਦੇ ਅਪਰਾਧ ਦਾ ਦੋਸ਼ੀ ਹੈ।

ਰੋਜ਼ਾਨਾਂ ਤਾਜ਼ੀਆਂ ਖਬਰਾਂ ਪੜ੍ਹਨ ਲਈ ਪੰਜਾਬ ਮੇਲ ਦੀ ਵੈੱਬਸਾਇਟ 'ਤੇ ਕਲਿੱਕ ਕਰੋ :
www.punjabmailusa.com

Jaspreet Singh
Attorney at Law
ਅਮਰੀਕਾ ਦੀ ਇਮੀਗ੍ਰੇਸ਼ਨ
ਰਿਫਿਊਜ਼ੀ ਸਟੇਅ, ਬੱਚਾ ਗੋਦ ਲੈਣਾ, ਡਿਪੋਰਟੇਸ਼ਨ ਵਿਆਹ,
ਐਚ.1 ਵੀਜ਼ਾ, ਲੇਬਰ ਸਰਟੀਫਿਕੇਟ ਦੇ ਕੇਸਾਂ ਲਈ
ਅਟਾਰਨੀ ਐਟ ਲਾਅ, ਨਿਊਯਾਰਕ ਅਤੇ ਕੈਲੀਫੋਰਨੀਆ



ਜਸਪ੍ਰੀਤ ਸਿੰਘ ਅਟਾਰਨੀ ਐਟ ਲਾਅ

Designed By Punjab Mail USA

SACRAMENTO
5855 Auburn Blvd,
Sacramento, CA 95841,
+1-916-307-4620

FRESNO
1625 E Shaw Ave
#122, Fresno,
CA 93726
559-271-5511

FREMONT
3155 KEARNEY ST,
SUITE #248,
FREMONT, CA 94538.
+1-510-657-6444

NEWYORK
108-14 Jamaica Ave,
Richmond Hill,
NY 11418
Phone: 718-533-8444

# ਟਰੰਪ ਵੱਲੋਂ ਕੈਨੇਡਾ ਨੂੰ ਨਵੇਂ ਕੌਮਾਂਤਰੀ ਪੁਲ ਦੇ ਉਦਘਾਟਨ 'ਤੇ ਰੋਕ ਲਾਉਣ ਦੀ ਧਮਕੀ

**ਵਾਸ਼ਿੰਗਟਨ, (ਪੰਜਾਬ ਮੇਲ)-** ਅਮਰੀਕੀ ਰਾਸ਼ਟਰਪਤੀ ਡੋਨਲਡ ਟਰੰਪ ਦੀਆਂ ਨੀਤੀਆਂ ਕਾਰਨ ਅਮਰੀਕਾ ਅਤੇ ਕੈਨੇਡਾ ਦੇ ਸਬੰਧਾਂ ਵਿਚ ਖਟਾਸ ਆ ਗਈ ਹੈ। ਟਰੰਪ ਨੇ ਦੋਵਾਂ ਦੇਸ਼ਾਂ ਦਰਮਿਆਨ ਚੱਲ ਰਹੀ ਵਪਾਰਕ ਜੰਗ ਨੂੰ ਇੱਕ ਨਵੇਂ ਮੋੜ 'ਤੇ ਲਿਆ ਖੜ੍ਹਾ ਕੀਤਾ ਹੈ। ਟਰੰਪ ਨੇ ਐਲਾਨ ਕੀਤਾ ਕਿ ਉਹ ਡੈਟਰਾਇਟ ਅਤੇ ਵਿੰਡਸਰ ਨੂੰ ਜੋੜਨ ਵਾਲੇ ਨਵੇਂ 4.7 ਬਿਲੀਅਨ ਡਾਲਰ ਦੇ ਗੋਰਡੀ ਹੋਵ ਇੰਟਰਨੈਸ਼ਨਲ ਬ੍ਰਿਜ ਨੂੰ ਉਦੋਂ ਤੱਕ ਨਹੀਂ ਖੁੱਲ੍ਹਣ ਦੇਣਗੇ, ਜਦੋਂ ਤੱਕ ਕੈਨੇਡਾ ਅਮਰੀਕਾ ਨੂੰ ਪੂਰਾ ਮੁਆਵਜ਼ਾ ਅਤੇ ਬਣਦਾ ਸਤਿਕਾਰ ਨਹੀਂ ਦਿੰਦਾ। ਟਰੰਪ ਨੇ ਸੋਸ਼ਲ ਮੀਡੀਆ ਰਾਹੀਂ ਕੈਨੇਡਾ 'ਤੇ ਨਿਸ਼ਾਨਾ ਸੇਧਦਿਆਂ ਕਿਹਾ ਕਿ ਕੈਨੇਡਾ ਅਮਰੀਕਾ ਨਾਲ ਨਾ-ਇਨਸਾਫ਼ੀ ਕਰ ਰਿਹਾ ਹੈ ਅਤੇ ਉਹ ਇਸ ਪੁਲ ਦੀ ਘੱਟੋ-ਘੱਟ ਅੱਧੀ ਹਿੱਸੇਦਾਰੀ ਦੀ ਮੰਗ ਕਰਨਗੇ।

ਇਸ ਵਿਵਾਦ ਦੀ ਜੜ੍ਹ ਕੈਨੇਡਾ ਵੱਲੋਂ ਚੀਨ ਨਾਲ ਕੀਤੇ ਜਾ ਰਹੇ ਵਪਾਰਕ ਸਮਝੌਤੇ ਅਤੇ ਅਮਰੀਕੀ ਵਸਤੂਆਂ 'ਤੇ ਲਗਾਏ ਗਏ ਟੈਕਸ ਹਨ। ਟਰੰਪ ਨੇ ਦੋਸ਼ ਲਾਇਆ ਕਿ ਕੈਨੇਡਾ ਅਮਰੀਕੀ ਸ਼ਰਾਬ ਅਤੇ ਡੇਅਰੀ ਉਤਪਾਦਾਂ ਨੂੰ ਆਪਣੇ ਬਾਜ਼ਾਰਾਂ ਵਿਚ ਸਹੀ ਥਾਂ ਨਹੀਂ ਦੇ ਰਿਹਾ। ਉਨ੍ਹਾਂ ਇਹ ਵੀ ਦਾਅਵਾ ਕੀਤਾ ਕਿ ਚੀਨ ਨਾਲ ਵਪਾਰਕ

## ■ ਕੈਨੇਡਾ ਤੋਂ ਪੁਲ ਦਾ ਪੂਰਾ ਮੁਆਵਜ਼ਾ ਮੰਗਿਆ



ਸਾਂਝ ਕਾਰਨ ਕੈਨੇਡਾ ਵਿਚ ਆਈਸ ਹਾਕੀ ਵਰਗੀਆਂ ਖੇਡਾਂ ਅਤੇ ਸਟੈਨਲੀ ਕੱਪ 'ਤੇ ਵੀ ਖ਼ਤਰਾ ਮੰਡਰਾ ਸਕਦਾ ਹੈ। ਰਾਸ਼ਟਰਪਤੀ ਨੇ ਸਾਫ਼ ਸ਼ਬਦਾਂ ਵਿਚ ਕਿਹਾ ਕਿ ਉਹ ਇਸ ਸੰਪਤੀ ਦੇ ਮਾਲਕਾਨਾ ਹੱਕ ਨੂੰ ਲੈ ਕੇ ਤੁਰੰਤ ਗੱਲਬਾਤ ਸ਼ੁਰੂ ਕਰਨ ਜਾ ਰਹੇ ਹਨ ਕਿਉਂਕਿ ਉਨ੍ਹਾਂ ਮੁਤਾਬਕ ਅਮਰੀਕਾ ਨੇ ਪਹਿਲਾਂ ਹੀ ਕੈਨੇਡਾ ਨੂੰ ਬਹੁਤ ਕੁਝ ਦਿੱਤਾ ਹੈ।

ਦੂਜੇ ਪਾਸੇ, ਇਸ ਪੁਲ ਦਾ ਇਤਿਹਾਸ ਕਾਫ਼ੀ ਵੱਖਰਾ ਹੈ। ਸਾਲ 2012 ਵਿਚ ਜਦੋਂ ਅਮਰੀਕਾ ਨੇ ਇਸ ਪੁਲ ਲਈ ਫੰਡ ਦੇਣ ਤੋਂ ਮਨ੍ਹਾ ਕਰ ਦਿੱਤਾ ਸੀ, ਤਾਂ ਕੈਨੇਡਾ ਨੇ ਇਸ ਦੇ ਨਿਰਮਾਣ ਦਾ ਸਾਰਾ ਖ਼ਰਚਾ ਖ਼ੁਦ ਚੁੱਕਣ ਦਾ ਫੈਸਲਾ ਕੀਤਾ ਸੀ। ਇਹ ਪੁਲ ਹੁਣ ਮੁਕੰਮਲ ਹੋਣ ਦੇ ਕਰੀਬ ਹੈ ਅਤੇ ਆਉਣ ਵਾਲੇ ਕੁਝ ਮਹੀਨਿਆਂ ਵਿਚ ਇਸ ਨੂੰ ਆਮ ਜਨਤਾ ਲਈ ਖੋਲ੍ਹਿਆ ਜਾਣਾ ਹੈ। ਮਿਸ਼ੀਗਨ ਦੀ ਗਵਰਨਰ ਗ੍ਰੈਚਨ ਵਿਟਮਰ ਅਤੇ ਹੋਰ ਲੋਕਤੰਤਰੀ ਆਗੂਆਂ ਨੇ ਟਰੰਪ ਦੇ ਇਸ ਫੈਸਲੇ ਦੀ ਸਖ਼ਤ ਆਲੋਚਨਾ ਕੀਤੀ ਹੈ। ਉਨ੍ਹਾਂ ਦਾ ਕਹਿਣਾ ਹੈ ਕਿ ਇਹ ਪੁਲ ਦੋਵਾਂ ਦੇਸ਼ਾਂ ਦੇ ਕਾਮਿਆਂ ਤੇ ਮਜ਼ਦੂਰਾਂ ਦੀ ਮਿਹਨਤ ਦਾ ਨਤੀਜਾ ਹੈ ਅਤੇ ਇਸ ਨੂੰ ਰੋਕਣਾ ਮਿਸ਼ੀਗਨ ਦੀ ਆਰਥਿਕਤਾ, ਸਪਲਾਈ ਚੇਨ ਅਤੇ ਹਜ਼ਾਰਾਂ ਨੌਕਰੀਆਂ ਲਈ ਘਾਤਕ ਸਿੱਧ ਹੋਵੇਗਾ।

ਮਾਹਰਾਂ ਅਨੁਸਾਰ ਇਹ ਪੁਲ ਵਪਾਰਕ ਪੱਖੋਂ ਬਹੁਤ ਅਹਿਮ ਹੈ ਕਿਉਂਕਿ ਇਹ ਟਰੱਕਾਂ ਦੇ ਸਫਰ ਦਾ ਸਮਾਂ 20 ਮਿੰਟ ਤੱਕ ਘਟਾ ਦੇਵੇਗਾ, ਜਿਸ ਨਾਲ ਕਰੋੜਾਂ ਡਾਲਰ ਦੀ ਬਚਤ ਹੋਵੇਗੀ। ਹੁਣ ਜਦੋਂ ਅਮਰੀਕੀ ਹੋਮਲੈਂਡ ਸਕਿਓਰਿਟੀ ਵਿਭਾਗ ਪਹਿਲਾਂ ਹੀ ਇਸ ਨੂੰ ਅਧਿਕਾਰਤ ਲਾਂਘਾ ਐਲਾਨ ਚੁੱਕਾ ਹੈ, ਤਾਂ ਟਰੰਪ ਦੀ ਇਸ ਧਮਕੀ ਨੇ ਸਰਹੱਦ ਦੇ ਦੋਵੇਂ ਪਾਸੇ ਕਾਰੋਬਾਰੀਆਂ ਅਤੇ ਸਿਆਸਤਦਾਨਾਂ ਵਿਚ ਚਿੰਤਾ ਪੈਦਾ ਕਰ ਦਿੱਤੀ ਹੈ। ਫਿਲਹਾਲ ਕੈਨੇਡੀਅਨ ਦੂਤਾਵਾਸ ਅਤੇ ਬ੍ਰਿਜ ਅਥਾਰਟੀ ਵੱਲੋਂ ਇਸ 'ਤੇ ਕੋਈ ਅਧਿਕਾਰਤ ਟਿੱਪਣੀ ਨਹੀਂ ਕੀਤੀ ਗਈ ਹੈ।

# ਅਮਰੀਕਾ 'ਪੈਕਸ ਸਿਲਿਕਾ' 'ਚ ਭਾਰਤ ਨੂੰ ਸ਼ਾਮਲ ਕਰਨ ਲਈ ਉਤਸ਼ਾਹਿਤ

**ਵਾਸ਼ਿੰਗਟਨ, (ਪੰਜਾਬ ਮੇਲ)-** ਅਮਰੀਕਾ ਨੇ ਕਿਹਾ ਹੈ ਕਿ ਉਹ ਸਪਲਾਈ ਚੇਨ ਸੁਰੱਖਿਆ ਨਾਲ ਜੁੜੀ ਆਪਣੀ ਪਹਿਲ 'ਪੈਕਸ ਸਿਲਿਕਾ' 'ਚ ਭਾਰਤ ਨੂੰ ਸ਼ਾਮਲ ਕਰਨ ਲਈ ਦਿੱਤੇ ਸੱਦੇ ਨੂੰ ਲੈ ਕੇ ਬੇਹੱਦ ਉਤਸ਼ਾਹਿਤ ਹੈ। ਅਮਰੀਕਾ ਨੇ ਸੰਕੇਤ ਦਿੱਤਾ ਹੈ ਕਿ ਇਸ ਸਬੰਧ 'ਚ ਉਹ ਜਲਦ ਹੀ ਭਾਰਤ ਸਰਕਾਰ ਨਾਲ ਸਮਝੌਤੇ 'ਤੇ ਦਸਤਖ਼ਤ ਕਰੇਗਾ। ਅਮਰੀਕੀ ਆਰਥਿਕ ਮਾਮਲਿਆਂ ਦੇ ਅੰਡਰ ਸੈਕਟਰੀ ਜੈਕਬ ਹੇਲਬਰਗ ਨੇ ਕਿਹਾ ਕਿ ਉਹ ਕੁਝ ਹੀ ਹਫਤਿਆਂ 'ਚ ਭਾਰਤ ਆ ਕੇ ਇਸ ਵੱਡੇ ਸਮਝੌਤੇ ਨੂੰ ਅੰਤਿਮ ਰੂਪ ਦੇਣਗੇ। ਉਨ੍ਹਾਂ ਨੇ ਰਾਸ਼ਟਰਪਤੀ ਡੋਨਾਲਡ ਟਰੰਪ ਅਤੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਵਿਚਾਲੇ ਮਜ਼ਬੂਤ ਅਤੇ ਹਾਂ-ਪੱਖੀ ਸਬੰਧਾਂ ਦਾ ਵੀ ਜ਼ਿਕਰ ਕੀਤਾ।

ਹੇਲਬਰਗ ਨੇ ਕਿਹਾ ਕਿ 'ਪੈਕਸ ਸਿਲਿਕਾ' ਪਹਿਲ ਦਾ ਉਦੇਸ਼ ਸੁਰੱਖਿਅਤ ਅਤੇ ਆਧੁਨਿਕ ਸਿਲੀਕਾਨ ਸਪਲਾਈ ਚੇਨ ਤਿਆਰ ਕਰਨਾ ਹੈ। ਇਸ 'ਚ ਮਹੱਤਵਪੂਰਨ ਖਣਿਜ, ਊਰਜਾ, ਉੱਨਤ ਨਿਰਮਾਣ, ਸੈਮੀਕੰਡਕਟਰ, ਆਰਟੀਫੀਸ਼ੀਅਲ ਇੰਟੈਲੀਜੈਂਸ ਅਤੇ ਲਾਜਿਸਟਿਕਸ ਵਰਗੇ ਖੇਤਰ ਸ਼ਾਮਲ ਹਨ। ਉਨ੍ਹਾਂ ਇਹ ਵੀ ਕਿਹਾ ਕਿ ਚੀਨ ਤੋਂ ਬਾਹਰ ਭਾਰਤ ਹੀ ਅਜਿਹਾ ਦੇਸ਼ ਹੈ, ਜੋ ਆਪਣੀ ਨੌਜਵਾਨ ਅਤੇ ਤਕਨੀਕੀ ਤੌਰ 'ਤੇ ਸਿਖਲਾਈ ਪ੍ਰਾਪਤ ਪ੍ਰਤਿਭਾ ਦੇ ਦਮ 'ਤੇ ਚੀਨ ਨੂੰ ਟੱਕਰ ਦੇ ਸਕਦਾ ਹੈ। ਅਮਰੀਕਾ ਦਾ ਮੰਨਣਾ ਹੈ ਕਿ ਭਾਰਤ ਦੀ ਭਾਗੀਦਾਰੀ ਨਾਲ ਇਹ ਪਹਿਲ ਹੋਰ ਮਜ਼ਬੂਤ ਹੋਵੇਗੀ।

# ਅਮਰੀਕੀ ਡਿਟੈਂਨਸ਼ਨਸ ਸੈਂਟਰਾਂ 'ਚ ਬੰਦ ਹਜ਼ਾਰਾਂ ਪ੍ਰਵਾਸੀਆਂ ਦੀ ਹਾਲਤ ਤਰਸਯੋਗ

**ਵਾਸ਼ਿੰਗਟਨ, (ਪੰਜਾਬ ਮੇਲ)-** ਅਮਰੀਕਾ ਦੇ ਇਮੀਗ੍ਰੇਸ਼ਨ ਹਿਰਾਸਤੀ ਕੇਂਦਰਾਂ (ਡਿਟੈਨਸ਼ਨ ਸੈਂਟਰ) 'ਚ ਬੰਦ ਹਜ਼ਾਰਾਂ ਪ੍ਰਵਾਸੀ ਨਰਕ ਵਰਗੀ ਜ਼ਿੰਦਗੀ ਜਿਊਣ ਲਈ ਮਜ਼ਬੂਰ ਹਨ। ਸੂਤਰਾਂ ਅਨੁਸਾਰ, ਫਲੋਰਿਡਾ ਤੇ ਟੈਕਸਾਸ ਵਰਗੇ ਸੂਬਿਆਂ 'ਚ ਸਥਿਤ ਇਨ੍ਹਾਂ ਕੇਂਦਰਾਂ 'ਚ ਮਾਨਵੀ ਸਹੂਲਤਾਂ ਦੀ ਭਾਰੀ ਕਮੀ ਹੈ। ਪ੍ਰਵਾਸੀਆਂ ਨੇ ਦੱਸਿਆ ਕਿ ਉਨ੍ਹਾਂ ਦੇ ਖਾਣੇ 'ਚ ਕੀੜੇ ਨਿਕਲ ਰਹੇ ਹਨ, ਟਾਇਲਟ ਫਲੱਸ਼ ਨਹੀਂ ਹੁੰਦੇ ਅਤੇ ਹਰ ਪਾਸੇ ਗੰਦਗੀ ਤੇ ਮੱਛਰਾਂ ਦੀ ਭਰਮਾਰ ਹੈ।

ਰਾਸ਼ਟਰਪਤੀ ਡੋਨਾਲਡ ਟਰੰਪ ਦੇ ਦੂਜੇ ਕਾਰਜਕਾਲ ਦੌਰਾਨ ਲੰਬੇ ਸਮੇਂ ਤੱਕ ਹਿਰਾਸਤ 'ਚ ਰੱਖਣ ਦੇ ਮਾਮਲੇ ਵਧੇ ਹਨ। ਇੱਕ ਨਵੀਂ ਨੀਤੀ ਤਹਿਤ ਇਮੀਗ੍ਰੇਸ਼ਨ ਜੱਜਾਂ ਨੂੰ ਕੇਸ ਚੱਲਣ ਦੌਰਾਨ ਪ੍ਰਵਾਸੀਆਂ ਨੂੰ ਰਿਹਾਅ ਕਰਨ ਤੋਂ ਰੋਕ ਦਿੱਤਾ ਗਿਆ ਹੈ। ਹਾਲਾਂਕਿ ਸੁਪਰੀਮ ਕੋਰਟ ਨੇ 2001 'ਚ ਫੈਸਲਾ ਦਿੱਤਾ ਸੀ ਕਿ ਕਿਸੇ ਵੀ ਪ੍ਰਵਾਸੀ ਨੂੰ 6 ਮਹੀਨਿਆਂ ਤੋਂ ਵੱਧ ਸਮੇਂ ਲਈ ਅਣਮਿੱਥੇ ਸਮੇਂ ਲਈ ਹਿਰਾਸਤ 'ਚ ਨਹੀਂ ਰੱਖਿਆ ਜਾ ਸਕਦਾ, ਪਰ ਫਿਰ ਵੀ ਹਜ਼ਾਰਾਂ ਲੋਕ ਸਾਲਾਂ ਤੋਂ ਬੰਦ ਹਨ।

ICE (ਇਮੀਗ੍ਰੇਸ਼ਨ ਅਤੇ ਕਸਟਮਜ਼ ਇਨਫੋਰਸਮੈਂਟ) ਦੇ ਅੰਕੜਿਆਂ ਮੁਤਾਬਕ, ਹਿਰਾਸਤ 'ਚ ਰਹਿਣ ਵਾਲੇ ਲੋਕਾਂ ਦੀ ਗਿਣਤੀ ਪਹਿਲੀ ਵਾਰ 70,000 ਤੋਂ ਪਾਰ ਹੋ ਗਈ ਹੈ। ਜਨਵਰੀ ਦੇ ਅੱਧ ਤੱਕ, ਲਗਭਗ 7,252 ਲੋਕ ਘੱਟੋ-ਘੱਟ ਛੇ ਮਹੀਨਿਆਂ ਤੋਂ ਹਿਰਾਸਤ 'ਚ ਸਨ, ਜਿਨ੍ਹਾਂ 'ਚੋਂ 79 ਲੋਕ ਦੋ ਸਾਲਾਂ ਤੋਂ ਵੱਧ ਸਮੇਂ ਤੋਂ ਬੰਦ ਹਨ।

ਨਿਕਾਰਾਗੁਆ ਦਾ ਰਹਿਣ ਵਾਲਾ 34 ਸਾਲਾ ਨੌਜਵਾਨ ਫੇਲਿਪ ਹਰਨਾਂਡੇਜ਼ ਐਸਪਿਨੋਸਾ ਪਿਛਲੇ ਸੱਤ ਮਹੀਨਿਆਂ ਤੋਂ ਹਿਰਾਸਤ 'ਚ ਹੈ। ਉਹ ਇੰਨਾ ਪਰੇਸ਼ਾਨ ਹੋ ਚੁੱਕਾ ਹੈ ਕਿ ਉਸਨੇ ਪੰਜ ਵਾਰ ਆਪਣੇ ਦੇਸ਼ ਵਾਪਸ ਭੇਜਣ ਦੀ ਬੇਨਤੀ ਕੀਤੀ ਹੈ, ਪਰ ਉਸਨੂੰ ਜੱਜ ਸਾਹਮਣੇ ਪੇਸ਼ ਹੋਣ ਤੱਕ ਨਹੀਂ ਜਾਣ ਦਿੱਤਾ ਜਾ ਰਿਹਾ।

ਕਾਨੂੰਨੀ ਮਾਹਿਰਾਂ ਤੇ ਮਨੁੱਖੀ ਅਧਿਕਾਰ ਸੰਗਠਨਾਂ ਦਾ ਕਹਿਣਾ ਹੈ ਕਿ ਹਿਰਾਸਤੀ ਕੇਂਦਰਾਂ ਦੀ ਹਾਲਤ ਇੰਨੀ ਮਾੜੀ ਹੈ ਕਿ ਲੋਕ ਡਿਪੋਰਟ ਹੋਣ (ਦੇਸ਼ ਨਿਕਾਲਾ) ਲਈ ਤਿਆਰ ਹਨ, ਤਾਂ ਜੋ ਉਹ ਇਸ ਨਰਕ 'ਚੋਂ ਨਿਕਲ ਸਕਣ। ਕਈ ਅਜਿਹੇ ਮਾਮਲੇ ਵੀ ਸਾਹਮਣੇ ਆਏ ਹਨ, ਜਿੱਥੇ ਲੋਕਾਂ ਨੇ ਆਪਣੇ ਇਮੀਗ੍ਰੇਸ਼ਨ ਕੇਸ ਜਿੱਤ ਲਏ ਹਨ, ਪਰ ਫਿਰ ਵੀ ਉਨ੍ਹਾਂ ਨੂੰ ਰਿਹਾਅ ਨਹੀਂ ਕੀਤਾ ਜਾ ਰਿਹਾ। ਡਿਪਾਰਟਮੈਂਟ ਆਫ ਹੋਮਲੈਂਡ ਸਕਿਓਰਿਟੀ ਨੇ ਇਸ ਸਬੰਧੀ ਪੁੱਛੇ ਗਏ ਸਵਾਲਾਂ ਦਾ ਕੋਈ ਜਵਾਬ ਨਹੀਂ ਦਿੱਤਾ ਹੈ। ਪ੍ਰਵਾਸੀਆਂ ਵਿਚ ਨਿਰਾਸ਼ਾ ਅਤੇ ਮਾਨਸਿਕ ਤਣਾਅ ਲਗਾਤਾਰ ਵਧ ਰਿਹਾ ਹੈ।


Global Allianz

ਕਾਨੂੰਨੀ ਸਲਾਹਾਂ

LAW FIRM LLP



Atul Kapoor
C.E.O

■ ਇਮੀਗਰੇਸ਼ਨ ਸੇਵਾਵਾਂ
■ ਘਰੇਲੂ ਹਿੰਸਾ ਦੇ ਕੇਸ
■ ਨਸ਼ਾ ਕਰਕੇ ਗੱਡੀ ਚਲਾਉਣਾ
■ ਕੰਮ 'ਤੇ ਸੱਟ ਲਗਣਾ

Asylum & Deportation Defense



Neat Allen Sawyer
Attorney at law

Designed By Punjab Mail USA

555 Capitol Mall SUITE 1245, Sacramento, CA 95814
Phone:209-808-2136, 209-952-5578, 1-916-806-7042, Fax: 209-476-7188

ਵਾਹਿਗੁਰੂ ਜੀ ਕਾ ਖਾਲਸਾ ਵਾਹਿਗੁਰੂ ਜੀ ਕੀ ਫਤਿਹ



ਧੰਨ ਧੰਨ

# ਸਤਿਗੁਰੂ ਰਵਿਦਾਸ ਮਹਾਰਾਜ ਜੀ

## ਦੇ 649ਵੇਂ ਪ੍ਰਕਾਸ਼ ਪੁਰਬ ਨੂੰ ਸਮਰਪਿਤ

# 26ਵਾਂ ਮਹਾਨ ਨਗਰ ਕੀਰਤਨ

## 8 ਮਾਰਚ 2026, ਦਿਨ ਐਤਵਾਰ

ਨੂੰ ਸ੍ਰੀ ਗੁਰੂ ਰਵਿਦਾਸ ਟੈਂਪਲ ਰਿਉਲਿੰਡਾ (ਸੈਕਰਾਮੈਂਟੋ) ਵਿਖੇ ਸਮੂਹ ਸਾਧ ਸੰਗਤ ਦੇ ਸਹਿਯੋਗ ਨਾਲ ਸਜਾਇਆ ਜਾ ਰਿਹਾ ਹੈ।



### ਪ੍ਰੋਗਰਾਮ

- ਸੁਕਰਵਾਰ 6 ਮਾਰਚ ਨੂੰ ਸ੍ਰੀ ਅਖੰਡ ਪਾਠ ਸਾਹਿਬ ਆਰੰਭ ਹੋਣਗੇ।
- ਸਨੀਵਾਰ 7 ਮਾਰਚ ਨੂੰ ਸਵੇਰ 10 ਵਜੇ ਤੋਂ ਰਾਤ 10 ਵਜੇ ਤੱਕ ਕੀਰਤਨ ਦੀਵਾਨ ਸਜਾਏ ਜਾਣਗੇ। ਇਸੇ ਦੌਰਾਨ ਬਾਅਦ ਦੁਪਹਿਰ 4 ਵਜੇ ਸ੍ਰੀ ਨਿਸ਼ਾਨ ਸਾਹਿਬ ਦੀ ਸੇਵਾ ਹੋਵੇਗੀ।
- ਐਤਵਾਰ 8 ਮਾਰਚ ਨੂੰ ਰੱਖੇ ਹੋਏ ਸ੍ਰੀ ਅਖੰਡ ਪਾਠ ਸਾਹਿਬ ਦੇ ਭੋਗ ਉਪਰੰਤ 26ਵਾਂ ਮਹਾਨ ਨਗਰ ਕੀਰਤਨ ਸਵੇਰੇ 11 ਵਜੇ ਤੋਂ ਸਾਮ 5 ਵਜੇ ਤੱਕ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਛਤਰ ਛਾਇਆ ਹੇਠ ਅਤੇ ਪੰਜ ਪਿਆਰਿਆ ਦੀ ਅਗਵਾਈ ਵਿਚ ਸਜਾਇਆ ਜਾਵੇਗਾ।
- ਪੰਥ ਪ੍ਰਸਿੱਧ ਰਾਗੀ ਭਾਈ ਸਤਵਿੰਦਰ ਸਿੰਘ, ਭਾਈ ਹਰਵਿੰਦਰ ਸਿੰਘ (ਦਿੱਲੀ ਵਾਲੇ), ਭਾਈ ਕਰਨਜੀਤ ਸਿੰਘ ਖ਼ਾਲਸਾ (ਮਰਹੂਮ ਭਾਈ ਨਿਰਮਲ ਸਿੰਘ ਖ਼ਾਲਸਾ ਦੇ ਭਤੀਜਾ), ਗੁਰੂਘਰ ਦਾ ਹਜ਼ੂਰੀ ਰਾਗੀ ਜਥਾ ਅਤੇ ਹੋਰ ਅਨੇਕਾਂ ਰਾਗੀ, ਢਾਡੀ, ਕੀਰਤਨੀ ਜੱਥੇ ਤਿੰਨੋਂ ਦਿਨ ਸੰਗਤਾਂ ਨੂੰ ਕੀਰਤਨ ਨਾਲ ਨਿਹਾਲ ਕਰਨਗੇ।

ਆਪ ਜੀ ਨੂੰ ਪਰਿਵਾਰਾਂ ਸਮੇਤ ਇਨ੍ਹਾਂ ਸਮਾਗਮਾਂ ਵਿਚ ਹਾਜ਼ਰੀ ਭਰਨ ਦੀ ਬੇਨਤੀ ਕੀਤੀ ਜਾਂਦੀ ਹੈ।

# ਸ੍ਰੀ ਗੁਰੂ ਰਵਿਦਾਸ ਟੈਂਪਲ ਰਿਓ ਲਿੰਡਾ, ਸੈਕਰਾਮੈਂਟੋ

**6221 16th Street Rio Linda, CA 95673**

ਗੁਰੂਘਰ ਦਾ ਫੋਨ : 916-992-1710

Designed by : Punjab Mail USA

# ਭਾਰਤ-ਅਮਰੀਕਾ ਵੱਲੋਂ ਅੰਤਰਿਮ ਵਪਾਰ ਸਮਝੌਤੇ ਲਈ ਸਹਿਮਤੀ ਜ਼ਾਹਿਰ

- **ਭਾਰਤੀ ਵਸਤੂਆਂ 'ਤੇ ਟੈਕਸ ਘੱਟ ਕੇ ਹੋਵੇਗਾ 18 ਫੀਸਦੀ**
- **ਭਾਰਤ ਦੇ ਟੈਕਸਟਾਈਲ, ਚਮੜਾ, ਪਲਾਸਟਿਕ, ਰਬੜ, ਜੈਵਿਕ ਰਸਾਇਣ ਅਤੇ ਕਲਾਤਮਕ ਵਸਤੂਆਂ ਵਰਗੇ ਖੇਤਰਾਂ ਦੇ ਨਿਰਯਾਤ ਨੂੰ ਹੁਲਾਰਾ**



ਵਾਸ਼ਿੰਗਟਨ/ਨਵੀਂ ਦਿੱਲੀ, (ਪੰਜਾਬ ਮੇਲ)- ਭਾਰਤ ਅਤੇ ਅਮਰੀਕਾ ਨੇ ਸ਼ਨਿਚਰਵਾਰ ਨੂੰ ਐਲਾਨ ਕੀਤਾ ਹੈ ਕਿ ਉਨ੍ਹਾਂ ਨੇ ਇੱਕ ਅੰਤਰਿਮ ਵਪਾਰ ਸਮਝੌਤੇ ਲਈ ਫਰੇਮਵਰਕ 'ਤੇ ਸਹਿਮਤੀ ਜਤਾਈ ਹੈ, ਜਿਸ ਦੇ ਤਹਿਤ ਨਵੀਂ ਦਿੱਲੀ 'ਤੇ ਲਗਾਏ ਗਏ ਟੈਕਸ ਨੂੰ ਘਟਾ ਕੇ 18 ਫੀਸਦੀ ਕਰ ਦਿੱਤਾ ਜਾਵੇਗਾ। ਸਮਝੌਤੇ ਅਨੁਸਾਰ, ਭਾਰਤ ਸਾਰੀਆਂ ਅਮਰੀਕੀ ਉਦਯੋਗਿਕ ਵਸਤੂਆਂ ਅਤੇ ਅਮਰੀਕੀ ਭੋਜਨ ਤੇ ਖੇਤੀਬਾੜੀ ਉਤਪਾਦਾਂ ਦੀ ਇੱਕ ਵਿਸ਼ਾਲ ਸ਼੍ਰੇਣੀ 'ਤੇ ਟੈਕਸ ਖਤਮ ਕਰੇਗਾ ਜਾਂ ਘਟਾਏਗਾ, ਜਿਸ ਵਿਚ ਸੁੱਕੇ ਡਿਸਟਿਲਰ ਅਨਾਜ, ਪਸ਼ੂ ਖੁਰਾਕ ਲਈ ਲਾਲ ਸੋਰਘਮ, ਟ੍ਰੀ ਨਟਸ, ਤਾਜ਼ੇ ਅਤੇ ਪ੍ਰੋਸੈਸ ਕੀਤੇ ਫਲ, ਸੋਇਆਬੀਨ ਤੇਲ, ਵਾਈਨ ਤੇ ਸਪਿਰਿਟ ਅਤੇ ਹੋਰ ਉਤਪਾਦ ਸ਼ਾਮਲ ਹਨ।

ਦੋਵਾਂ ਦੇਸ਼ਾਂ ਵੱਲੋਂ ਜਾਰੀ ਇੱਕ ਸਾਂਝੇ ਬਿਆਨ ਵਿਚ ਕਿਹਾ ਗਿਆ ਹੈ, "ਅਮਰੀਕਾ ਅਤੇ ਭਾਰਤ ਇਹ ਐਲਾਨ ਕਰਦੇ ਹੋਏ ਖੁਸ਼ ਹਨ ਕਿ ਉਹ ਆਪਸੀ ਅਤੇ ਲਾਭਕਾਰੀ ਵਪਾਰ ਦੇ ਸਬੰਧ ਵਿਚ ਇੱਕ ਅੰਤਰਿਮ ਸਮਝੌਤੇ ਲਈ ਫਰੇਮਵਰਕ 'ਤੇ ਪਹੁੰਚ ਗਏ ਹਨ।"

ਬਿਆਨ ਵਿਚ ਅੱਗੇ ਕਿਹਾ ਗਿਆ ਕਿ ਇਹ ਫਰੇਮਵਰਕ 13 ਫਰਵਰੀ, 2025 ਨੂੰ ਰਾਸ਼ਟਰਪਤੀ ਡੋਨਲਡ ਜੇ. ਟਰੰਪ ਅਤੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਵੱਲੋਂ ਸ਼ੁਰੂ ਕੀਤੀ ਗਈ ਵਿਆਪਕ ਅਮਰੀਕਾ-ਭਾਰਤ ਦੁਵੱਲੇ ਵਪਾਰ ਸਮਝੌਤੇ (ਬੀ.ਟੀ.ਏ.) ਦੀ ਗੱਲਬਾਤ ਪ੍ਰਤੀ ਦੇਸ਼ਾਂ ਦੀ ਵਚਨਬੱਧਤਾ ਨੂੰ ਮੁੜ ਦੁਹਰਾਉਂਦਾ ਹੈ।

ਸਮਝੌਤੇ ਦੀਆਂ ਮੁੱਖ ਸ਼ਰਤਾਂ ਅਨੁਸਾਰ ਅਮਰੀਕਾ ਭਾਰਤੀ ਵਸਤੂਆਂ 'ਤੇ ਦਰਾਮਦ ਡਿਊਟੀ ਘਟਾ ਕੇ 18 ਫੀਸਦੀ ਕਰੇਗਾ। ਜ਼ਿਕਰਯੋਗ ਹੈ ਕਿ ਪਿਛਲੇ ਸਾਲ ਅਗਸਤ ਵਿਚ ਅਮਰੀਕਾ ਨੇ ਰੂਸੀ ਤੇਲ ਦੀ ਖਰੀਦ ਕਾਰਨ ਭਾਰਤ 'ਤੇ 25 ਫੀਸਦੀ ਪਰਸਪਰ ਟੈਕਸ ਅਤੇ 25 ਫੀਸਦੀ ਵਾਧੂ ਲੇਵੀ ਲਗਾਈ ਸੀ। 50 ਫੀਸਦੀ ਟੈਕਸ ਕਾਰਨ ਭਾਰਤੀ ਨਿਰਯਾਤਕਾਂ ਨੂੰ ਭਾਰੀ ਮਾਰ ਪਈ ਸੀ। ਟੈਕਸ ਵਿਚ ਇਸ ਕਟੌਤੀ ਨਾਲ ਭਾਰਤ ਦੇ ਟੈਕਸਟਾਈਲ, ਚਮੜਾ, ਪਲਾਸਟਿਕ, ਰਬੜ, ਜੈਵਿਕ ਰਸਾਇਣ ਅਤੇ ਕਲਾਤਮਕ ਵਸਤੂਆਂ ਵਰਗੇ ਖੇਤਰਾਂ ਦੇ ਨਿਰਯਾਤ ਨੂੰ ਹੁਲਾਰਾ ਮਿਲੇਗਾ।

ਅੰਤਰਿਮ ਸਮਝੌਤੇ ਦੇ ਸਫਲਤਾਪੂਰਵਕ ਮੁਕੰਮਲ ਹੋਣ 'ਤੇ ਜੈਨਰਿਕ ਦਵਾਈਆਂ, ਰਤਨ ਅਤੇ ਹੀਰੇ, ਅਤੇ ਜਹਾਜ਼ਾਂ ਦੇ ਹਿੱਸਿਆਂ ਸਮੇਤ ਵਸਤੂਆਂ 'ਤੇ ਟੈਕਸ ਜ਼ੀਰੋ ਹੋ ਜਾਵੇਗਾ, ਜੋ 'ਮੇਕ ਇਨ ਇੰਡੀਆ' ਮੁਹਿੰਮ ਨੂੰ ਹੋਰ ਮਜ਼ਬੂਤ ਕਰੇਗਾ। ਭਾਰਤ ਅਗਲੇ ਪੰਜ ਸਾਲਾਂ ਵਿਚ 500 ਬਿਲੀਅਨ ਡਾਲਰ ਦੇ ਅਮਰੀਕੀ ਊਰਜਾ ਉਤਪਾਦ, ਜਹਾਜ਼, ਕੀਮਤੀ ਧਾਤਾਂ ਅਤੇ ਤਕਨਾਲੋਜੀ ਉਤਪਾਦ ਖਰੀਦਣ ਦਾ ਇਰਾਦਾ ਰੱਖਦਾ ਹੈ।

ਦੋਵੇਂ ਦੇਸ਼ ਤਕਨਾਲੋਜੀ ਉਤਪਾਦਾਂ, ਜਿਵੇਂ ਕਿ ਗ੍ਰਾਫਿਕਸ ਪ੍ਰੋਸੈਸਿੰਗ ਯੂਨਿਟਸ (ਜੀ.ਪੀ.ਯੂ.ਐੱਸ.) ਦੇ ਵਪਾਰ ਵਿਚ ਮਹੱਤਵਪੂਰਨ ਵਾਧਾ ਕਰਨਗੇ ਅਤੇ ਸਪਲਾਈ ਚੇਨ ਨੂੰ ਮਜ਼ਬੂਤ ਕਰਨ ਲਈ ਆਰਥਿਕ ਸੁਰੱਖਿਆ ਤਾਲਮੇਲ ਵਧਾਉਣ 'ਤੇ ਵੀ ਸਹਿਮਤ ਹੋਏ ਹਨ।

**ਰੋਜ਼ਾਨਾਂ ਤਾਜ਼ੀਆਂ ਖਬਰਾਂ ਪੜ੍ਹਨ ਲਈ ਪੰਜਾਬ ਮੇਲ ਦੀ ਵੈੱਬਸਾਈਟ 'ਤੇ ਕਲਿੱਕ ਕਰੋ :**
**www.punjabmailusa.com**

# ਭਾਰਤ-ਅਮਰੀਕਾ ਦੀ 'ਸੁਪਰ ਡੀਲ' ਨੇ ਏਸ਼ੀਆਈ ਵਪਾਰਕ ਬਾਜ਼ਾਰ 'ਚ ਮਚਾਇਆ ਤਹਿਲਕਾ



ਨਵੀਂ ਦਿੱਲੀ, (ਪੰਜਾਬ ਮੇਲ)- ਭਾਰਤ ਅਤੇ ਅਮਰੀਕਾ ਵਿਚਾਲੇ ਹੋਈ ਇੱਕ ਨਵੀਂ 'ਸੁਪਰ ਡੀਲ' ਨੇ ਏਸ਼ੀਆਈ ਵਪਾਰਕ ਬਾਜ਼ਾਰ 'ਚ ਤਹਿਲਕਾ ਮਚਾ ਦਿੱਤਾ ਹੈ। ਅਮਰੀਕਾ ਨੇ ਭਾਰਤੀ ਕੱਪੜਿਆਂ 'ਤੇ ਲੱਗਣ ਵਾਲੇ ਇੰਪੋਰਟ ਟੈਕਸ (ਆਯਾਤ ਸ਼ੁਲਕ) ਨੂੰ 50% ਤੋਂ ਘਟਾ ਕੇ ਸਿੱਧਾ 18% ਕਰ ਦਿੱਤਾ ਹੈ। ਇਸ ਫੈਸਲੇ ਨਾਲ ਜਿੱਥੇ ਭਾਰਤੀ ਵਪਾਰੀਆਂ ਵਿਚ ਖੁਸ਼ੀ ਦੀ ਲਹਿਰ ਹੈ, ਉੱਥੇ ਹੀ ਗੁਆਂਢੀ ਦੇਸ਼ ਬੰਗਲਾਦੇਸ਼ ਦੀ ਨੀਂਦ ਉੱਡ ਗਈ ਹੈ ਕਿਉਂਕਿ ਇਸ ਨਾਲ ਉਸ ਦੀ ਆਰਥਿਕਤਾ ਦੀ ਰੀੜ੍ਹ ਦੀ ਹੱਡੀ ਟੁੱਟਣ ਦਾ ਖਤਰਾ ਪੈਦਾ ਹੋ ਗਿਆ ਹੈ।

ਇਸ ਸਮਝੌਤੇ ਤੋਂ ਬਾਅਦ ਅਮਰੀਕਾ ਵਿਚ ਭਾਰਤੀ ਕੱਪੜਾ ਦੂਜੇ ਦੇਸ਼ਾਂ ਦੇ ਮੁਕਾਬਲੇ ਸਭ ਤੋਂ ਸਸਤਾ ਹੋ ਜਾਵੇਗਾ। ਨਵੇਂ ਟੈਰਿਫ ਸਿਸਟਮ ਅਨੁਸਾਰ ਹੁਣ ਭਾਰਤੀ ਸਾਮਾਨ 'ਤੇ ਸਿਰਫ 18% ਟੈਕਸ ਲੱਗੇਗਾ, ਜਦਕਿ ਬੰਗਲਾਦੇਸ਼ (20%), ਵੀਅਤਨਾਮ (20%), ਪਾਕਿਸਤਾਨ (19%) ਅਤੇ ਚੀਨ (30%) ਟੈਕਸ ਦੇ ਮਾਮਲੇ ਵਿਚ ਭਾਰਤ ਤੋਂ ਪਿੱਛੇ ਰਹਿ ਗਏ ਹਨ। ਟੈਕਸਟਾਈਲ ਮੰਤਰਾਲੇ ਅਨੁਸਾਰ, ਜਦੋਂ ਗਲੋਬਲ ਖਰੀਦਦਾਰਾਂ ਨੂੰ ਭਾਰਤ ਤੋਂ ਘੱਟ ਟੈਕਸ 'ਤੇ ਵਧੀਆ ਮਾਲ ਮਿਲੇਗਾ, ਤਾਂ ਉਹ ਦੂਜੇ ਦੇਸ਼ਾਂ ਦਾ ਰੁਖ ਨਹੀਂ ਕਰਨਗੇ।

ਅਮਰੀਕਾ ਦੁਨੀਆਂ ਦਾ ਸਭ ਤੋਂ ਵੱਡਾ ਕੱਪੜਾ ਬਾਜ਼ਾਰ ਹੈ, ਜਿੱਥੇ ਸਾਲਾਨਾ 118 ਅਰਬ ਡਾਲਰ ਦਾ ਕਾਰੋਬਾਰ ਹੁੰਦਾ ਹੈ। ਭਾਰਤ ਪਹਿਲਾਂ ਹੀ ਅਮਰੀਕਾ ਨੂੰ ਕਰੀਬ 10.5 ਅਰਬ ਡਾਲਰ ਦਾ ਕੱਪੜਾ ਨਿਰਯਾਤ ਕਰਦਾ ਹੈ, ਪਰ ਇਸ ਵੱਡੀ ਛੋਟ ਤੋਂ ਬਾਅਦ ਇਸ ਦੇ ਕਈ ਗੁਣਾ ਵਧਣ ਦੀ ਉਮੀਦ ਹੈ। ਭਾਰਤ ਸਰਕਾਰ ਨੇ 2030 ਤੱਕ 100 ਅਰਬ ਡਾਲਰ ਦੇ ਨਿਰਯਾਤ ਦਾ ਟੀਚਾ ਮਿੱਥਿਆ ਹੈ ਅਤੇ ਇਹ ਡੀਲ ਉਸ ਟੀਚੇ ਨੂੰ ਹਾਸਲ ਕਰਨ ਵਿਚ ਸਭ ਤੋਂ ਅਹਿਮ ਭੂਮਿਕਾ ਨਿਭਾਏਗੀ।

ਵਪਾਰਕ ਸਬੰਧਾਂ ਨੂੰ ਮਜ਼ਬੂਤ ਕਰਨ ਲਈ ਭਾਰਤ ਨੇ ਵੀ ਅਮਰੀਕਾ ਨੂੰ ਵੱਡੀ ਰਾਹਤ ਦਿੱਤੀ ਹੈ। ਭਾਰਤ ਨੇ ਅਮਰੀਕਾ ਤੋਂ ਆਉਣ ਵਾਲੇ ਕਈ ਖੇਤੀਬਾੜੀ ਅਤੇ ਉਦਯੋਗਿਕ ਉਤਪਾਦਾਂ 'ਤੇ ਟੈਕਸ ਘਟਾ ਦਿੱਤਾ ਹੈ। ਹੁਣ ਅਮਰੀਕੀ ਬਾਦਾਮ, ਅਖਰੋਟ, ਤਾਜ਼ੇ ਫਲ ਅਤੇ ਸੋਇਆਬੀਨ ਤੇਲ ਭਾਰਤੀ ਬਾਜ਼ਾਰਾਂ ਵਿਚ ਆਸਾਨੀ ਨਾਲ ਅਤੇ ਸਸਤੇ ਭਾਅ 'ਤੇ ਉਪਲਬਧ ਹੋ ਸਕਣਗੇ। ਮਾਹਿਰ ਇਸ ਨੂੰ ਦੋਵਾਂ ਦੇਸ਼ਾਂ ਲਈ 'ਵਿਨ-ਵਿਨ' ਸਥਿਤੀ ਮੰਨ ਰਹੇ ਹਨ।



# ਟਰੰਪ ਦੀ ਟੀਮ ਨੇ ਪੀ.ਓ.ਕੇ. ਨੂੰ ਦੱਸਿਆ ਭਾਰਤ ਦਾ ਹਿੱਸਾ

**ਵਾਸ਼ਿੰਗਟਨ, (ਪੰਜਾਬ ਮੇਲ)-** ਸ਼ਨਿੱਚਰਵਾਰ ਨੂੰ ਜਿਵੇਂ ਹੀ ਭਾਰਤ ਅਤੇ ਅਮਰੀਕਾ ਨੇ ਇੱਕ ਅੰਤਰਿਮ ਵਪਾਰ ਸਮਝੌਤੇ ਲਈ ਫਰੇਮਵਰਕ ਦਾ ਐਲਾਨ ਕੀਤਾ, ਅਮਰੀਕੀ ਵਪਾਰ ਪ੍ਰਤੀਨਿਧੀ ਦੇ ਦਫ਼ਤਰ (ਯੂ.ਐੱਸ.ਟੀ.ਆਰ.) ਵੱਲੋਂ ਜਾਰੀ ਕੀਤੇ ਗਏ ਇੱਕ ਨਕਸ਼ੇ ਨੇ ਆਨਲਾਈਨ ਦੁਨੀਆਂ ਵਿਚ ਸਭ ਦਾ ਧਿਆਨ ਖਿੱਚ ਲਿਆ। ਇਸ ਨਕਸ਼ੇ ਵਿਚ ਪੂਰੇ ਜੰਮੂ-ਕਸ਼ਮੀਰ ਖੇਤਰ — ਜਿਸ ਵਿਚ ਪਾਕਿਸਤਾਨ ਦੇ ਕਬਜ਼ੇ ਵਾਲਾ ਕਸ਼ਮੀਰ (ਪੀ.ਓ.ਕੇ.) ਵੀ ਸ਼ਾਮਲ ਹੈ — ਨੂੰ ਭਾਰਤ ਦੇ ਹਿੱਸੇ ਵਜੋਂ ਦਿਖਾਇਆ ਗਿਆ ਹੈ, ਨਾਲ ਹੀ ਅਕਸਾਈ ਚਿਨ ਨੂੰ ਵੀ ਭਾਰਤ ਦਾ ਹਿੱਸਾ ਦਿਖਾਇਆ ਗਿਆ ਹੈ, ਜਿਸ 'ਤੇ ਚੀਨ ਆਪਣਾ ਦਾਅਵਾ ਕਰਦਾ ਹੈ।

ਹਾਲਾਂਕਿ ਭਾਰਤ ਹਮੇਸ਼ਾ ਇਹ ਕਹਿੰਦਾ ਰਿਹਾ ਹੈ ਕਿ ਜੰਮੂ-ਕਸ਼ਮੀਰ ਦੇਸ਼ ਦਾ ਅਨਿੱਖੜਵਾਂ ਅੰਗ ਹੈ, ਪਰ ਇਹ ਚਿਤਰਣ ਪਿਛਲੇ ਅਮਰੀਕੀ ਨਕਸ਼ਿਆਂ ਨਾਲੋਂ ਵੱਖਰਾ ਹੈ, ਜੋ ਆਮ ਤੌਰ 'ਤੇ ਪੀ.ਓ.ਕੇ. ਨੂੰ ਇੱਕ ਵਿਵਾਦਿਤ ਖੇਤਰ ਵਜੋਂ ਦਿਖਾਉਂਦੇ ਸਨ। ਇਸ ਤਾਜ਼ਾ ਨਕਸ਼ੇ ਨੂੰ




ਵਾਸ਼ਿੰਗਟਨ ਦੇ ਰਵੱਈਏ ਵਿਚ ਇੱਕ ਸੂਖਮ ਪਰ ਮਹੱਤਵਪੂਰਨ ਬਦਲਾਅ ਵਜੋਂ ਦੇਖਿਆ ਜਾ ਰਿਹਾ ਹੈ।

ਇਸ ਕਦਮ ਦਾ ਸਮਾਂ ਕਾਫੀ ਮਹੱਤਵਪੂਰਨ ਹੈ ਕਿਉਂਕਿ ਭਾਰਤ ਅਤੇ ਅਮਰੀਕਾ ਇੱਕ ਤਣਾਅਪੂਰਨ ਦੌਰ ਤੋਂ ਬਾਅਦ ਸਬੰਧਾਂ ਨੂੰ ਮੁੜ ਸਥਾਪਿਤ ਕਰਨ ਦੀ ਕੋਸ਼ਿਸ਼ ਕਰ ਰਹੇ ਹਨ। ਇਸ ਤੋਂ ਪਹਿਲਾਂ ਟਰੰਪ ਪ੍ਰਸ਼ਾਸਨ ਨੇ ਭਾਰਤੀ ਵਸਤੂਆਂ 'ਤੇ 50 ਫੀਸਦੀ ਟੈਕਸ ਲਗਾਇਆ ਸੀ, ਜੋ ਅਮਰੀਕੀ ਸਹਿਯੋਗੀਆਂ ਵਿਚ ਸਭ ਤੋਂ ਵੱਧ ਸੀ। ਅੰਤਰਿਮ ਵਪਾਰ ਫਰੇਮਵਰਕ ਦੇ ਤਹਿਤ, ਹੁਣ ਇਸ ਨੂੰ ਘਟਾ ਕੇ 18 ਫੀਸਦੀ ਕਰ ਦਿੱਤਾ ਗਿਆ ਹੈ, ਜੋ ਕਿਸੇ ਵੀ ਏਸ਼ੀਆਈ ਦੇਸ਼ ਲਈ ਸਭ ਤੋਂ ਘੱਟ ਹੈ।

ਨਕਸ਼ੇ ਦਾ ਜਾਰੀ ਹੋਣਾ ਰਾਸ਼ਟਰਪਤੀ ਡੋਨਲਡ ਟਰੰਪ ਦੀਆਂ ਭਾਰਤ ਅਤੇ ਪਾਕਿਸਤਾਨ ਨੂੰ ਮੁੜ ਇੱਕੋ ਨਜ਼ਰ ਨਾਲ ਦੇਖਣ ਦੀਆਂ ਕੋਸ਼ਿਸ਼ਾਂ ਦੇ ਵਿਚਕਾਰ ਆਇਆ ਹੈ, ਜੋ ਕਿ ਦੋਵਾਂ ਦੇਸ਼ਾਂ ਨੂੰ ਵੱਖਰੇ ਤੌਰ 'ਤੇ ਦੇਖਣ ਦੀ ਲੰਬੇ ਸਮੇਂ ਤੋਂ ਚੱਲੀ ਆ ਰਹੀ ਅਮਰੀਕੀ ਨੀਤੀ ਦੇ ਉਲਟ ਹੈ।

ਅਕਸਾਈ ਚੀਨ ਨੂੰ ਭਾਰਤ ਦੇ ਹਿੱਸੇ ਵਜੋਂ ਸ਼ਾਮਲ ਕਰਨਾ ਵੀ ਉਨਾ ਹੀ ਮਹੱਤਵਪੂਰਨ ਹੈ। ਚੀਨ ਭਾਰਤ ਦੇ ਇਤਰਾਜ਼ਾਂ ਦੇ ਬਾਵਜੂਦ ਲਗਾਤਾਰ ਇਸ ਖੇਤਰ 'ਤੇ ਆਪਣਾ ਦਾਅਵਾ ਕਰਦਾ ਰਿਹਾ ਹੈ। ਨਵੀਂ ਦਿੱਲੀ ਨੇ ਅਕਸਰ ਵਿਦੇਸ਼ੀ ਸਰਕਾਰਾਂ ਅਤੇ ਗਲੋਬਲ ਏਜੰਸੀਆਂ ਦੁਆਰਾ ਇਸ ਦੀਆਂ ਸਰਹੱਦਾਂ, ਖਾਸ ਕਰਕੇ ਜੰਮੂ-ਕਸ਼ਮੀਰ ਅਤੇ ਅਰੁਣਾਚਲ ਪ੍ਰਦੇਸ਼ ਦੇ ਗਲਤ ਚਿਤਰਣ 'ਤੇ ਚਿੰਤਾ ਪ੍ਰਗਟਾਈ ਹੈ।

ਮਾਹਿਰਾਂ ਅਤੇ ਟਿੱਪਣੀਕਾਰਾਂ ਨੇ ਅਮਰੀਕਾ ਦੇ ਇਸ ਕਦਮ ਦਾ ਸਵਾਗਤ ਕੀਤਾ ਹੈ। ਰਿਪੋਰਟ ਅਨੁਸਾਰ, ਸੇਵਾਮੁਕਤ ਮੇਜਰ ਗੌਰਵ ਆਰੀਆ ਨੇ ਇਸ ਚਿਤਰਣ ਦੀ ਸ਼ਲਾਘਾ ਕਰਦੇ ਹੋਏ ਇਸ ਨੂੰ ਭਾਰਤ ਦੀ ਖੇਤਰੀ ਸਥਿਤੀ ਲਈ ਸਮਰਥਨ ਦਾ ਸਪੱਸ਼ਟ ਸੰਕੇਤ ਦੱਸਿਆ ਹੈ। ਕਈ ਵਿਸ਼ਲੇਸ਼ਕਾਂ ਨੇ ਇਸ ਨੂੰ ਪਾਕਿਸਤਾਨ ਦੀ ਵਾਸ਼ਿੰਗਟਨ ਵਿਚ ਹਾਲੀਆ ਕੂਟਨੀਤਕ ਪਹੁੰਚ ਲਈ ਇੱਕ ਝਟਕਾ ਦੱਸਿਆ ਹੈ। ਪਿਛਲੇ 6 ਮਹੀਨਿਆਂ ਵਿਚ, ਪਾਕਿਸਤਾਨ ਦੇ ਫੌਜ ਮੁਖੀ ਜਨਰਲ ਆਸਿਮ ਮੁਨੀਰ ਨੇ ਤਿੰਨ ਵਾਰ ਅਮਰੀਕਾ ਦਾ ਦੌਰਾ ਕੀਤਾ ਹੈ ਅਤੇ ਰਾਸ਼ਟਰਪਤੀ ਟਰੰਪ ਨਾਲ ਦੋ ਮੁਲਾਕਾਤਾਂ ਕੀਤੀਆਂ ਹਨ, ਜਿਸ ਵਿਚ ਜੂਨ ਵਿਚ ਹੋਇਆ ਇੱਕ ਬਹੁ-ਚਰਚਿਤ ਲੰਚ ਵੀ ਸ਼ਾਮਲ ਹੈ।

# ਕੈਨੇਡਾ 'ਚ ਗੋਲੀਬਾਰੀ ਦੀ ਘਟਨਾ ਭਾਰਤੀ-ਕੈਨੇਡੀਅਨ ਵਿਅਕਤੀ ਦੀ ਮੌਤ

**ਟੋਰਾਂਟੋ, (ਪੰਜਾਬ ਮੇਲ)-** ਕੈਨੇਡਾ ਦੇ ਟੋਰਾਂਟੋ ਸ਼ਹਿਰ ਦੇ ਇੱਕ ਵਿਅਸਤ ਸ਼ਾਪਿੰਗ ਸੈਂਟਰ ਦੀ ਪਾਰਕਿੰਗ ਵਿਚ ਅਣਪਛਾਤੇ ਹਮਲਾਵਰਾਂ ਵੱਲੋਂ ਕੀਤੀ ਗਈ ਗੋਲੀਬਾਰੀ ਵਿਚ 37 ਸਾਲਾ ਭਾਰਤੀ-ਕੈਨੇਡੀਅਨ ਵਿਅਕਤੀ ਦੀ ਮੌਤ ਹੋ ਗਈ। ਟੋਰਾਂਟੋ ਪੁਲਿਸ ਵੱਲੋਂ ਜਾਰੀ ਬਿਆਨ ਅਨੁਸਾਰ ਮ੍ਰਿਤਕ ਦੀ ਪਛਾਣ ਚੰਦਨ ਕੁਮਾਰ ਰਾਜਾ ਨੰਦਕੁਮਾਰ ਵਜੋਂ ਹੋਈ ਹੈ, ਜੋ ਬਰੈਂਪਟਨ ਦਾ ਰਹਿਣ ਵਾਲਾ ਸੀ। ਚੰਦਨ ਕੁਮਾਰ ਮੂਲ ਰੂਪ ਵਿਚ ਭਾਰਤ ਦੇ ਕਰਨਾਟਕ ਰਾਜ ਨਾਲ ਸਬੰਧਤ ਸੀ ਅਤੇ ਪੇਸ਼ੇ ਵਜੋਂ ਇੱਕ ਆਈ.ਟੀ. ਮਾਹਰ ਸੀ।

ਪੁਲਿਸ ਮੁਤਾਬਕ ਇਹ ਘਟਨਾ ਸ਼ਨੀਵਾਰ ਦੁਪਹਿਰ ਲਗਭਗ 3:31 ਵਜੇ ਰੇਕਸਡੇਲ ਬੁਲੇਵਾਰਡ ਅਤੇ ਹਾਈਵੇਅ 27 'ਤੇ ਸਥਿਤ ਵੁੱਡਬਾਈਨ ਸ਼ਾਪਿੰਗ ਸੈਂਟਰ ਦੀ ਪਾਰਕਿੰਗ ਵਿਚ ਵਾਪਰੀ। ਗੋਲੀਬਾਰੀ ਦੀ ਸੂਚਨਾ ਮਿਲਣ 'ਤੇ ਜਦੋਂ ਅਧਿਕਾਰੀ ਮੌਕੇ 'ਤੇ ਪਹੁੰਚੇ ਤਾਂ ਉਨ੍ਹਾਂ ਨੂੰ ਚੰਦਨ ਕੁਮਾਰ ਗੰਭੀਰ ਜ਼ਖ਼ਮੀ ਹਾਲਤ ਵਿਚ ਮਿਲਿਆ। ਉਸ ਨੂੰ ਤੁਰੰਤ ਹਸਪਤਾਲ ਲਿਜਾਇਆ ਗਿਆ, ਪਰ ਇਲਾਜ ਦੌਰਾਨ ਉਸ ਨੇ ਦਮ ਤੋੜ ਦਿੱਤਾ।

ਪੁਲਿਸ ਇੰਸਪੈਕਟਰ ਐਰੋਲ ਵਾਟਸਨ ਨੇ ਦੱਸਿਆ ਕਿ ਇਹ ਕੋਈ ਅਚਾਨਕ ਵਾਪਰੀ ਘਟਨਾ ਨਹੀਂ

**■ ਸ਼ਾਪਿੰਗ ਸੈਂਟਰ ਦੀ ਪਾਰਕਿੰਗ 'ਚ ਅੰਨ੍ਹੇਵਾਹ ਮਾਰੀਆਂ ਗੋਲੀਆਂ**



ਲੱਗਦੀ, ਸਗੋਂ ਇਹ ਇੱਕ ਟਾਰਗੇਟਿਡ ਹਮਲਾ ਸੀ। ਘਟਨਾ ਵਾਲੀ ਥਾਂ ਤੋਂ ਮਿਲੀਆਂ ਤਸਵੀਰਾਂ ਵਿਚ ਇੱਕ ਚਿੱਟੇ ਰੰਗ ਦੀ ਐੱਸ.ਯੂ.ਵੀ. ਦੇ ਮੂਹਰਲੇ ਸ਼ੀਸ਼ੇ ਅਤੇ ਡਰਾਈਵਰ ਵਾਲੇ ਪਾਸੇ ਦੀ ਖਿੜਕੀ 'ਤੇ ਗੋਲੀਆਂ ਦੇ ਨਿਸ਼ਾਨ ਸਾਫ਼ ਦਿਖਾਈ ਦੇ ਰਹੇ ਹਨ।

ਵਾਰਦਾਤ ਨੂੰ ਅੰਜਾਮ ਦੇਣ ਤੋਂ ਬਾਅਦ ਸ਼ੱਕੀ ਹਮਲਾਵਰ ਆਪਣੀ ਗੱਡੀ ਵਿਚ ਸਵਾਰ ਹੋ ਕੇ ਮੌਕੇ ਤੋਂ ਫ਼ਰਾਰ ਹੋ ਗਏ। ਟੋਰਾਂਟੋ 'ਚ ਇਸ ਸਾਲ ਕਤਲ ਦੀ ਇਹ ਤੀਜੀ ਵਾਰਦਾਤ ਹੈ। ਪੁਲਿਸ ਇਸ ਗੱਲ ਦੀ ਜਾਂਚ ਕਰ ਰਹੀ ਹੈ ਕਿ ਹਮਲੇ ਵਿਚ ਕਿੰਨੇ ਸ਼ੱਕੀ ਸ਼ਾਮਲ ਸਨ ਅਤੇ ਕਿੰਨੇ ਰਾਊਂਡ ਫਾਇਰ ਕੀਤੇ ਗਏ। ਫਿਲਹਾਲ ਗੋਲੀਬਾਰੀ ਦੇ ਅਸਲ ਕਾਰਨਾਂ ਦਾ ਪਤਾ ਨਹੀਂ ਲੱਗ ਸਕਿਆ ਹੈ।

# ਅਮਰੀਕੀ ਸੰਸਦ ਮੈਂਬਰ ਵੱਲੋਂ ਇਸਲਾਮੀਕਰਨ 'ਤੇ ਚਿੰਤਾ ਜ਼ਾਹਿਰ

**ਵਾਸ਼ਿੰਗਟਨ, (ਪੰਜਾਬ ਮੇਲ)-** ਅਮਰੀਕਾ ਦੇ ਇਕ ਸੰਸਦ ਮੈਂਬਰ ਨੇ ਟੈਕਸਾਸ ਸੂਬੇ ਦੇ ਕੁਝ ਚੋਣ ਹਲਕਿਆਂ ਵਿਚ ਹੋ ਰਹੇ 'ਇਸਲਾਮੀਕਰਨ' 'ਤੇ ਚਿੰਤਾ ਪ੍ਰਗਟ ਕਰਦਿਆਂ ਕਿਹਾ ਹੈ ਕਿ ਉੱਥੋਂ ਦੇ ਸਥਾਨਕ ਮਾਲ ਵਿਚ ਜਾ ਕੇ 'ਅਜਿਹਾ ਲੱਗਦਾ ਹੈ ਜਿਵੇਂ ਤੁਸੀਂ ਡਲਾਸ ਵਿਚ ਨਹੀਂ, ਸਗੋਂ ਪਾਕਿਸਤਾਨ ਵਿਚ ਹੋ।'

ਸੰਸਦ ਮੈਂਬਰ ਬ੍ਰੈਂਡਨ ਗਿੱਲ ਨੇ ਸ਼ੁੱਕਰਵਾਰ ਨੂੰ ਇੱਕ ਇੰਟਰਵਿਊ ਦੌਰਾਨ ਕਿਹਾ, 'ਮੈਨੂੰ ਆਪਣੇ ਵੋਟਰਾਂ ਤੋਂ ਲਗਾਤਾਰ ਸ਼ਿਕਾਇਤਾਂ ਮਿਲ



ਰਹੀਆਂ ਹਨ, ਜੋ ਡਲਾਸ ਖੇਤਰ ਦੇ ਇਸਲਾਮੀਕਰਨ ਨੂੰ ਲੈ ਕੇ ਬਹੁਤ ਚਿੰਤਤ ਹਨ।' ਰਿਪਬਲਿਕਨ ਪਾਰਟੀ ਦੇ ਸੰਸਦ ਮੈਂਬਰ ਨੇ ਕਿਹਾ ਕਿ ਉਨ੍ਹਾਂ ਦੇ ਚੋਣ ਹਲਕੇ ਦੇ ਲੋਕਾਂ ਨੂੰ 'ਉਨ੍ਹਾਂ ਮਸਜਿਦਾਂ ਬਾਰੇ ਸੁਣਨ ਨੂੰ ਮਿਲ ਰਿਹਾ ਹੈ, ਜੋ ਉਸ ਜ਼ਮੀਨ ਦੇ ਕੋਲ ਬਣ ਰਹੀਆਂ ਹਨ, ਜਿਸ 'ਤੇ ਉਨ੍ਹਾਂ ਦਾ ਜਾਂ ਉਨ੍ਹਾਂ ਦੇ ਪਰਿਵਾਰ ਦਾ ਪੀੜ੍ਹੀਆਂ ਤੋਂ ਮਾਲਕਾਨਾ ਹੱਕ ਰਿਹਾ ਹੈ।'

ਉਨ੍ਹਾਂ ਕਿਹਾ, 'ਸਾਡਾ ਪੂਰਾ ਭਾਈਚਾਰਾ ਬਦਲ ਰਿਹਾ ਹੈ। ਤੁਸੀਂ ਆਪਣੇ ਹਲਕੇ ਦੇ ਲੋਕਾਂ ਨੂੰ ਆਪਣੇ ਸਥਾਨਕ ਮਾਲ ਵਿਚ ਜਾਣ ਦੀ ਗੱਲ ਕਰਦੇ ਹੋਏ ਸੁਣਦੇ ਹੋ ਅਤੇ ਜਦੋਂ ਤੁਸੀਂ ਚਾਰੇ ਪਾਸੇ ਦੇਖਦੇ ਹੋ, ਤਾਂ ਅਜਿਹਾ ਲੱਗਦਾ ਹੈ ਕਿ ਤੁਸੀਂ ਡਲਾਸ, ਟੈਕਸਾਸ ਵਿਚ ਨਹੀਂ, ਸਗੋਂ ਪਾਕਿਸਤਾਨ ਵਿਚ ਹੋ। ਇਹ ਇਕ ਸਮੱਸਿਆ ਹੈ।' ਗਿੱਲ ਅਮਰੀਕੀ ਪ੍ਰਤੀਨਿਧੀ ਸਭਾ ਵਿਚ ਟੈਕਸਾਸ ਦੇ 26ਵੇਂ ਕਾਂਗਰੇਸ਼ਨਲ ਡਿਸਟ੍ਰਿਕਟ ਦੀ ਨੁਮਾਇੰਦਗੀ ਕਰਦੇ ਹਨ। ਗਿੱਲ 2024 ਵਿਚ ਕਾਂਗਰਸ ਲਈ ਚੁਣੇ ਗਏ ਸਨ ਅਤੇ ਉਹ ਪ੍ਰਤੀਨਿਧੀ ਸਭਾ ਦੀ ਨਿਆਂਪਾਲਿਕਾ, ਬਜਟ ਅਤੇ ਨਿਗਰਾਨੀ ਕਮੇਟੀਆਂ ਵਿਚ ਕੰਮ ਕਰ ਰਹੇ ਹਨ।

**ਰੋਜ਼ਾਨਾਂ ਤਾਜ਼ੀਆਂ ਖਬਰਾਂ ਪੜ੍ਹਨ ਲਈ ਪੰਜਾਬ ਮੇਲ ਦੀ ਵੈੱਬਸਾਈਟ 'ਤੇ ਕਲਿੱਕ ਕਰੋ : www.punjabmailusa.com**

# ਮਿਨੀਆਪੋਲਿਸ 'ਚ ਫੈਡਰਲ ਇਮਾਰਤ ਦੇ ਬਾਹਰ ਰੋਸ ਪ੍ਰਦਰਸ਼ਨ; ਪ੍ਰਦਰਸ਼ਨਕਾਰੀ ਗ੍ਰਿਫ਼ਤਾਰ




*ਮਿਨੀਆਪੋਲਿਸ ਦੇ ਪਾਊਡਰਹੋਰਨ ਪਾਰਕ ਵਿੱਚ ਲੋਕ ਪਿਛਲੇ ਮਹੀਨੇ ਆਵਾਸ ਅਤੇ ਕਸਟਮਜ਼ ਅਧਿਕਾਰੀਆਂ ਦੀ ਗੋਲੀ ਦਾ ਸ਼ਿਕਾਰ ਬਣੀ ਰਿਨੀ ਨਿਕੋਲ ਗੁੱਡ ਨੂੰ ਸ਼ਰਧਾਂਜਲੀ ਭੇਟ ਕਰਦੇ ਹੋਏ।*

**ਮਿਨੀਪੋਲਿਸ, (ਪੰਜਾਬ ਮੇਲ)-** ਮਿਨੀਆਪੋਲਿਸ 'ਚ ਇਮੀਗ੍ਰੇਸ਼ਨ ਅਧਿਕਾਰੀ ਦੇ ਹੱਥੋਂ ਮਿਨੀਸੋਟਾ ਦੀ ਮਹਿਲਾ ਦੀ ਮੌਤ ਨੂੰ ਮਹੀਨਾ ਪੂਰਾ ਹੋਣ 'ਤੇ ਸ਼ਨਿੱਚਰਵਾਰ ਨੂੰ ਫੈਡਰਲ ਇਮਾਰਤ ਦੇ ਬਾਹਰ ਪ੍ਰਦਰਸ਼ਨ ਕਰ ਰਹੇ ਕਈ ਪ੍ਰਦਰਸ਼ਨਕਾਰੀਆਂ ਨੂੰ ਪੁਲਿਸ ਨੇ ਗ੍ਰਿਫ਼ਤਾਰ ਕਰ ਲਿਆ। ਜ਼ਿਕਰਯੋਗ ਹੈ ਕਿ 7 ਜਨਵਰੀ ਨੂੰ ਰੈਨੀ ਗੁੱਡ ਦੀ ਉਸ ਸਮੇਂ ਮੌਤ ਹੋ ਗਈ ਸੀ, ਜਦੋਂ ਉਹ ਮਿਨੀਪੋਲਿਸ ਦੇ ਇੱਕ ਇਲਾਕੇ ਵਿਚ ਇਮੀਗ੍ਰੇਸ਼ਨ ਅਧਿਕਾਰੀਆਂ ਤੋਂ ਬਚ ਕੇ ਆਪਣੀ ਗੱਡੀ ਵਿਚ ਜਾ ਰਹੀ ਸੀ। ਉਸ ਦੀ ਮੌਤ ਤੋਂ ਕੁਝ ਹਫ਼ਤਿਆਂ ਬਾਅਦ ਇੱਕ ਹੋਰ ਵਸਨੀਕ ਐਲੇਕਸ ਪ੍ਰੈਟੀ ਦੀ ਮੌਤ

**■ ਔਰਤ ਦੀ ਮੌਤ ਨੂੰ ਮਹੀਨਾ ਹੋਣ 'ਤੇ ਕੀਤਾ ਜਾ ਰਿਹਾ ਸੀ ਰੋਸ ਪ੍ਰਦਰਸ਼ਨ**

ਹੋਣ ਕਾਰਨ ਰਾਸ਼ਟਰਪਤੀ ਡੋਨਲਡ ਟਰੰਪ ਦੀ ਇਮੀਗ੍ਰੇਸ਼ਨ ਸਖ਼ਤੀ ਵਿਰੁੱਧ ਦੇਸ਼ ਭਰ 'ਚ ਰੋਸ ਫੈਲ ਗਿਆ। ਬਿਸ਼ਪ ਹੈਨਰੀ ਵਿਪਲ ਫੈਡਰਲ ਬਿਲਡਿੰਗ ਦੇ ਸਾਹਮਣੇ ਵੱਡੀ ਗਿਣਤੀ ਪ੍ਰਦਰਸ਼ਨਕਾਰੀ ਇਕੱਠੇ ਹੋਏ। ਉਨ੍ਹਾਂ ਇਮਾਰਤ ਦੀ ਸੁਰੱਖਿਆ ਕਰ ਰਹੇ ਪੁਲਿਸ ਮੁਲਾਜ਼ਮਾਂ 'ਤੇ ਬੋਤਲਾਂ ਅਤੇ ਹੋਰ ਚੀਜ਼ਾਂ ਸੁੱਟੀਆਂ। ਜਦੋਂ ਭੀੜ ਨੇ ਬਰਫ਼ ਦੇ ਟੁਕੜੇ ਸੁੱਟਣੇ ਸ਼ੁਰੂ ਕੀਤੇ, ਤਾਂ ਪੁਲਿਸ ਨੇ ਕਈ ਪ੍ਰਦਰਸ਼ਨਕਾਰੀਆਂ ਨੂੰ ਹਿਰਾਸਤ ਵਿਚ ਲੈ ਲਿਆ।

## ਟਰੰਪ ਵੱਲੋਂ ਰੂਸ-ਯੂਕਰੇਨ ਜੰਗ ਖਤਮ ਕਰਨ ਲਈ ਸਖਤ ਅਲਟੀਮੇਟਮ

**ਵਾਸ਼ਿੰਗਟਨ, (ਪੰਜਾਬ ਮੇਲ)-** ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਰੂਸ ਅਤੇ ਯੂਕਰੇਨ ਵਿਚਾਲੇ ਚੱਲ ਰਹੀ ਭਿਆਨਕ ਜੰਗ ਨੂੰ ਹਮੇਸ਼ਾ ਲਈ ਖਤਮ ਕਰਨ ਲਈ ਇੱਕ ਸਖ਼ਤ ਡੈੱਡਲਾਈਨ ਤੈਅ ਕਰ ਦਿੱਤੀ ਹੈ। ਇਸ ਗੱਲ ਦਾ ਸਨਸਨੀਖੇਜ਼ ਖੁਲਾਸਾ ਖੁਦ ਯੂਕਰੇਨ ਦੇ ਰਾਸ਼ਟਰਪਤੀ ਵੋਲੋਦੀਮੀਰ ਜ਼ੈਲੇਂਸਕੀ ਨੇ ਕੀਤਾ ਹੈ। ਜ਼ੈਲੇਂਸਕੀ ਮੁਤਾਬਕ ਟਰੰਪ ਨੇ ਦੋਵਾਂ ਦੇਸ਼ਾਂ ਨੂੰ ਜੂਨ 2026 ਤੋਂ ਪਹਿਲਾਂ ਜੰਗ ਖਤਮ ਕਰਨ ਦਾ ਅਲਟੀਮੇਟਮ ਦਿੱਤਾ ਹੈ। ਕਾਰਵਾਈ ਜ਼ੈਲੇਂਸਕੀ ਨੇ ਦੱਸਿਆ ਕਿ ਅਮਰੀਕੀ ਪ੍ਰਸ਼ਾਸਨ ਨੇ ਕਿਸੇ ਸਮਝੌਤੇ 'ਤੇ ਪਹੁੰਚਣ ਲਈ ਜੂਨ ਤੱਕ ਦਾ ਸਮਾਂ ਦਿੱਤਾ ਹੈ। ਜੇਕਰ ਇਸ ਨਿਰਧਾਰਿਤ ਸਮੇਂ ਵਿਚ ਜੰਗ ਖਤਮ ਨਹੀਂ ਹੁੰਦੀ, ਤਾਂ ਟਰੰਪ ਪ੍ਰਸ਼ਾਸਨ ਦੋਵਾਂ ਪੱਖਾਂ 'ਤੇ ਦਬਾਅ ਬਣਾਉਣ ਲਈ ਕੁਝ ਨਵੇਂ ਅਤੇ ਸਖ਼ਤ ਕਦਮ ਚੁੱਕ ਸਕਦਾ ਹੈ। ਟਰੰਪ ਪ੍ਰਸ਼ਾਸਨ ਇਸੇ ਗਰਮੀ ਦੇ ਸੀਜ਼ਨ ਵਿਚ ਜੰਗ ਨੂੰ ਖਤਮ ਕਰਨ ਦੇ ਪ੍ਰਸਤਾਵ 'ਤੇ ਤੇਜ਼ੀ ਨਾਲ ਅੱਗੇ ਵਧ ਰਿਹਾ ਹੈ।

ਯੂਕਰੇਨੀ ਰਾਸ਼ਟਰਪਤੀ ਨੇ ਕਿਹਾ ਕਿ ਉਹ ਜੂਨ ਤੱਕ ਸਭ ਕੁਝ ਹੱਲ ਕਰਨਾ ਚਾਹੁੰਦੇ ਹਨ ਅਤੇ ਜੰਗ ਨੂੰ ਰੋਕਣ ਲਈ ਹਰ ਸੰਭਵ ਕੋਸ਼ਿਸ਼ ਕਰਨਗੇ। ਉਨ੍ਹਾਂ ਨੇ ਇਹ ਵੀ ਕਿਹਾ ਕਿ ਉਹ ਸਾਰੀਆਂ ਘਟਨਾਵਾਂ ਅਤੇ ਹਾਲਾਤ ਦਾ ਇੱਕ ਸਪੱਸ਼ਟ ਵੇਰਵਾ ਚਾਹੁੰਦੇ ਹਨ ਤਾਂ ਜੋ ਸ਼ਾਂਤੀ ਦੀ ਪ੍ਰਕਿਰਿਆ ਨੂੰ ਅੱਗੇ ਵਧਾਇਆ ਜਾ ਸਕੇ।

MARS ONE SERVICES INC




Michael S. Bathla
CPA*, EA, MBA
President
Michael@MarsOneCPA.com
* Licensed in Nevada and California




3650 Auburn Blvd. Suite B
Sacramento, CA 95821

Mobile : (916) 300-8887
Office : (916) 696-7800, Fax: (916) 333-1717
• MarsOneTaxes@gmail.com

# 328 ਪਾਵਨ ਸਰੂਪਾਂ ਦੇ ਮਾਮਲੇ 'ਚ ਬਣਾਈ 'ਸਿੱਟ' 'ਚ ਸਿਰਫ਼ ਅੰਮ੍ਰਿਤਧਾਰੀ ਅਧਿਕਾਰੀ ਸ਼ਾਮਲ ਕੀਤੇ ਜਾਣ : ਜਥੇਦਾਰ ਗੜਗੱਜ

**ਅੰਮ੍ਰਿਤਸਰ, (ਪੰਜਾਬ ਮੇਲ)-** ਪਾਵਨ ਸਰੂਪਾਂ ਨਾਲ ਜੁੜੇ ਮਾਮਲੇ ਦੀ ਜਾਂਚ ਲਈ ਬਣਾਈ ਗਈ 'ਸਿੱਟ' (ਐੱਸ.ਆਈ.ਟੀ.) ਨੂੰ ਲੈ ਕੇ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਕੁਲਦੀਪ ਸਿੰਘ ਗੜਗੱਜ ਨੇ ਆਪਣਾ ਸਪੱਸ਼ਟ ਪੱਖ ਰੱਖਿਆ ਹੈ। ਉਨ੍ਹਾਂ ਕਿਹਾ ਕਿ ਐੱਸ.ਆਈ.ਟੀ. ਵਿਚ ਸਿਰਫ਼ ਅੰਮ੍ਰਿਤਧਾਰੀ ਅਧਿਕਾਰੀਆਂ ਨੂੰ ਹੀ ਸ਼ਾਮਲ ਕੀਤਾ ਜਾਵੇ, ਜਿਨ੍ਹਾਂ ਨੂੰ ਸਿੱਖ ਮਰਿਆਦਾ ਦੀ ਪੂਰੀ ਸਮਝ ਹੋਵੇ, ਤਾਂ ਜੋ ਜਾਂਚ ਸਹੀ ਢੰਗ ਨਾਲ ਅੱਗੇ ਵਧ ਸਕੇ। ਉਨ੍ਹਾਂ ਨੇ ਜ਼ੋਰ ਦਿੱਤਾ ਕਿ ਜਾਂਚ ਦੌਰਾਨ ਹਰ ਹਾਲਤ ਵਿਚ ਸਿੱਖ ਮਰਿਆਦਾ ਦਾ ਪੂਰਾ ਧਿਆਨ ਰੱਖਿਆ ਜਾਵੇ।



ਇਸ ਦੌਰਾਨ ਜਥੇਦਾਰ ਕੁਲਦੀਪ ਸਿੰਘ ਗੜਗੱਜ ਨੇ ਸੰਗਤ ਨੂੰ ਅਪੀਲ ਕੀਤੀ ਕਿ ਹੋਲਾ ਮਹੱਲਾ ਨੇੜੇ ਆ ਰਿਹਾ ਹੈ ਅਤੇ ਸੰਗਤ ਗੁਰੂ ਦੀ ਮਰਿਆਦਾ ਅਨੁਸਾਰ ਹੀ ਹੋਲਾ ਮਹੱਲਾ ਮਨਾਏ। ਉਨ੍ਹਾਂ ਸਪੱਸ਼ਟ ਕੀਤਾ ਕਿ ਹੋਲਾ ਮਹੱਲੇ ਨੂੰ ਹੋਲੀ ਵਿਚ ਤਬਦੀਲ ਨਾ ਕੀਤਾ ਜਾਵੇ ਅਤੇ ਨਾ ਹੀ ਕਿਸੇ ਸ਼ਰਧਾਲੂ 'ਤੇ ਰੰਗ ਪਾਏ ਜਾਣ।

ਉਨ੍ਹਾਂ ਕਿਹਾ ਕਿ ਹੋਲਾ ਮਹੱਲਾ ਉਸੇ ਰਿਵਾਇਤ ਅਨੁਸਾਰ ਮਨਾਇਆ ਜਾਵੇ, ਜੋ ਗੁਰੂ ਸਾਹਿਬਾਨ ਵੱਲੋਂ ਦਿੱਤੀ ਗਈ ਹੈ। ਜਥੇਦਾਰ ਨੇ ਆਖਿਆ ਕਿ ਪਵਿੱਤਰ ਧਰਤੀ ਸ੍ਰੀ ਅਨੰਦਪੁਰ ਸਾਹਿਬ 'ਤੇ ਰੰਗ ਲਿਆਉਣਾ, ਰੰਗ ਸੁੱਟਣਾ ਤੇ ਰੰਗ ਵੇਚਣ 'ਤੇ ਪੂਰੀ ਤਰ੍ਹਾਂ ਨਾਲ ਪਾਬੰਦੀ ਲੱਗੇਗੀ। ਉਨ੍ਹਾਂ ਸਾਫ਼ ਕੀਤਾ ਕਿ ਕੋਈ ਵੀ ਸੰਗਤ ਰੰਗ ਨਾ ਤਾਂ ਸੁੱਟੇਗੀ ਅਤੇ ਨਾ ਹੀ ਵੇਚੇਗੀ। ਜੇਕਰ ਕੋਈ ਇਸ ਹੁਕਮ ਦੀ ਉਲੰਘਣਾ ਕਰਦਾ ਹੈ, ਤਾਂ ਉਸ ਦੇ ਖ਼ਿਲਾਫ਼ ਸਖ਼ਤ ਕਾਰਵਾਈ ਕੀਤੀ ਜਾਵੇਗੀ।

## ਬਰੈਂਪਟਨ 'ਚ 4 ਫਰਵਰੀ ਨੂੰ 'ਸਾਕਾ ਨਕੋਦਰ ਦਿਵਸ' ਵਜੋਂ ਮਾਨਤਾ

**ਜਲੰਧਰ, (ਪੰਜਾਬ ਮੇਲ)-** ਕੈਨੇਡਾ ਦੇ ਸ਼ਹਿਰ ਬਰੈਂਪਟਨ ਦੇ ਮੇਅਰ ਪੈਟਰਿਕ ਬਰਾਊਨ ਨੇ 4 ਫਰਵਰੀ ਨੂੰ 'ਸਾਕਾ ਨਕੋਦਰ ਦਿਵਸ' ਵਜੋਂ ਮਨਾਉਣ ਦਾ ਐਲਾਨ ਕੀਤਾ ਹੈ। ਬਰੈਂਪਟਨ ਕੈਨੇਡਾ ਦਾ ਪਹਿਲਾਂ ਸ਼ਹਿਰ ਬਣ ਗਿਆ ਹੈ, ਜਿਸ ਨੇ 4 ਫਰਵਰੀ ਨੂੰ 'ਸਾਕਾ ਨਕੋਦਰ ਦਿਵਸ' ਵਜੋਂ ਮਨਾਉਣ ਨੂੰ ਮਾਨਤਾ ਦਿੱਤੀ ਹੈ। ਇਸ ਤੋਂ ਬਾਅਦ ਕੈਨੇਡਾ ਦੇ ਸੂਬਾ ਅਲਬਰਟਾ ਦੇ ਸ਼ਹਿਰ ਐਡਮੰਟਨ ਦੇ ਮੇਅਰ ਐਂਡਰਿਊ ਨੈਕ ਨੇ ਵੀ 4 ਫਰਵਰੀ ਨੂੰ 'ਸਾਕਾ ਨਕੋਦਰ ਦਿਵਸ' ਵਜੋਂ ਮਨਾਉਣ ਦਾ ਐਲਾਨ ਕੀਤਾ ਹੈ। ਇਸ ਤੋਂ ਪਹਿਲਾਂ ਅਮਰੀਕਾ ਦੇ ਕਈ ਸ਼ਹਿਰਾਂ ਵਿਚ 'ਸਾਕਾ ਨਕੋਦਰ' ਨੂੰ ਮਾਨਤਾ ਦਿੱਤੀ ਗਈ ਹੈ। ਬਰੈਂਪਟਨ ਸਿਟੀ ਕੌਂਸਲ ਦੇ ਮੇਅਰ ਪੈਟਰਿਕ ਬਰਾਊਨ ਨੇ ਕਿਹਾ ਕਿ ਬਰੈਂਪਟਨ ਸ਼ਹਿਰ ਪੀੜਤਾਂ ਨੂੰ ਯਾਦ ਕਰਦਿਆਂ ਉਨ੍ਹਾਂ ਦਾ ਸਨਮਾਨ ਕਰਦਾ ਹੈ। ਉਨ੍ਹਾਂ ਆਪਣੇ ਪੱਤਰ ਵਿਚ ਲਿਖਿਆ ਕਿ 4 ਫਰਵਰੀ ਦਾ ਦਿਨ ਨਕੋਦਰ ਵਰਗੇ ਸ਼ਹਿਰ ਵਿਚ ਚਾਰ ਸਿੱਖ ਨੌਜਵਾਨਾਂ ਦਾ ਕਤਲ ਕੀਤੇ ਜਾਣ ਦੀ ਯਾਦ ਦਿਵਾਉਂਦਾ ਹੈ। ਉਨ੍ਹਾਂ ਕਿਹਾ ਕਿ 4 ਫਰਵਰੀ, 1986 ਵਾਲੇ ਦਿਨ ਸੁਰੱਖਿਆ ਬਲਾਂ ਨੇ ਕਿਸੇ ਚਿਤਾਵਨੀ ਅਤੇ ਮੈਜਿਸਟ੍ਰੇਟ ਦੀ ਲੋੜੀਂਦੀ ਕਾਨੂੰਨੀ ਇਜਾਜ਼ਤ ਤੋਂ ਬਿਨਾਂ ਨਿਹੱਥੇ ਲੋਕਾਂ 'ਤੇ ਗੋਲੀਬਾਰੀ ਕੀਤੀ ਸੀ। ਇਹ ਲੋਕ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਦਾ ਸ਼ਾਂਤੀਪੂਰਨ ਵਿਰੋਧ ਕਰ ਰਹੇ ਸਨ। ਇਸ ਬੇਅਦਬੀ ਕਾਂਡ ਵਿਚ ਸ਼ਹੀਦ ਹੋਏ ਨੌਜਵਾਨਾਂ ਦੇ ਪਰਿਵਾਰਾਂ ਵਿਚੋਂ ਇੱਕ ਦੇ ਪਿਤਾ ਬਲਦੇਵ ਸਿੰਘ ਨੇ ਨਕੋਦਰ ਸਿਵਲ ਹਸਪਤਾਲ ਵਿਚ ਆਪਣੇ ਪੁੱਤਰ ਰਵਿੰਦਰ ਸਿੰਘ ਲਿੱਤਰਾਂ ਅਤੇ ਤਿੰਨ ਹੋਰ ਨੌਜਵਾਨਾਂ ਹਰਮਿੰਦਰ ਸਿੰਘ, ਬਲਧੀਰ ਸਿੰਘ ਅਤੇ ਝਿਲਮਣ ਸਿੰਘ ਗੋਰਸੀਆਂ ਦੀਆਂ ਲਾਸ਼ਾਂ ਦੀ ਪਛਾਣ ਕੀਤੀ ਸੀ।

## ਲੱਕੀ ਓਬਰਾਏ ਕਤਲ ਕੇਸ: ਮੁੱਖ ਦੋਸ਼ੀ ਸੰਖੇਪ ਮੁਕਾਬਲੇ ਤੋਂ ਬਾਅਦ ਅੰਮ੍ਰਿਤਸਰ ਤੋਂ ਗ੍ਰਿਫ਼ਤਾਰ; ਪਿਸਤੌਲ ਬਰਾਮਦ

**ਅੰਮ੍ਰਿਤਸਰ, (ਪੰਜਾਬ ਮੇਲ)-** ਅੰਮ੍ਰਿਤਸਰ ਦਿਹਾਤੀ ਪੁਲਿਸ ਨੇ ਅੰਮ੍ਰਿਤਸਰ ਦੇ ਖਾਸਾ ਖੇਤਰ ਵਿਚ ਇੱਕ ਸੰਖੇਪ ਮੁਕਾਬਲੇ ਤੋਂ ਬਾਅਦ ਲੱਕੀ ਓਬਰਾਏ ਕਤਲ ਕਾਂਡ ਵਿਚ ਸ਼ਾਮਲ ਮੁੱਖ ਦੋਸ਼ੀ ਨੂੰ ਗ੍ਰਿਫ਼ਤਾਰ ਕਰਕੇ ਉਸ ਦੇ ਕਬਜ਼ੇ ਵਿਚੋਂ ਬੇਰੇਟਾ .30 ਬੋਰ ਪਿਸਤੌਲ ਬਰਾਮਦ ਕੀਤਾ ਹੈ। ਇਹ ਜਾਣਕਾਰੀ ਡੀ.ਆਈ.ਜੀ. ਬਾਰਡਰ ਰੇਂਜ ਸੰਦੀਪ ਗੋਇਲ ਨੇ ਦਿੱਤੀ। ਗ੍ਰਿਫ਼ਤਾਰ ਮੁਲਜ਼ਮ, ਜਿਸਦੀ ਪਛਾਣ ਜਲੰਧਰ ਦੇ ਮਿੱਠਾਪੁਰ ਦੇ ਰਹਿਣ ਵਾਲੇ ਸ਼ਮਿੰਦਰ ਸਿੰਘ ਵਜੋਂ ਹੋਈ ਹੈ, ਅਪਰਾਧ ਨੂੰ ਅੰਜ਼ਾਮ ਦੇਣ ਸਮੇਂ ਐਕਟਿਵਾ ਸਕੂਟਰ ਚਲਾ ਰਿਹਾ ਸੀ। ਦੱਸਣਯੋਗ ਹੈ ਕਿ ਸ਼ਮਿੰਦਰ ਸਿੰਘ ਦਾ ਪੁਰਾਣਾ ਅਪਰਾਧਕ ਰਿਕਾਰਡ ਹੈ। ਜਾਣਕਾਰੀ ਮੁਤਾਬਕ ਸਤਵਿੰਦਰਪਾਲ ਸਿੰਘ ਉਰਫ ਲੱਕੀ ਓਬਰਾਏ ਨੂੰ ਸ਼ੁੱਕਰਵਾਰ ਦੀ ਸਵੇਰ ਮਾਡਲ ਟਾਊਨ, ਜਲੰਧਰ ਦੇ ਗੁਰਦੁਆਰਾ ਸਿੰਘ ਸਭਾ ਦੀ ਪਾਰਕਿੰਗ ਵਿਚ ਇੱਕ ਚਿੱਟੀ ਐਕਟਿਵਾ 'ਤੇ ਸਵਾਰ ਅਣਪਛਾਤੇ ਹਮਲਾਵਰਾਂ ਨੇ ਉਸ ਵੇਲੇ ਗੋਲੀ ਮਾਰ ਦਿੱਤੀ ਸੀ, ਜਦੋਂ ਉਹ ਮੱਥਾ ਟੇਕਣ ਤੋਂ ਬਾਅਦ ਵਾਪਸ ਜਾ ਰਹੇ ਸਨ। ਡੀ.ਆਈ.ਜੀ. ਸੰਦੀਪ ਗੋਇਲ ਨੇ ਕਿਹਾ ਕਿ ਘਟਨਾ ਤੋਂ ਤੁਰੰਤ ਬਾਅਦ ਅਪਰਾਧ ਵਿਚ ਸ਼ਾਮਲ ਮੁਲਜ਼ਮਾਂ ਦੀ ਪਛਾਣ ਅਤੇ ਉਨ੍ਹਾਂ ਦੇ ਥਹੁ-ਟਿਕਾਣੇ ਦਾ ਪਤਾ ਲਗਾਉਣ ਲਈ ਯਤਨ ਸ਼ੁਰੂ ਕਰ ਦਿੱਤੇ ਗਏ ਸਨ।

# ਨਕੋਦਰ ਬੇਅਦਬੀ ਕਾਂਡ: 40 ਸਾਲ ਬਾਅਦ ਵੀ ਪੀੜਤਾਂ ਨੂੰ ਨਾ ਮਿਲ ਸਕਿਆ ਇਨਸਾਫ਼

**ਚਾਰ ਨੌਜਵਾਨਾਂ 'ਚੋਂ ਇਕ ਦੇ ਪਿਤਾ ਜ਼ਿੰਦਾ; ਸ਼੍ਰੋਮਣੀ ਕਮੇਟੀ 'ਤੇ ਬਾਂਹ ਨਾ ਫੜਨ ਦੇ ਦੋਸ਼**

**ਜਲੰਧਰ, (ਪੰਜਾਬ ਮੇਲ)-** ਨਕੋਦਰ ਬੇਅਦਬੀ ਕਾਂਡ ਨੂੰ 40 ਸਾਲ ਬੀਤ ਗਏ ਹਨ। ਇਸ ਘਟਨਾ ਵਿਚ ਸ਼ਹੀਦ ਹੋਏ ਚਾਰ ਸਿੱਖ ਨੌਜਵਾਨਾਂ ਰਵਿੰਦਰ ਸਿੰਘ ਲਿੱਤਰਾਂ, ਹਰਮਿੰਦਰ ਸਿੰਘ ਰਾਏਪੁਰ ਚਾਲੂਪਰ, ਬਲਧੀਰ ਸਿੰਘ ਰਾਮਗੜ੍ਹ ਅਤੇ ਝਿਲਮਣ ਸਿੰਘ ਗੌਰਸੀਆਂ ਸ਼ਾਮਲ ਸਨ। ਇਨ੍ਹਾਂ ਸ਼ਹੀਦ ਨੌਜਵਾਨਾਂ ਦੇ ਮਾਪਿਆਂ ਨੂੰ ਇਨਸਾਫ਼ ਨਹੀਂ ਮਿਲਿਆ ਤੇ ਨਾ ਹੀ ਇਹ ਘਟਨਾ ਕੋਈ ਵੱਡੇ ਪੰਥਕ ਮੁੱਦੇ ਵਜੋਂ ਉੱਭਰ ਸਕੀ।

ਇਨ੍ਹਾਂ ਸ਼ਹੀਦ ਹੋਏ ਚਾਰੇ ਨੌਜਵਾਨਾਂ ਵਿਚੋਂ ਸਿਰਫ਼ ਸ਼ਹੀਦ ਭਾਈ ਰਵਿੰਦਰ ਸਿੰਘ ਲਿੱਤਰਾਂ ਦੇ ਬਾਪੂ ਬਲਦੇਵ ਸਿੰਘ ਹੀ ਜਿਊਂਦੇ ਹਨ, ਜੋ ਹਰ ਸਾਲ ਕੈਨੇਡਾ ਤੋਂ ਆ ਕੇ ਇਨ੍ਹਾਂ ਚਾਰੇ ਨੌਜਵਾਨਾਂ ਦੀ ਸਾਂਝੀ ਬਰਸੀ ਮਨਾਉਂਦੇ ਹਨ। ਇਹ ਚਾਰੇ ਨੌਜਵਾਨ ਆਲ ਇੰਡੀਆ ਸਿੱਖ ਸਟੂਡੈਂਟਸ ਫੈਡਰੇਸ਼ਨ 'ਚ ਸਰਗਰਮ ਸਨ।

ਚਾਰ ਦਹਾਕਿਆਂ ਦੌਰਾਨ ਪੰਜਾਬ ਵਿਚ 8 ਮੁੱਖ ਮੰਤਰੀ ਬਣੇ ਤੇ ਬਦਲ ਗਏ ਪਰ ਕਿਸੇ ਨੇ ਇਨਸਾਫ਼ ਨਹੀਂ ਦਿੱਤਾ। ਕੈਨੇਡਾ ਤੋਂ ਆਏ ਬਾਪੂ ਬਲਦੇਵ ਸਿੰਘ ਨੇ ਦੱਸਿਆ ਕਿ 4 ਫਰਵਰੀ 1986 ਤੋਂ ਲੈ ਕੇ 4 ਫਰਵਰੀ 2026 ਤੱਕ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ 40 ਸਾਲਾਂ ਦੇ ਇਤਿਹਾਸ ਵਿਚ 10 ਸ਼੍ਰੋਮਣੀ ਕਮੇਟੀ ਦੇ ਪ੍ਰਧਾਨਾਂ ਨੇ ਇਸ ਮੁੱਦੇ ਬਾਰੇ ਕੋਈ ਸੰਜੀਦਗੀ ਨਹੀਂ ਦਿਖਾਈ। ਸਾਕਾ ਨੀਲਾ ਤਾਰਾ ਤੋਂ ਬਾਅਦ 1985 ਦੌਰਾਨ ਪੰਜਾਬ ਵਿਚ ਭਾਰੀ ਬਹੁਮਤ ਨਾਲ ਸ਼੍ਰੋਮਣੀ ਅਕਾਲੀ ਦਲ ਦੀ ਸਰਕਾਰ ਬਣੀ ਸੀ। ਇਸ ਘਟਨਾ ਤੋਂ ਬਾਅਦ 40 ਸਾਲਾਂ ਵਿਚੋਂ 15 ਸਾਲ ਪੰਥਕ ਸਰਕਾਰ ਰਹੀ ਤੇ ਪ੍ਰਕਾਸ਼ ਸਿੰਘ ਬਾਦਲ ਮੁੱਖ ਮੰਤਰੀ ਬਣਦੇ ਰਹੇ ਪਰ ਉਨ੍ਹਾਂ ਨੇ ਵੀ ਇਨਸਾਫ਼ ਦੀ ਕੋਈ ਗੱਲ ਨਹੀਂ ਕੀਤੀ। ਇਨ੍ਹਾਂ ਚਾਲੀ ਸਾਲਾਂ ਵਿਚ 10 ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਬਣੇ ਪਰ ਕਿਸੇ ਨੇ ਵੀ ਉਨ੍ਹਾਂ ਦੀ ਬਾਂਹ ਨਹੀਂ ਫੜੀ, ਜਦਕਿ ਮਾਰਚ 1986 ਤੱਕ ਸ਼੍ਰੋਮਣੀ ਕਮੇਟੀ ਦੀ ਪ੍ਰਧਾਨਗੀ 'ਤੇ ਰਹੇ ਜਥੇਦਾਰ ਗੁਰਚਰਨ ਸਿੰਘ ਟੌਹੜਾ ਨੇ ਇਸ ਘਟਨਾ ਬਾਰੇ ਜਾਂਚ ਕਮੇਟੀ ਵੀ ਬਣਾਈ ਸੀ ਪਰ ਉਹ ਜਾਂਚ ਜਨਤਕ ਨਹੀਂ ਕੀਤੀ ਗਈ।



*ਘਟਨਾ ਵਾਲੀ ਥਾਂ ਦਿਖਾਉਂਦਾ ਹੋਇਆ ਬਾਪੂ ਬਲਦੇਵ ਸਿੰਘ ਲਿੱਤਰਾਂ।*



# ਟੀ-20 ਵਿਸ਼ਵ ਕੱਪ; 15 ਫਰਵਰੀ ਨੂੰ ਹੋਵੇਗਾ ਭਾਰਤ ਤੇ ਪਾਕਿਸਤਾਨ ਦਾ ਮੈਚ

**■ ਪਾਕਿਸਤਾਨ ਨੇ ਭਾਰਤ ਨਾਲ ਮੈਚ ਦੇ ਬਾਈਕਾਟ ਦਾ ਫੈਸਲਾ ਵਾਪਸ ਲਿਆ**




**ਇਸਲਾਮਾਬਾਦ/ਢਾਕਾ, (ਪੰਜਾਬ ਮੇਲ)**- ਪਾਕਿਸਤਾਨ ਸਰਕਾਰ ਨੇ ਟੀ-20 ਵਿਸ਼ਵ ਕੱਪ 'ਚ ਭਾਰਤ ਵਿਰੁੱਧ ਹੋਣ ਵਾਲੇ ਮੈਚ ਦੇ ਬਾਈਕਾਟ ਦਾ ਆਪਣਾ ਫੈਸਲਾ ਵਾਪਸ ਲੈ ਲਿਆ ਹੈ। ਹੁਣ ਭਾਰਤ ਅਤੇ ਪਾਕਿਸਤਾਨ ਵਿਚਾਲੇ ਇਹ ਰੋਮਾਂਚਕ ਮੁਕਾਬਲਾ ਆਪਣੀ ਨਿਰਧਾਰਤ ਮਿਤੀ ਅਨੁਸਾਰ 15 ਫਰਵਰੀ ਨੂੰ ਕੋਲੰਬੋ ਵਿਚ ਹੋਵੇਗਾ।

ਇਹ ਫੈਸਲਾ ਬੰਗਲਾਦੇਸ਼ ਅਤੇ ਸ੍ਰੀਲੰਕਾ ਦੀ ਅਪੀਲ ਅਤੇ ਸਿਆਸੀ ਦਖ਼ਲ ਤੋਂ ਬਾਅਦ ਲਿਆ ਗਿਆ ਹੈ। ਪਾਕਿਸਤਾਨ ਸਰਕਾਰ ਨੇ ਇੱਕ ਬਿਆਨ ਜਾਰੀ ਕਰਦਿਆਂ ਕਿਹਾ ਕਿ ਆਪਣੇ ਦੋਸਤ ਦੇਸ਼ਾਂ ਦੀ ਅਪੀਲ ਅਤੇ ਖੇਡ ਦੀ ਭਾਵਨਾ ਨੂੰ ਬਰਕਰਾਰ ਰੱਖਣ ਲਈ ਉਨ੍ਹਾਂ ਨੇ ਆਪਣੀ ਟੀਮ ਨੂੰ ਮੈਦਾਨ ਵਿਚ ਉਤਾਰਨ ਦਾ ਫੈਸਲਾ ਕੀਤਾ ਹੈ। ਇਸ ਤੋਂ ਪਹਿਲਾਂ ਸ੍ਰੀਲੰਕਾ ਦੇ ਰਾਸ਼ਟਰਪਤੀ ਅਤੇ ਬੰਗਲਾਦੇਸ਼ ਕ੍ਰਿਕਟ ਬੋਰਡ ਦੇ ਮੁਖੀ ਨੇ ਪਾਕਿਸਤਾਨੀ ਪ੍ਰਧਾਨ ਮੰਤਰੀ ਸ਼ਹਿਬਾਜ਼ ਸ਼ਰੀਫ਼ ਨਾਲ ਗੱਲਬਾਤ ਕਰਕੇ ਇਸ ਮਾਮਲੇ ਨੂੰ ਸੁਲਝਾਉਣ ਦੀ ਅਪੀਲ ਕੀਤੀ ਸੀ।

ਜ਼ਿਕਰਯੋਗ ਹੈ ਕਿ ਬੰਗਲਾਦੇਸ਼ ਨੇ ਸੁਰੱਖਿਆ ਕਾਰਨਾਂ ਦਾ ਹਵਾਲਾ ਦਿੰਦੇ ਹੋਏ ਭਾਰਤ ਵਿਚ ਟੀ-20 ਵਿਸ਼ਵ ਕੱਪ ਦੇ ਮੈਚ ਖੇਡਣ ਤੋਂ ਇਨਕਾਰ ਕਰ ਦਿੱਤਾ ਸੀ, ਜਿਸ ਕਾਰਨ ਬੰਗਲਾਦੇਸ਼ ਨੂੰ ਟੂਰਨਾਮੈਂਟ ਤੋਂ ਬਾਹਰ ਕਰ ਦਿੱਤਾ ਗਿਆ ਅਤੇ ਉਸ ਦੀ ਥਾਂ ਸਕਾਟਲੈਂਡ ਨੂੰ ਸ਼ਾਮਲ ਕੀਤਾ ਗਿਆ। ਪਾਕਿਸਤਾਨ ਇਸ ਮੁੱਦੇ 'ਤੇ ਬੰਗਲਾਦੇਸ਼ ਦਾ ਸਮਰਥਨ ਕਰ ਰਿਹਾ ਸੀ। ਹਾਲਾਂਕਿ, ਆਈ.ਸੀ.ਸੀ. ਨੇ ਹੁਣ ਸਪੱਸ਼ਟ ਕੀਤਾ ਹੈ ਕਿ ਬੰਗਲਾਦੇਸ਼ 'ਤੇ ਕੋਈ ਜੁਰਮਾਨਾ ਨਹੀਂ ਲਗਾਇਆ ਜਾਵੇਗਾ ਅਤੇ ਭਵਿੱਖ ਵਿਚ ਉਨ੍ਹਾਂ ਨੂੰ ਕਿਸੇ ਵੱਡੇ ਟੂਰਨਾਮੈਂਟ ਦੀ ਮੇਜ਼ਬਾਨੀ ਵੀ ਦਿੱਤੀ ਜਾ ਸਕਦੀ ਹੈ।

ਪਾਕਿਸਤਾਨ ਕ੍ਰਿਕਟ ਬੋਰਡ ਦੇ ਮੁਖੀ ਮੋਹਸਿਨ ਨਕਵੀ ਨੇ ਕਿਹਾ ਕਿ ਇਹ ਫੈਸਲਾ ਕਿਸੇ ਡਰ ਜਾਂ ਦਬਾਅ ਹੇਠ ਨਹੀਂ, ਸਗੋਂ ਖੇਡ ਭਾਵਨਾ ਦੇ ਹਿੱਤ ਵਿਚ ਲਿਆ ਗਿਆ ਹੈ। ਇਸ ਸਹਿਮਤੀ ਨਾਲ ਵਿਸ਼ਵ ਕੱਪ 'ਤੇ ਮੰਡਰਾ ਰਹੇ ਸੰਕਟ ਦੇ ਬੱਦਲ ਛੱਟ ਗਏ ਹਨ ਅਤੇ ਹੁਣ ਸਾਰੀਆਂ ਦੀਆਂ ਨਜ਼ਰਾਂ 15 ਫਰਵਰੀ ਨੂੰ ਹੋਣ ਵਾਲੇ ਇਸ ਵੱਡੇ ਮੁਕਾਬਲੇ 'ਤੇ ਟਿਕੀਆਂ ਹੋਈਆਂ ਹਨ।

ਇਸ ਤੋਂ ਪਹਿਲਾਂ ਪਾਕਿਸਤਾਨ ਕ੍ਰਿਕਟ ਬੋਰਡ ਦੇ ਚੇਅਰਮੈਨ ਮੋਹਸਿਨ ਨਕਵੀ ਨੇ ਲਾਹੌਰ ਦੇ ਗੱਦਾਫੀ ਸਟੇਡੀਅਮ ਵਿਚ ਬੰਗਲਾਦੇਸ਼ ਦੇ ਆਪਣੇ ਹਮਰੁਤਬਾ ਅਮੀਨੁਲ ਇਸਲਾਮ ਅਤੇ ਆਈ.ਸੀ.ਸੀ. ਦੇ ਡਿਪਟੀ ਚੇਅਰਮੈਨ ਇਮਰਾਨ ਖਵਾਜਾ ਨਾਲ ਮੁਲਾਕਾਤ ਕੀਤੀ। ਖਵਾਜਾ ਨੂੰ ਆਈ.ਸੀ.ਸੀ. ਨੇ ਇਸ ਵਿਵਾਦਤ ਵਿਸ਼ੇ 'ਤੇ ਸਾਲਸ ਵਜੋਂ ਨਾਮਜ਼ਦ ਕੀਤਾ ਸੀ ਅਤੇ ਉਹ (ਖਵਾਜਾ) ਪਿਛਲੇ ਕੁਝ ਸਮੇਂ ਤੋਂ ਮੋਹਸਿਨ ਨਕਵੀ ਨਾਲ ਗੱਲਬਾਤ ਕਰ ਰਹੇ ਸਨ। ਬੰਗਲਾਦੇਸ਼ ਕ੍ਰਿਕਟ ਬੋਰਡ ਦੇ ਚੇਅਰਮੈਨ ਅਮੀਨੁਲ ਪਹਿਲਾਂ ਤੋਂ ਹੀ ਲਾਹੌਰ 'ਚ ਸਨ ਅਤੇ ਉਨ੍ਹਾਂ ਨਕਵੀ ਨਾਲ ਮੁਲਾਕਾਤ ਕੀਤੀ।

# ਟੀ-20 ਵਿਸ਼ਵ ਕੱਪ; ਮੁੰਬਈ-ਕੋਲੰਬੋ ਹਵਾਈ ਕਿਰਾਇਆਂ 'ਚ ਜ਼ਬਰਦਸਤ ਉਛਾਲ

**■ ਪਾਕਿਸਤਾਨ ਵੱਲੋਂ ਬਾਈਕਾਟ ਦਾ ਫੈਸਲਾ ਵਾਪਸ ਲੈਣ ਤੋਂ ਬਾਅਦ ਹਵਾਈ ਉਡਾਣ ਦੀਆਂ ਟਿਕਟਾਂ ਦੀਆਂ ਕੀਮਤਾਂ ਅਸਮਾਨੀਂ ਚੜ੍ਹੀਆਂ**

**ਚੰਡੀਗੜ੍ਹ, (ਪੰਜਾਬ ਮੇਲ)**- ਕੋਲੰਬੋ 'ਚ 15 ਫਰਵਰੀ ਨੂੰ ਭਾਰਤ-ਪਾਕਿਸਤਾਨ ਟੀ-20 ਵਿਸ਼ਵ ਕੱਪ ਮੁਕਾਬਲਾ ਹੋਵੇਗਾ। ਇਸ ਮੁਕਾਬਲੇ ਨੇ ਕ੍ਰਿਕਟ ਪ੍ਰੇਮੀਆਂ 'ਚ ਭਾਰੀ ਉਤਸ਼ਾਹ ਪੈਦਾ ਕਰ ਦਿੱਤਾ ਹੈ। ਪਾਕਿਸਤਾਨ ਸਰਕਾਰ ਵੱਲੋਂ ਮੈਚ ਦੇ ਬਾਈਕਾਟ ਦਾ ਫੈਸਲਾ ਵਾਪਸ ਲੈਣ ਦੇ ਮਹਿਜ਼ ਕੁਝ ਮਿੰਟਾਂ ਦੇ ਅੰਦਰ ਹੀ ਹਵਾਈ ਕਿਰਾਇਆਂ ਵਿਚ ਜ਼ਬਰਦਸਤ ਉਛਾਲ ਦੇਖਣ ਨੂੰ ਮਿਲਿਆ ਹੈ। ਮੁੰਬਈ ਤੋਂ ਕੋਲੰਬੋ ਦੀ ਆਉਣ-ਜਾਣ ਵਾਲੀ ਉਡਾਣ ਦਾ ਕਿਰਾਇਆ 10,000 ਰੁਪਏ ਤੱਕ ਵਧ ਗਿਆ ਹੈ ਅਤੇ ਹੁਣ ਪ੍ਰਤੀ ਵਿਅਕਤੀ ਰਾਊਂਡ ਟ੍ਰਿਪ ਦਾ ਖ਼ਰਚਾ ਲਗਪਗ 60,000 ਰੁਪਏ ਤੱਕ ਪਹੁੰਚ ਗਿਆ ਹੈ।




ਕ੍ਰਿਕਟ ਪ੍ਰਸ਼ੰਸਕ ਇਸ ਹਾਈ-ਪ੍ਰੋਫਾਈਲ ਮੈਚ ਨੂੰ ਦੇਖਣ ਲਈ ਟਿਕਟਾਂ ਅਤੇ ਫਲਾਈਟਾਂ ਬੁੱਕ ਕਰਨ ਲਈ ਕਾਹਲੀ ਦਿਖਾ ਰਹੇ ਹਨ, ਜਿਸ ਕਾਰਨ ਮੰਗ ਵਧ ਗਈ ਹੈ। ਹਵਾਈ ਉਡਾਣਾਂ ਦੇ ਕਿਰਾਏ ਵਿਚ ਵਾਧਾ ਉਦੋਂ ਸ਼ੁਰੂ ਹੋਇਆ, ਜਦੋਂ ਪਾਕਿਸਤਾਨ ਦੇ ਪ੍ਰਧਾਨ ਮੰਤਰੀ ਸ਼ਹਿਬਾਜ਼ ਸ਼ਰੀਫ਼ ਨੇ ਅਧਿਕਾਰਤ ਤੌਰ 'ਤੇ ਪੁਸ਼ਟੀ ਕੀਤੀ ਕਿ ਉਨ੍ਹਾਂ ਦੀ ਟੀਮ 15 ਫਰਵਰੀ ਨੂੰ ਭਾਰਤ ਖ਼ਿਲਾਫ਼ ਮੈਦਾਨ ਵਿਚ ਉਤਰੇਗੀ। ਪਾਕਿਸਤਾਨ ਨੇ ਇਹ ਫੈਸਲਾ ਬੰਗਲਾਦੇਸ਼, ਸ੍ਰੀਲੰਕਾ ਅਤੇ ਯੂ.ਏ.ਈ. ਵਰਗੇ ਮਿੱਤਰ ਦੇਸ਼ਾਂ ਦੀ ਅਪੀਲ ਅਤੇ ਆਈ.ਸੀ.ਸੀ. ਨਾਲ ਹੋਈ ਗੱਲਬਾਤ ਤੋਂ ਬਾਅਦ ਲਿਆ ਹੈ।

ਇਸ ਫੈਸਲੇ ਨੇ ਟੂਰਨਾਮੈਂਟ ਦੇ ਸਭ ਤੋਂ ਮਹਿੰਗੇ ਅਤੇ ਦੇਖੇ ਜਾਣ ਵਾਲੇ ਮੈਚ ਨੂੰ ਲੈ ਕੇ ਚੱਲ ਰਹੀ ਬੇਯਕੀਨੀ ਨੂੰ ਖ਼ਤਮ ਕਰ ਦਿੱਤਾ ਹੈ ਪਰ ਇਸ ਦੇ ਨਾਲ ਹੀ, ਆਖਰੀ ਸਮੇਂ 'ਤੇ ਯਾਤਰਾ ਦੀ ਯੋਜਨਾ ਬਣਾਉਣ ਵਾਲੇ ਪ੍ਰਸ਼ੰਸਕਾਂ ਦੀ ਜੇਬ 'ਤੇ ਭਾਰੀ ਬੋਝ ਪੈ ਰਿਹਾ ਹੈ। ਫਲਾਈਟ ਟਿਕਟਾਂ ਦੀਆਂ ਕੀਮਤਾਂ ਹਾਲੇ ਹੋਰ ਵਧਣ ਦੀ ਸੰਭਾਵਨਾ ਹੈ ਕਿਉਂਕਿ ਮੈਚ ਦੇ ਦਿਨ ਨੇੜੇ ਆ ਰਹੇ ਹਨ ਅਤੇ ਸੀਟਾਂ ਤੇਜ਼ੀ ਨਾਲ ਭਰ ਰਹੀਆਂ ਹਨ।

# ਬੱਚਿਆਂ 'ਚ ਆਨਲਾਈਨ ਗੇਮਾਂ ਦਾ ਵਧ ਰਿਹਾ ਰੁਝਾਨ ਖਤਰਨਾਕ

**ਚੰਡੀਗੜ੍ਹ, (ਪੰਜਾਬ ਮੇਲ)**- ਆਨਲਾਈਨ ਗੇਮਿੰਗ ਦੀ ਲਤ ਅਤੇ ਕਿਸ਼ੋਰਾਂ ਨਾਲ ਜੁੜੀਆਂ ਦੁਖਦਾਈ ਘਟਨਾਵਾਂ ਦੇ ਵਾਧੇ ਵਿਚਕਾਰ, "ਕੋਰੀਅਨ ਗੇਮਜ਼" ਸ਼ਬਦ ਜਨਤਕ ਅਤੇ ਸਰਕਾਰੀ ਜਾਂਚ ਦੇ ਘੇਰੇ ਵਿੱਚ ਆ ਗਿਆ ਹੈ। ਗਾਜ਼ੀਆਬਾਦ ਦੀਆਂ ਭੈਣਾਂ ਦੀ ਹਾਲੀਆ ਤ੍ਰਾਸਦੀ ਨੇ ਸਭ ਦਾ ਧਿਆਨ ਬੱਚਿਆਂ ਵੱਲੋਂ ਖੇਡੀਆਂ ਜਾ ਰਹੀਆਂ ਗੇਮਾਂ ਵੱਲ ਖਿੱਚਿਆ ਹੈ। ਇਹ ਗੇਮਾਂ ਅਕਸਰ ਕੇ-ਪੌਪ ਸੱਭਿਆਚਾਰ ਤੋਂ ਪ੍ਰੇਰਿਤ ਹੁੰਦੀਆਂ ਹਨ, ਜਿੱਥੇ ਖਿਡਾਰੀ ਕਾਲਪਨਿਕ ਪਾਤਰਾਂ ਨਾਲ ਏ.ਆਈ.-ਅਧਾਰਿਤ ਚੈਟ ਰਾਹੀਂ ਗੱਲਬਾਤ ਕਰਦੇ ਹਨ। ਇਹ ਗੇਮਾਂ ਖਿਡਾਰੀਆਂ ਨੂੰ ਮਾਨਸਿਕ ਤੌਰ 'ਤੇ ਕੰਟਰੋਲ ਕਰਦੀਆਂ ਹਨ ਅਤੇ ਖੇਡਣ ਵਾਲਿਆਂ ਨੂੰ ਆਪਣੀ ਵਫ਼ਾਦਾਰੀ ਸਾਬਤ ਕਰਨ ਲਈ ਅੱਧੀ ਰਾਤ ਨੂੰ ਅਜੀਬ ਟਾਸਕ ਪੂਰੇ ਕਰਨ ਲਈ ਕਿਹਾ ਜਾਂਦਾ ਹੈ।

ਮਾਹਿਰ ਚੇਤਾਵਨੀ ਦਿੰਦੇ ਹਨ ਕਿ ਇਸ ਵਾਕਅੰਸ਼ ਨੂੰ ਅਕਸਰ ਗਲਤ ਸਮਝਿਆ ਜਾਂਦਾ ਹੈ ਅਤੇ ਵੱਖ-ਵੱਖ ਕਿਸਮਾਂ ਦੀਆਂ ਖੇਡਾਂ ਅਤੇ ਆਨਲਾਈਨ ਰੁਝਾਨਾਂ ਦਾ ਵਰਣਨ ਕਰਨ ਲਈ ਵਰਤਿਆ ਜਾਂਦਾ ਹੈ, ਜਿਨ੍ਹਾਂ ਵਿਚੋਂ ਹਰ ਇੱਕ ਵਿਚ ਜ਼ੋਖਮ ਦੇ ਵੱਖ-ਵੱਖ ਪੱਧਰ ਹੁੰਦੇ ਹਨ।



# 17 ਸਾਲ ਪੁਰਾਣੇ ਪਾਸਪੋਰਟ ਘੁਟਾਲੇ ਮਾਮਲੇ 'ਚ 3 ਪੁਲਿਸ ਮੁਲਾਜ਼ਮਾਂ ਨੂੰ ਕੈਦ

**■ ਫਰੀਦਕੋਟ ਜੇਲ੍ਹ ਭੇਜੇ ਗਏ ਦੋਸ਼ੀ**



**ਮੋਗਾ, (ਪੰਜਾਬ ਮੇਲ)**- ਮੋਗਾ ਦੀ ਇੱਕ ਅਦਾਲਤ ਨੇ ਪਾਸਪੋਰਟ ਘੁਟਾਲੇ ਦੇ 17 ਸਾਲ ਪੁਰਾਣੇ ਮਾਮਲੇ ਵਿਚ ਵੱਡਾ ਫੈਸਲਾ ਸੁਣਾਉਂਦਿਆਂ ਤਿੰਨ ਪੁਲਿਸ ਅਧਿਕਾਰੀਆਂ ਨੂੰ ਤਿੰਨ-ਤਿੰਨ ਸਾਲ ਦੀ ਸਖ਼ਤ ਕੈਦ ਅਤੇ 31,500 ਰੁਪਏ ਜੁਰਮਾਨੇ ਦੀ ਸਜ਼ਾ ਸੁਣਾਈ ਹੈ। ਦੋਸ਼ੀ ਪੁਲਿਸ ਮੁਲਾਜ਼ਮਾਂ-ਗੁਰਦਿਆਲ ਸਿੰਘ, ਮਨਜੀਤ ਸਿੰਘ ਅਤੇ ਜਸਵਿੰਦਰ ਸਿੰਘ ਨੂੰ ਫੈਸਲਾ ਸੁਣਾਏ ਜਾਣ ਤੋਂ ਤੁਰੰਤ ਬਾਅਦ ਹਿਰਾਸਤ ਵਿਚ ਲੈ ਕੇ ਫਰੀਦਕੋਟ ਕੇਂਦਰੀ ਜੇਲ੍ਹ ਭੇਜ ਦਿੱਤਾ ਗਿਆ।

ਜ਼ਿਕਰਯੋਗ ਹੈ ਕਿ ਸਾਲ 2008 ਵਿਚ ਦਰਜ ਹੋਈ ਇਸ ਐੱਫ.ਆਈ.ਆਰ. ਵਿਚ ਪੁਲਿਸ ਕਰਮਚਾਰੀਆਂ, ਪਾਸਪੋਰਟ ਦਫ਼ਤਰ ਦੇ ਕਲਰਕਾਂ, ਡਾਕਖਾਨਾ ਮੁਲਾਜ਼ਮਾਂ ਅਤੇ ਟਰੈਵਲ ਏਜੰਟਾਂ ਦੀ ਮਿਲੀਭੁਗਤ ਨਾਲ ਸੈਂਕੜੇ ਜਾਅਲੀ ਪਾਸਪੋਰਟ ਬਣਾਉਣ ਦਾ ਪਰਦਾਫਾਸ਼ ਹੋਇਆ ਸੀ।

ਜਾਂਚ ਦੌਰਾਨ ਇਹ ਹੈਰਾਨੀਜਨਕ ਤੱਥ ਸਾਹਮਣੇ ਆਏ ਸਨ ਕਿ ਦੋਸ਼ੀਆਂ ਨੇ ਮੋਗਾ ਦੇ ਪਿੰਡ ਦੁਨੇਕੇ ਦੇ ਇੱਕੋ ਪਤੇ 'ਤੇ 200 ਤੋਂ ਵੱਧ ਪਾਸਪੋਰਟ ਜਾਰੀ ਕਰਵਾ ਦਿੱਤੇ ਸਨ। ਕੁੱਲ 795 ਫਾਈਲਾਂ ਦੀ ਪੜਤਾਲ ਦੌਰਾਨ ਪਤਾ ਲੱਗਿਆ ਕਿ ਲਗਭਗ 395 ਪਾਸਪੋਰਟ ਜਾਅਲੀ ਦਸਤਾਵੇਜ਼ਾਂ ਦੇ ਆਧਾਰ 'ਤੇ ਬਣਾਏ ਗਏ ਸਨ, ਜਿਨ੍ਹਾਂ ਵਿਚ ਇੱਕ ਪਾਸਪੋਰਟ ਮ੍ਰਿਤਕ ਵਿਅਕਤੀ ਦੇ ਨਾਮ 'ਤੇ ਵੀ ਜਾਰੀ ਹੋਇਆ ਸੀ। ਦੋਸ਼ ਹੈ ਕਿ ਇਨ੍ਹਾਂ ਜਾਅਲੀ ਪਾਸਪੋਰਟਾਂ ਦੀ ਵਰਤੋਂ ਗੈਂਗਸਟਰਾਂ ਅਤੇ ਡਰੱਗ ਮਾਫੀਆ ਦੇ ਮੈਂਬਰਾਂ ਨੂੰ ਵਿਦੇਸ਼ ਭੇਜਣ ਲਈ ਕੀਤੀ ਗਈ ਸੀ।

ਇਸ ਮਾਮਲੇ ਵਿਚ ਕੁੱਲ 97 ਗ੍ਰਿਫ਼ਤਾਰੀਆਂ ਹੋਈਆਂ ਹਨ ਅਤੇ 800 ਤੋਂ ਵੱਧ ਸਰਕਾਰੀ ਗਵਾਹ ਸ਼ਾਮਲ ਸਨ, ਜਿਨ੍ਹਾਂ ਦੀਆਂ ਗਵਾਹੀਆਂ ਦੇ ਆਧਾਰ 'ਤੇ ਅਦਾਲਤ ਨੇ ਹੇਠਲੀ ਅਦਾਲਤ ਦੇ ਫੈਸਲੇ ਨੂੰ ਬਰਕਰਾਰ ਰੱਖਦਿਆਂ ਇਹ ਸਜ਼ਾ ਸੁਣਾਈ ਹੈ।

# ਪਾਕਿ ਖੁਫੀਆ ਏਜੰਸੀ ਆਈ.ਐੱਸ.ਆਈ. ਏਜੰਟਾਂ ਕੋਲ ਵਿਦੇਸ਼ ਭੇਜਣ ਦੇ ਨਾਂ 'ਤੇ ਫਸਾਏ ਜਾ ਰਹੇ ਭਾਰਤੀ ਮੁੰਡੇ!

**■ ਲੁਧਿਆਣਾ ਤੇ ਰਾਜਸਥਾਨ ਦੇ ਕੁੱਝ ਟਰੈਵਲ ਏਜੰਟ ਵੀ ਸ਼ਾਮਲ**

**ਲੁਧਿਆਣਾ, (ਪੰਜਾਬ ਮੇਲ)**- ਪਾਕਿਸਤਾਨੀ ਖੁਫੀਆ ਏਜੰਸੀ ਆਈ.ਐੱਸ.ਆਈ. ਵੱਲੋਂ ਭਾਰਤੀ ਨਾਗਰਿਕਾਂ ਨੂੰ ਦੇਸ਼ ਵਿਰੋਧੀ ਕੰਮਾਂ ਵਿਚ ਫਸਾਉਣ ਲਈ ਇਕ ਖ਼ਤਰਨਾਕ ਸਾਜ਼ਿਸ਼ ਰਚੀ ਜਾ ਰਹੀ ਹੈ। ਮੀਡੀਆ ਰਿਪੋਰਟਾਂ ਮੁਤਾਬਕ, ਲੁਧਿਆਣਾ ਅਤੇ ਰਾਜਸਥਾਨ ਦੇ ਕੁਝ ਟਰੈਵਲ ਏਜੰਟ ਆਈ.ਐੱਸ.ਆਈ. ਏਜੰਟਾਂ ਨਾਲ ਮਿਲ ਕੇ ਕੰਮ ਕਰ ਰਹੇ ਹਨ। ਇਹ ਏਜੰਟ ਭਾਰਤੀ ਨੌਜਵਾਨਾਂ ਨੂੰ ਕੈਨੇਡਾ ਅਤੇ ਇੰਗਲੈਂਡ ਭੇਜਣ ਦੇ ਬਹਾਨੇ ਅਜ਼ਰਬੈਜਾਨ ਬੁਲਾਉਂਦੇ ਹਨ ਅਤੇ ਉੱਥੇ ਉਨ੍ਹਾਂ ਨੂੰ ਆਈ.ਐੱਸ.ਆਈ. ਦੇ ਏਜੰਟ ਮਹਿਮੂਦ ਭੱਟ ਦੇ ਹਵਾਲੇ ਕਰ ਦਿੰਦੇ ਹਨ।

ਜਾਣਕਾਰੀ ਮੁਤਾਬਕ, ਇਨ੍ਹਾਂ ਨੌਜਵਾਨਾਂ ਨੂੰ ਭਾਰਤ ਦੇ ਖ਼ਿਲਾਫ਼ ਕੰਮ ਕਰਨ ਲਈ ਮਜਬੂਰ ਕੀਤਾ ਜਾਂਦਾ ਹੈ ਅਤੇ ਅਜਿਹਾ ਨਾ ਕਰਨ 'ਤੇ ਉਨ੍ਹਾਂ 'ਤੇ ਭਾਰੀ ਤਸ਼ੱਦਦ ਕੀਤਾ ਜਾਂਦਾ ਹੈ। ਇਕ ਪੀੜਤ ਹਰਦੀਪ ਸਿੰਘ ਦੇ ਪਿਤਾ ਰਛਪਾਲ ਸਿੰਘ ਨੇ ਦੱਸਿਆ ਕਿ ਉਨ੍ਹਾਂ ਦੇ ਬੇਟੇ ਨੂੰ ਵਿਦੇਸ਼ ਭੇਜਣ ਦੇ ਨਾਂ 'ਤੇ 15 ਲੱਖ ਰੁਪਏ ਠੱਗੇ ਗਏ ਅਤੇ ਦੇਸ਼ ਵਿਰੋਧੀ ਕੰਮ ਕਰਨ ਤੋਂ ਇਨਕਾਰ ਕਰਨ 'ਤੇ ਉਸ 'ਤੇ ਬਹੁਤ ਜ਼ੁਲਮ ਕੀਤਾ ਗਿਆ। ਏ.ਡੀ.ਜੀ.ਪੀ. ਕਾਊਂਟਰ ਇੰਟੈਲੀਜੈਂਸ ਦੀ ਚਿੱਠੀ ਤੋਂ ਬਾਅਦ, ਲੁਧਿਆਣਾ ਪੁਲਿਸ ਨੇ ਡੀ.ਐੱਸ.ਪੀ. ਦਾਖਾ ਦੀ ਅਗਵਾਈ ਵਿਚ ਇਕ ਵਿਸ਼ੇਸ਼ ਜਾਂਚ ਟੀਮ ਦਾ ਗਠਨ ਕੀਤਾ ਹੈ। ਪੁਲਿਸ ਨੇ ਮੁੱਖ ਦੋਸ਼ੀ ਰਾਣੀ ਕਾਕੜੇ ਦਾ ਪਾਸਪੋਰਟ ਰੱਦ ਕਰਨ ਦੀ ਸਿਫਾਰਸ਼ ਵੀ ਕੀਤੀ ਹੈ, ਜੋ ਫਿਲਹਾਲ ਅਜ਼ਰਬੈਜਾਨ ਵਿਚ ਰਹਿ ਕੇ ਇਹ ਗੈਰ-ਕਾਨੂੰਨੀ ਨੈੱਟਵਰਕ ਚਲਾ ਰਹੀ ਹੈ। ਪੁਲਿਸ ਇਸ ਮਾਮਲੇ ਵਿਚ ਹੋਰ ਕਈ ਏਜੰਟਾਂ ਦੀ ਸ਼ਮੂਲੀਅਤ ਅਤੇ ਪੈਸਿਆਂ ਦੇ ਲੈਣ-ਦੇਣ ਦੀ ਵੀ ਬਾਰੀਕੀ ਨਾਲ ਜਾਂਚ ਕਰ ਰਹੀ ਹੈ।

# ਅਨੰਦ ਮੈਰਿਜ ਐਕਟ ਸਿੱਕਮ 'ਚ ਵੀ ਲਾਗੂ

**ਨਵੀਂ ਦਿੱਲੀ, (ਪੰਜਾਬ ਮੇਲ)**- ਰਾਸ਼ਟਰਪਤੀ ਵੱਲੋਂ ਜਾਰੀ ਕੀਤੇ ਗਏ ਇਕ ਸਰਕਾਰੀ ਨੋਟੀਫਿਕੇਸ਼ਨ ਅਨੁਸਾਰ ਸਿੱਖ ਵਿਆਹ ਸਮਾਰੋਹ ਆਨੰਦ ਕਾਰਜ ਦੀ ਰਜਿਸਟ੍ਰੇਸ਼ਨ ਲਈ ਆਨੰਦ ਮੈਰਿਜ ਐਕਟ, 1909 ਨੂੰ ਕੁਝ ਸੋਧਾਂ ਨਾਲ ਸਿੱਕਮ 'ਚ ਵੀ ਲਾਗੂ ਕਰ ਦਿੱਤਾ ਗਿਆ ਹੈ। ਨੋਟੀਫਾਈ ਕੀਤੇ ਗਏ ਰਾਸ਼ਟਰਪਤੀ ਦੇ ਹੁਕਮ 'ਚ ਕਿਹਾ ਗਿਆ ਹੈ ਕਿ ਸੰਵਿਧਾਨ ਦੇ ਅਨੁਛੇਦ 371-ਐੱਫ ਦੇ ਉਪਬੰਧ (ਐੱਨ) ਵੱਲੋਂ ਦਿੱਤੀਆਂ ਗਈਆਂ ਸ਼ਕਤੀਆਂ ਦੀ ਵਰਤੋਂ ਕਰਦੇ ਹੋਏ ਰਾਸ਼ਟਰਪਤੀ ਨੇ ਆਨੰਦ ਮੈਰਿਜ ਐਕਟ, 1909 (1909 ਦਾ 7) ਸਿੱਕਮ ਤੱਕ ਵਧਾ ਦਿੱਤਾ ਹੈ।

# ਆਈ.ਪੀ.ਐੱਲ. ਦੀ ਤਰਜ਼ 'ਤੇ ਪੰਜਾਬ ਸਰਕਾਰ ਵੱਲੋਂ ਪੰਜਾਬ ਕ੍ਰਿਕਟ ਲੀਗ ਸ਼ੁਰੂ ਕਰਨ ਦਾ ਫੈਸਲਾ



**■ ਬੀ.ਸੀ.ਸੀ.ਆਈ. ਤੇ ਪੰਜਾਬ ਕ੍ਰਿਕਟ ਐਸੋਸੀਏਸ਼ਨ ਦੇ ਸਹਿਯੋਗ ਨਾਲ ਹੋਵੇਗਾ ਟੂਰਨਾਮੈਂਟ**

**ਚੰਡੀਗੜ੍ਹ, (ਪੰਜਾਬ ਮੇਲ)**- ਪੰਜਾਬ ਸਰਕਾਰ ਨੇ ਸੂਬੇ ਵਿਚ ਖੇਡ ਸੱਭਿਆਚਾਰ ਬਹਾਲ ਕਰਨ ਅਤੇ ਨੌਜਵਾਨਾਂ ਨੂੰ ਨਸ਼ਿਆਂ ਤੋਂ ਦੂਰ ਰੱਖਣ ਲਈ ਪੰਜਾਬ ਕ੍ਰਿਕਟ ਲੀਗ (ਪੀ.ਸੀ.ਐੱਲ.) ਸ਼ੁਰੂ ਕਰਨ ਦਾ ਫੈਸਲਾ ਲਿਆ ਹੈ। ਮੁੱਖ ਮੰਤਰੀ ਭਗਵੰਤ ਮਾਨ ਦੀ ਅਗਵਾਈ ਹੇਠ ਹੋਈ ਖੇਡ ਅਤੇ ਯੁਵਕ ਸੇਵਾਵਾਂ ਵਿਭਾਗ ਦੀ ਉੱਚ ਪੱਧਰੀ ਮੀਟਿੰਗ ਵਿਚ ਇਸ ਨਵੀਂ ਪਹਿਲਕਦਮੀ ਨੂੰ ਹਰੀ ਝੰਡੀ ਦਿੱਤੀ ਗਈ। ਇਹ ਲੀਗ ਇੰਡੀਅਨ ਪ੍ਰੀਮੀਅਰ ਲੀਗ (ਆਈ.ਪੀ.ਐੱਲ.) ਦੀ ਤਰਜ਼ 'ਤੇ ਹੋਵੇਗੀ, ਜਿਸ ਨਾਲ ਪੰਜਾਬ ਦੇ ਕੋਨੇ-ਕੋਨੇ ਵਿਚੋਂ ਨਵੀਂ ਪ੍ਰਤਿਭਾ ਸਾਹਮਣੇ ਆਉਣ ਦੀ ਉਮੀਦ ਹੈ।

ਇਹ ਲੀਗ ਭਾਰਤੀ ਕ੍ਰਿਕਟ ਕੰਟਰੋਲ ਬੋਰਡ (ਬੀ.ਸੀ.ਸੀ.ਆਈ.) ਅਤੇ ਪੰਜਾਬ ਕ੍ਰਿਕਟ ਐਸੋਸੀਏਸ਼ਨ (ਪੀ.ਸੀ.ਏ.) ਦੇ ਸਹਿਯੋਗ ਨਾਲ ਕਰਵਾਈ ਜਾਵੇਗੀ। ਟੂਰਨਾਮੈਂਟ ਵਿਚ ਹਿੱਸਾ ਲੈਣ ਵਾਲੀਆਂ ਟੀਮਾਂ ਜ਼ਿਲ੍ਹਾ ਅਤੇ ਮਾਝਾ, ਦੋਆਬਾ ਅਤੇ ਮਾਲਵਾ ਵਰਗੇ ਭੂਗੋਲਿਕ ਖੇਤਰਾਂ ਦੇ ਆਧਾਰ 'ਤੇ ਬਣਾਈਆਂ ਜਾਣਗੀਆਂ।

ਉਨ੍ਹਾਂ ਕਿਹਾ ਕਿ ਕ੍ਰਿਕਟ ਦੇ ਨਾਲ-ਨਾਲ ਵਾਲੀਬਾਲ, ਫੁਟਬਾਲ, ਹਾਕੀ, ਬਾਸਕਟਬਾਲ, ਖੋ-ਖੋ ਅਤੇ ਕਬੱਡੀ ਵਰਗੀਆਂ ਖੇਡਾਂ ਲਈ ਵੀ ਜ਼ਿਲ੍ਹਾ ਤੇ ਰਾਜ ਪੱਧਰੀ ਲੀਗਾਂ ਕਰਵਾਈਆਂ ਜਾਣੀਆਂ ਚਾਹੀਦੀਆਂ ਹਨ। ਸਰਕਾਰ ਅਜਿਹੇ ਪ੍ਰਤਿਭਾਸ਼ਾਲੀ ਖਿਡਾਰੀ ਪੈਦਾ ਕਰਨ ਦੀ ਮੁਹਿੰਮ 'ਤੇ ਕੰਮ ਕਰ ਰਹੀ ਹੈ, ਜੋ ਕੌਮਾਂਤਰੀ ਪੱਧਰ ਦੇ ਮੁਕਾਬਲਿਆਂ ਵਿਚ ਭਾਰਤ ਦੀ ਨੁਮਾਇੰਦਗੀ ਕਰਨ ਦੇ ਸਮਰੱਥ ਹੋਣ। ਪੰਜਾਬੀ ਖਿਡਾਰੀਆਂ ਵਿਚ ਅਥਾਹ ਸਮਰੱਥਾ ਹੈ, ਬੱਸ ਉਨ੍ਹਾਂ ਨੂੰ ਸਹੀ ਮੰਚ ਅਤੇ ਮਾਰਗਦਰਸ਼ਨ ਦੀ ਲੋੜ ਹੈ। ਉਨ੍ਹਾਂ ਅਧਿਕਾਰੀਆਂ ਨੂੰ ਨਿਰਦੇਸ਼ ਦਿੱਤੇ ਕਿ ਉਹ ਸਿਹਤਮੰਦ ਸਮਾਜ ਦੀ ਸਿਰਜਣਾ ਲਈ ਨੌਜਵਾਨਾਂ ਨੂੰ ਖੇਡ ਮੈਦਾਨਾਂ ਨਾਲ ਜੋੜਨ ਵਿਚ ਆਪਣਾ ਬਣਦਾ ਯੋਗਦਾਨ ਪਾਉਣ।


Dr. Sukhsimranjit Singh
LL.M., Ph.D
Mediator & Arbitrator, JAMS
Winner of SCMA Peacemaker Award.
Former: Dean of Straus Institute,
Pepperdine University; Faculty member of
Hamline University & Willamette University.
Founder of www.singhacademy.com



ARE YOU CURRENTLY FACING CIVIL, BUSINESS, FAMILY, CONTRACTUAL OR PROPERTY DISPUTES?
For Mediation Services, Contact Office Manager :
Julie McCool Email: jmccool@jamsadr.com
Call : +1 503 910 8767
www.singhadr.com
Mediation - ◊ Save Money ◊ Save Time ◊ Save Your relationship
• LOS ANGELES 555 W 5th St
• SAN FRANCISCO 2 Embarcadero Center
• SACRAMENTO 2 Embarcadero 1415 L St # 700
• VISALIA 1300 W Main Street
• NEW YORK 1414 6th Ave
*863

# ਸ੍ਰੀ ਕਰਤਾਰਪੁਰ ਸਾਹਿਬ ਦਾ ਬੰਦ ਲਾਂਘਾ ਖੋਲ੍ਹਣ ਲਈ ਸਰਹੱਦ ’ਤੇ ਅਰਦਾਸ ਦੌਰਾਨ ਸੰਗਤ ਤੇ ਬੀ.ਸੀ.ਐੱਫ. ਅਧਿਕਾਰੀਆਂ ’ਚ ਤਿੱਖੀ ਬਹਿਸ



**ਡੇਰਾ ਬਾਬਾ ਨਾਨਕ, (ਪੰਜਾਬ ਮੇਲ)-** ਭਾਰਤ-ਪਾਕਿਸਤਾਨ ਸਰਹੱਦ ’ਤੇ ਸਥਿਤ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਚਰਨ ਛੋਹ ਪ੍ਰਾਪਤ ਇਤਿਹਾਸਕ ਗੁਰਦੁਆਰਾ ਸ੍ਰੀ ਕਰਤਾਰਪੁਰ ਸਾਹਿਬ ਦੇ ਦਰਸ਼ਨਾਂ ਲਈ ਬੰਦ ਪਏ ਲਾਂਘੇ ਨੂੰ ਮੁੜ ਖੋਲ੍ਹਣ ਵਾਸਤੇ ਬੀਤੇ ਦਿਨ ਵੱਡੀ ਗਿਣਤੀ ਵਿਚ ‘ਨਾਨਕ ਨਾਮ ਲੇਵਾ’ ਸੰਗਤਾਂ ਵੱਲੋਂ ਡੇਰਾ ਬਾਬਾ ਨਾਨਕ ਵਿਖੇ ਅਰਦਾਸ ਕੀਤੀ ਗਈ। ਪੰਜਾਬ ਦੇ ਵੱਖ-ਵੱਖ ਕੋਨਿਆਂ ਤੋਂ ਪੁੱਜੀਆਂ ਸੰਗਤਾਂ ਨੇ ਦਰਸ਼ਨ ਅਸਥਾਨ ’ਤੇ ਖਲੋ ਕੇ ਪਹਿਲਾਂ ‘ਸਤਿਨਾਮ ਵਾਹਿਗੁਰੂ’ ਦਾ ਜਾਪ ਕੀਤਾ ਅਤੇ ਫਿਰ ਗੁਰਧਾਮ ਦੇ ਖੁੱਲ੍ਹੇ ਦਰਸ਼ਨ ਦੀਦਾਰਿਆਂ ਲਈ ਜੋਦੜੀ ਕੀਤੀ।

ਇਸ ਦੌਰਾਨ ਉਸ ਸਮੇਂ ਤਣਾਅਪੂਰਨ ਸਥਿਤੀ ਬਣ ਗਈ, ਜਦੋਂ ਸਰਹੱਦ ’ਤੇ ਤਾਇਨਾਤ ਬੀ.ਐੱਸ.ਐੱਫ. ਅਧਿਕਾਰੀਆਂ ਨੇ ਸੰਗਤਾਂ ਨੂੰ ਅਰਦਾਸ ਕਰਨ ਤੋਂ ਰੋਕ ਦਿੱਤਾ। ਇਸ ਮੌਕੇ ਸਿੱਖ ਆਗੂਆਂ ਅਤੇ ਸੁਰੱਖਿਆ ਕਰਮਚਾਰੀਆਂ ਵਿਚਾਲੇ ਕਾਫ਼ੀ ਲੰਮੀ ਅਤੇ ਤਿੱਖੀ ਬਹਿਸ ਹੋਈ। ਅਖ਼ੀਰ ਉੱਚ ਅਧਿਕਾਰੀਆਂ ਦੇ ਦਖ਼ਲ ਤੋਂ ਬਾਅਦ ਸੰਗਤ ਨੂੰ ਅਰਦਾਸ ਦੀ ਆਗਿਆ ਮਿਲੀ ਪਰ ਬੀ.ਐੱਸ.ਐੱਫ. ਦੇ ਇਸ ਅੜੀਅਲ ਵਤੀਰੇ ਕਾਰਨ ਸ਼ਰਧਾਲੂਆਂ ਵਿਚ ਭਾਰੀ ਰੋਸ ਦੇਖਣ ਨੂੰ ਮਿਲਿਆ। ਇਸ ਮੌਕੇ ਮਨਜੀਤ ਸਿੰਘ ਭੋਮਾ (ਚੇਅਰਮੈਨ ਧਰਮ ਪ੍ਰਚਾਰ ਕਮੇਟੀ ਪੰਜਾਬ, ਦਿੱਲੀ ਕਮੇਟੀ), ਸਰਬਜੀਤ ਸਿੰਘ ਜੰਮੂ (ਸਕੱਤਰ ਹਰਿਆਣਾ ਕਮੇਟੀ) ਅਤੇ ਭਾਈ ਸੁਰਿੰਦਰਪਾਲ ਸਿੰਘ ਤਾਲਿਬਪੁਰਾ ਨੇ ਭਾਰਤ ਦੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਅਤੇ ਪਾਕਿਸਤਾਨ ਦੇ ਪ੍ਰਧਾਨ ਮੰਤਰੀ ਸ਼ਾਹਬਾਜ਼ ਸ਼ਰੀਫ਼ ਨੂੰ ਅਪੀਲ ਕੀਤੀ ਕਿ ਸੰਗਤਾਂ ਦੀਆਂ ਭਾਵਨਾਵਾਂ ਨੂੰ ਸਮਝਦਿਆਂ ਇਹ ਲਾਂਘਾ ਤੁਰੰਤ ਖੋਲ੍ਹਿਆ ਜਾਵੇ।

ਆਗੂਆਂ ਨੇ ਮੰਗ ਕੀਤੀ ਕਿ ਲਾਂਘੇ ਦੇ ਦੋਵੇਂ ਪਾਸੇ ਦੋ-ਦੋ ਕਿਲੋਮੀਟਰ ਦੇ ਘੇਰੇ ਨੂੰ ‘ਗੁਰੂ ਨਾਨਕ ਫ਼ਰੀ ਵਪਾਰ ਜ਼ੋਨ’ ਐਲਾਨਿਆ ਜਾਵੇ। ਉਨ੍ਹਾਂ ਅਨੁਸਾਰ ਇਸ ਨਾਲ ਨਾ ਸਿਰਫ਼ ਵਪਾਰ ਵਧੇਗਾ, ਸਗੋਂ ਦੋਵਾਂ ਦੇਸ਼ਾਂ ਵਿਚਾਲੇ ਦੁਸ਼ਮਣੀ ਦੀ ਕੜਵਾਹਟ ਘਟੇਗੀ ਅਤੇ ਭਾਈਚਾਰਕ ਸਾਂਝ ਮਜ਼ਬੂਤ ਹੋਵੇਗੀ। ਉਨ੍ਹਾਂ ਕਿਹਾ ਕਿ ਹੁਣ ਜਦੋਂ ਵਾਹਗਾ ਸਰਹੱਦ ਰਾਹੀਂ ਵਪਾਰ ਅਤੇ ਜਥੇ ਸ਼ੁਰੂ ਹੋ ਚੁੱਕੇ ਹਨ, ਤਾਂ ਇਸ ਪਵਿੱਤਰ ਲਾਂਘੇ ਨੂੰ ਬੰਦ ਰੱਖਣਾ ਮੰਦਭਾਗਾ ਹੈ।

# ਸੰਯੁਕਤ ਕਿਸਾਨ ਮੋਰਚੇ ਵੱਲੋਂ ਅਮਰੀਕਾ ਨਾਲ ਵਪਾਰ ਸਮਝੌਤੇ ਦਾ ਵਿਰੋਧ

**▌ਕੇਂਦਰ ਤੇ ਪੰਜਾਬ ਸਰਕਾਰ ਦੀਆਂ ਲੋਕ ਵਿਰੋਧੀ ਤੇ ਨਿੱਜੀਕਰਨ ਨੀਤੀਆਂ ਖਿਲਾਫ ਕੀਤੀ ਮੀਟਿੰਗ**



*ਸੰਯੁਕਤ ਕਿਸਾਨ ਮੋਰਚੇ ਦੇ ਆਗੂ ਮੀਟਿੰਗ ’ਚ ਚਰਚਾ ਕਰਦੇ ਹੋਏ।*

**ਚੰਡੀਗੜ੍ਹ, (ਪੰਜਾਬ ਮੇਲ)-** ਸੰਯੁਕਤ ਕਿਸਾਨ ਮੋਰਚੇ (ਐੱਸ.ਕੇ.ਐੱਮ.) ਵੱਲੋਂ ਕੇਂਦਰ ਤੇ ਪੰਜਾਬ ਸਰਕਾਰ ਦੀਆਂ ਲੋਕ ਵਿਰੋਧੀ ਤੇ ਨਿੱਜੀਕਰਨ ਦੀਆਂ ਨੀਤੀਆਂ ਖ਼ਿਲਾਫ਼ ਇੱਥੇ ਸਥਿਤ ਕਿਸਾਨ ਭਵਨ ’ਚ ਮੀਟਿੰਗ ਕੀਤੀ ਗਈ। ਮੀਟਿੰਗ ਵਿਚ ਮੋਰਚੇ ਨਾਲ ਸਬੰਧਤ ਜਥੇਬੰਦੀਆਂ ਤੋਂ ਇਲਾਵਾ ਮਜ਼ਦੂਰ, ਮੁਲਾਜ਼ਮ, ਵਿਦਿਆਰਥੀ, ਨੌਜਵਾਨ ਅਤੇ ਮਹਿਲਾ ਜਥੇਬੰਦੀਆਂ ਦੇ ਆਗੂਆਂ ਨੇ ਸ਼ਮੂਲੀਅਤ ਕੀਤੀ। ਆਗੂਆਂ ਨੇ ਬਿਜਲੀ ਸੋਧ ਬਿੱਲ, ਬੀਜ ਬਿੱਲ, ਮੁਕਤ ਵਪਾਰ ਸਮਝੌਤਾ, ਚਾਰ ਕਿਰਤ ਕੋਡਾਂ ਤੇ ਮਗਨਰੇਗਾ ਦੀ ਥਾਂ ਲਿਆਂਦੇ ਨਵੇਂ ਕਾਨੂੰਨ ਅਤੇ ਪੰਜਾਬ ਸਰਕਾਰ ਵੱਲੋਂ ਸਰਕਾਰੀ ਅਦਾਰਿਆਂ ਦੀਆਂ ਜ਼ਮੀਨਾਂ ਵੇਚਣ ਵਰਗੇ ਅਹਿਮ ਮਸਲਿਆਂ ’ਤੇ ਚਰਚਾ ਕੀਤੀ। ਮੀਟਿੰਗ ਦੀ ਪ੍ਰਧਾਨਗੀ ਜੋਗਿੰਦਰ ਸਿੰਘ ਉਗਰਾਹਾਂ, ਹਰਿੰਦਰ ਸਿੰਘ ਲੱਖੋਵਾਲ, ਅੰਗਰੇਜ਼ ਸਿੰਘ ਭਦੌੜ, ਡਾ. ਦਰਸ਼ਨ ਪਾਲ ਅਤੇ ਬੂਟਾ ਸਿੰਘ ਬੁਰਜ ਗਿੱਲ ਨੇ ਕੀਤੀ। ਮੀਟਿੰਗ ਵਿੱਚ ਸਾਰਿਆਂ ਨੇ ਭਾਰਤ-ਅਮਰੀਕਾ ਵਪਾਰ ਸਮਝੌਤੇ ਦਾ ਵਿਰੋਧ ਕਰਦਿਆਂ ਕੇਂਦਰ ਸਰਕਾਰ ਤੋਂ ਸਮਝੌਤੇ ਜਨਤਕ ਕਰਨ ਦੀ ਮੰਗ ਕੀਤੀ। ਮੋਰਚੇ ਨੇ ਮੰਗ ਕੀਤੀ ਕਿ ਸਮਝੌਤੇ ਵਿਚੋਂ ਖੇਤੀ ਖੇਤਰ ਨੂੰ ਬਾਹਰ ਰੱਖਿਆ ਜਾਵੇ। ਉਨ੍ਹਾਂ ਕਿਹਾ ਕਿ ਮੋਰਚੇ ਵੱਲੋਂ 11 ਫਰਵਰੀ ਤੱਕ ਪਿੰਡਾਂ ’ਚ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਅਤੇ ਅਮਰੀਕੀ ਰਾਸ਼ਟਰਪਤੀ ਡੋਨਲਡ ਟਰੰਪ ਦੇ ਪੁਤਲੇ ਫੂਕੇ ਜਾਣਗੇ।

ਸੰਯੁਕਤ ਕਿਸਾਨ ਮੋਰਚੇ ਦੇ ਆਗੂਆਂ ਨੇ ਪੱਤਰਕਾਰਾਂ ਨਾਲ ਗੱਲਬਾਤ ਦੌਰਾਨ ਕਿਹਾ ਕਿ ਅਜੇ ਤੱਕ ਪੰਜਾਬ ਸਰਕਾਰ ਨੇ ਬਿਜਲੀ ਸੋਧ ਬਿੱਲ ਸਣੇ ਹੋਰ ਕਿਸਾਨ ਤੇ ਮਜ਼ਦੂਰ ਵਿਰੋਧੀ ਬਿੱਲਾਂ ਬਾਰੇ ਆਪਣਾ ਸਟੈਂਡ ਸਪੱਸ਼ਟ ਨਹੀਂ ਕੀਤਾ ਹੈ। ਇਸ ਤੋਂ ਇਲਾਵਾ ਪੰਜਾਬ ਸਰਕਾਰ ਜਨਤਕ ਅਦਾਰਿਆਂ ਦੀਆਂ ਜਾਇਦਾਦਾਂ ਵੇਚਣ, ਮਜ਼ਦੂਰਾਂ ਤੇ ਮੁਲਾਜ਼ਮਾਂ ਦੇ ਘੋਲਾਂ ਦੀ ਅਣਦੇਖੀ ਕਰਨ ਅਤੇ ਸੰਘਰਸ਼ੀ ਲੋਕਾਂ ’ਤੇ ਜਬਰ ਢਾਹੁਣ ਦੇ ਰਾਹ ਪਈ ਹੋਈ ਹੈ। ਇਸ ਖ਼ਿਲਾਫ਼ 22 ਫਰਵਰੀ ਨੂੰ ਪੰਜਾਬ ’ਚ ‘ਆਪ’ ਅਤੇ ਭਾਜਪਾ ਆਗੂਆਂ ਦੇ ਘਰਾਂ ਮੂਹਰੇ ਸਵੇਰੇ 11 ਵਜੇ ਤੋਂ ਬਾਅਦ ਦੁਪਹਿਰ 3 ਵਜੇ ਤੱਕ ਧਰਨੇ ਦਿੱਤੇ ਜਾਣਗੇ। ਮੀਟਿੰਗ ਵਿਚ ਬਲਵੀਰ ਸਿੰਘ ਰਾਜੇਵਾਲ, ਰਮਿੰਦਰ ਸਿੰਘ ਪਟਿਆਲਾ, ਰੁਲਦੂ ਸਿੰਘ ਮਾਨਸਾ, ਬਲਦੇਵ ਸਿੰਘ ਨਿਹਾਲਗੜ੍ਹ, ਹਰਭਜਨ ਸਿੰਘ ਬੁੱਟਰ, ਡਾ. ਸਤਨਾਮ ਸਿੰਘ ਅਜਨਾਲਾ, ਹਰਵਿੰਦਰ ਸਿੰਘ ਬੱਲੋ, ਬੂਟਾ ਸਿੰਘ ਸ਼ਾਦੀਪੁਰ, ਬਲਵਿੰਦਰ ਸਿੰਘ ਰਾਜੂ ਔਲਖ, ਗੁਰਦਰਸ਼ਨ ਸਿੰਘ ਖਾਸਪੁਰ, ਜਗਪਾਲ ਸਿੰਘ ਊਧਾ, ਰਾਜਿੰਦਰ ਕੁਮਾਰ, ਜਸਵਿੰਦਰ ਸਿੰਘ, ਬਲਿਹਾਰ ਸਿੰਘ, ਗੁਲਜ਼ਾਰ ਸਿੰਘ ਗੋਰੀਆ, ਲਛਮਣ ਸਿੰਘ ਸੇਵੇਵਾਲਾ, ਹਰਜਿੰਦਰ ਸਿੰਘ, ਹਰਦੀਪ ਸਿੰਘ ਟੋਡਰਪੁਰ, ਧਰਮਵੀਰ ਹਰੀਗੜ੍ਹ ਤੇ ਕਸ਼ਮੀਰ ਸਿੰਘ ਘੁੱਗਸ਼ੋਰ ਸਣੇ ਵੱਖ-ਵੱਖ ਜਥੇਬੰਦੀਆਂ ਦੇ ਵੱਡੀ ਗਿਣਤੀ ਆਗੂ ਮੌਜੂਦ ਸਨ।




# ਪਤਨੀ ਨੇ ਪਤੀ ਨੂੰ ਕੈਨੇਡਾ ਬੁਲਾਉਣ ਦੀ ਥਾਂ ਭੇਜਿਆ ਤਲਾਕ ਦਾ ਸੰਮਨ

- ਸਹੁਰਿਆਂ ਦੇ ਖਰਚ 'ਤੇ ਗਈ ਸੀ ਕੈਨੇਡਾ
- ਵਿਆਹੁਤਾ ਅਤੇ ਪਿਤਾ ਖਿਲਾਫ਼ 25 ਲੱਖ ਦੀ ਠੱਗੀ ਦੇ ਦੋਸ਼ਾਂ ਤਹਿਤ ਕੇਸ ਦਰਜ

**ਲੰਬੀ, (ਪੰਜਾਬ ਮੇਲ)**-ਇਥੇ ਸਹੁਰਿਆਂ ਦੇ ਖਰਚ 'ਤੇ ਕੈਨੇਡਾ ਗਈ ਵਿਆਹੁਤਾ ਅਤੇ ਉਸ ਦੇ ਪਿਤਾ ਖਿਲਾਫ਼ 25 ਲੱਖ ਰੁਪਏ ਦੀ ਠੱਗੀ ਦੇ ਦੋਸ਼ਾਂ ਤਹਿਤ ਕੇਸ ਦਰਜ ਕੀਤਾ ਗਿਆ ਹੈ। ਦੋਸ਼ ਹੈ ਕਿ ਵਿਆਹ ਮਗਰੋਂ ਲੜਕੀ ਨੇ ਪਤੀ ਨੂੰ ਕੈਨੇਡਾ ਬੁਲਾਉਣ ਦੀ ਥਾਂ ਤਲਾਕ ਦੇ ਸੰਮਨ ਭਿਜਵਾ ਦਿੱਤੇ। ਇਹ ਘਟਨਾ ਖੁਸ਼ਦੀਪ ਸਿੰਘ ਪੁੱਤਰ ਮਲਕੀਤ ਸਿੰਘ ਵਾਸੀ ਪਿੰਡ ਗੱਗੜ ਨਾਲ ਵਾਪਰੀ। ਉਚ ਅਧਿਕਾਰੀਆਂ ਵੱਲੋਂ ਪੜਤਾਲ ਉਪਰੰਤ ਪੀੜਤ ਖੁਸ਼ਦੀਪ ਦੀ ਸ਼ਿਕਾਇਤ 'ਤੇ ਇਹ ਕੇਸ ਦਰਜ ਕੀਤਾ ਗਿਆ ਹੈ। ਇਸ ਮਾਮਲੇ ਵਿਚ ਜਸਲੀਨ ਕੌਰ ਅਤੇ ਉਸ ਦੇ ਪਿਤਾ ਲਛਮਣ ਸਿੰਘ ਵਾਸੀ ਵੰਨਵਾਲਾ (ਸਾਦੁਲਸ਼ਹਿਰ) ਰਾਜਸਥਾਨ ਨੂੰ ਨਾਮਜ਼ਦ ਕੀਤਾ ਗਿਆ ਹੈ।

ਜਾਣਕਾਰੀ ਅਨੁਸਾਰ ਪੀੜਤ ਖੁਸ਼ਦੀਪ ਸਿੰਘ ਅਤੇ ਜਸਲੀਨ ਕੌਰ ਦਾ 2018 ਵਿਚ ਰਿਸ਼ਤਾ ਹੋਇਆ ਸੀ। ਉਸ ਵੇਲੇ ਦੋਵਾਂ ਪਰਿਵਾਰਾਂ ਵਿਚਕਾਰ ਜ਼ੁਬਾਨੀ ਸਮਝੌਤਾ ਹੋਇਆ ਸੀ ਕਿ ਜਸਲੀਨ ਕੌਰ ਦੀ ਆਈਲੈੱਟਸ ਤੇ ਕੈਨੇਡਾ ਜਾਣ ਦਾ ਸਾਰਾ ਖਰਚਾ ਲੜਕਾ ਪਰਿਵਾਰ ਵੱਲੋਂ ਭਰਿਆ ਜਾਵੇਗਾ ਅਤੇ ਇਸ ਦੇ ਬਦਲੇ ਵਿਚ ਜਸਲੀਨ ਕੌਰ ਵਿਆਹ ਮਗਰੋਂ ਖੁਸ਼ਦੀਪ ਨੂੰ ਵੀ ਕੈਨੇਡਾ ਬੁਲਾ ਲਵੇਗੀ। ਸ਼ਿਕਾਇਤ ਧਿਰ ਦਾ ਦਾਅਵਾ ਹੈ ਕਿ ਉਸ ਨੇ ਜਸਲੀਨ ਕੌਰ ਤੇ ਉਸਦੇ ਪਿਤਾ ਲਛਮਣ ਸਿੰਘ ਦੇ ਬੈਂਕ ਖਾਤਿਆਂ ਵਿਚ ਕਰੀਬ 25 ਲੱਖ ਰੁਪਏ ਟਰਾਂਸਫਰ ਕੀਤੇ ਤੇ ਨਗਦ ਰਕਮ ਵੀ ਅਦਾ ਕੀਤੀ।

ਸਮਝੌਤੇ ਮੁਤਾਬਕ ਆਈਲੈੱਟਸ ਕਰਨ ਮਗਰੋਂ ਜਸਲੀਨ ਕੌਰ ਦਸੰਬਰ 2019 ਵਿਚ ਕੈਨੇਡਾ ਚਲੀ ਗਈ। ਫਿਰ 4 ਅਪ੍ਰੈਲ 2022 ਨੂੰ ਭਾਰਤ ਆ ਕੇ ਖੁਸ਼ਦੀਪ ਸਿੰਘ ਨਾਲ ਵਿਆਹ ਕਰਵਾਇਆ ਤੇ ਮਹੀਨੇ ਮਗਰੋਂ ਕੈਨੇਡਾ ਪਰਤ ਗਈ। ਇਸ ਦੌਰਾਨ ਜਦੋਂ ਖੁਸ਼ਦੀਪ ਨੇ ਪਾਸਪੋਰਟ ਬਣਨ ਉਪਰੰਤ ਕੈਨੇਡਾ ਦੀ ਫਾਈਲ ਲਗਾਉਣ ਲਈ ਕਿਹਾ ਤਾਂ ਜਸਲੀਨ ਕੌਰ ਟਾਲ-ਮਟੋਲ ਕਰਨ ਲੱਗੀ। ਮਗਰੋਂ ਜਸਲੀਨ ਨੇ ਅਕਤੂਬਰ 2025 'ਚ ਖੁਸ਼ਦੀਪ ਨੂੰ ਤਲਾਕ ਦੇ ਅਦਾਲਤੀ ਸੰਮਨ ਭਿਜਵਾ ਦਿੱਤੇ। ਦੂਜੇ ਪਾਸੇ ਪੁਲਿਸ ਪੜਤਾਲ ਦੌਰਾਨ ਜਸਲੀਨ ਕੌਰ ਦੇ ਪਿਤਾ ਲਛਮਣ ਸਿੰਘ ਨੇ ਬਿਆਨਾਂ 'ਚ ਸਾਰੇ ਦੋਸ਼ਾਂ ਨੂੰ ਖਾਰਜ ਕਰਦਿਆਂ ਕਿਹਾ ਕਿ ਖੁਸ਼ਦੀਪ ਸਿੰਘ ਨੇ ਆਪਣੇ ਖਿਲਾਫ਼ ਦਰਜ ਪੁਰਾਣੇ ਪੁਲਿਸ ਕੇਸ ਬਾਰੇ ਜਾਣਕਾਰੀ ਲੁਕੋਈ ਸੀ, ਜਿਸ ਕਰਕੇ ਉਸ ਦਾ ਪਾਸਪੋਰਟ ਨਹੀਂ ਬਣ ਰਿਹਾ ਸੀ। ਹਾਲਾਂਕਿ ਪੁਲਿਸ ਪੜਤਾਲ ਦਾ ਤੱਥ ਹੈ ਕਿ ਖੁਸ਼ਦੀਪ ਸਿੰਘ ਫਰਵਰੀ 2025 ਵਿਚ ਹੀ ਉਸ ਕੇਸ ਵਿਚੋਂ ਬਰੀ ਹੋ ਚੁੱਕਾ ਸੀ ਅਤੇ ਉਸ ਦਾ ਪਾਸਪੋਰਟ ਵੀ ਬਣ ਗਿਆ ਸੀ।

ਥਾਣਾ ਲੰਬੀ ਦੇ ਮੁਖੀ ਜਸਵੀਰ ਸਿੰਘ ਨੇ ਕਿਹਾ ਕਿ ਉਚ ਅਧਿਕਾਰੀਆਂ ਦੀ ਪੜਤਾਲ ਉਪਰੰਤ ਜਸਲੀਨ ਕੌਰ ਤੇ ਲਛਮਣ ਸਿੰਘ ਉਰਫ਼ ਭੋਲਾ ਵਿਰੁੱਧ ਕੇਸ ਦਰਜ ਕੀਤਾ ਗਿਆ ਹੈ।

## ਗ੍ਰਾਮ ਪੰਚਾਇਤਾਂ ਵੱਲੋਂ ਪੰਜਾਬ ਸਰਕਾਰ ਦੀ ਦਾਨ ਦੀ ਅਪੀਲ ਦਰਕਿਨਾਰ

**ਚੰਡੀਗੜ੍ਹ, (ਪੰਜਾਬ ਮੇਲ)**-ਪੰਜਾਬ ਸਰਕਾਰ ਨੇ ਕੈਂਸਰ ਪੀੜਤਾਂ ਅਤੇ ਨਸ਼ੇੜੀਆਂ ਦੇ ਇਲਾਜ ਲਈ ਗਰਾਮ ਪੰਚਾਇਤਾਂ ਤੋਂ ਦਾਨ ਮੰਗਿਆ ਸੀ ਪਰ ਪੰਚਾਇਤਾਂ ਨੇ ਸਰਕਾਰ ਦੀ ਅਪੀਲ ਨੂੰ ਦਰਕਿਨਾਰ ਕਰ ਦਿੱਤਾ।

ਪੇਂਡੂ ਵਿਕਾਸ ਤੇ ਪੰਚਾਇਤ ਵਿਭਾਗ ਨੇ 29 ਜਨਵਰੀ ਨੂੰ ਮਹਿਕਮੇ ਦੇ ਸਮੂਹ ਅਫ਼ਸਰਾਂ ਨੂੰ ਮੁੜ ਪੱਤਰ ਭੇਜ ਕੇ ਕਿਹਾ ਕਿ ਜੇ ਪੰਚਾਇਤਾਂ ਸ਼ਾਮਲਾਟ ਜ਼ਮੀਨ ਤੋਂ ਹੋਣ ਵਾਲੀ ਆਮਦਨ ਵਿਚੋਂ ਕੈਂਸਰ ਦੇ ਮਰੀਜ਼ਾਂ ਅਤੇ ਨਸ਼ੇੜੀਆਂ ਦੇ ਇਲਾਜ ਲਈ ਯੋਗਦਾਨ ਪਾਉਣਾ ਚਾਹੁੰਣ ਤਾਂ ਉਹ ਪਟੇ ਦੀ ਰਕਮ ਦਾ 2 ਫ਼ੀਸਦੀ ਇਸ ਮੰਤਵ ਲਈ ਦੇ ਸਕਦੀਆਂ ਹਨ।

## ਆਪਣੇ ਪਤੀ ਦੀ ਹੱਤਿਆ ਦੇ ਦੋਸ਼ 'ਚ ਪੰਜਾਬੀ ਔਰਤ ਨੂੰ ਮੌਤ ਦੀ ਸਜ਼ਾ



**ਲੰਡਨ, (ਪੰਜਾਬ ਮੇਲ)**- ਡਰਬੀ (ਯੂ.ਕੇ.) ਦੀ 38 ਸਾਲਾ ਮਾਂ ਰਮਨਦੀਪ ਕੌਰ ਮਾਨ ਨੂੰ ਭਾਰਤ ਦੇ ਉੱਤਰ ਪ੍ਰਦੇਸ਼ ਵਿਚ ਆਪਣੇ ਪਤੀ ਸੁੱਖਜੀਤ ਸਿੰਘ ਦੀ ਹੱਤਿਆ ਲਈ ਮੌਤ ਦੀ ਸਜ਼ਾ ਸੁਣਾਈ ਗਈ ਹੈ। ਘਟਨਾ 2 ਸਤੰਬਰ 2016 ਦੀ ਹੈ, ਜਿਸ ਦੌਰਾਨ ਇੱਕ ਪਰਿਵਾਰਕ ਛੁੱਟੀਆਂ ਵਿਸ਼ੇਸ਼ ਰੂਪ ਨਾਲ ਕਰਵਾਈ ਗਈ, ਜਦੋਂ ਉਸਨੇ ਆਪਣੇ ਪਤੀ ਦੇ ਭੋਜਨ ਵਿਚ ਨਸ਼ੇ ਵਾਲੀ ਦਵਾਈ ਮਿਲਾ ਕੇ ਉਸ ਦੇ ਸਲੇਟੀ ਨਾਲ ਗਲੇ ਦੀ ਨਲੀ ਕੱਟੀ। ਮੁੰਡੇ ਦੇ ਬਿਆਨ ਨੇ ਮੁਕੱਦਮੇ 'ਚ ਅਹਿਮ ਕੰਮ ਕੀਤਾ, ਜਿਸ ਨੇ ਦੇਖਿਆ ਸੀ ਕਿ ਮਾਂ ਅਤੇ ਉਸਦਾ ਸਾਥੀ ਨੇ ਉਸ ਦੇ ਪਿਤਾ ਨੂੰ ਮਾਰਿਆ। ਅਦਾਲਤ ਨੇ ਉਸਦੇ ਸਾਥੀ ਗੁਰਪ੍ਰੀਤ ਸਿੰਘ ਨੂੰ ਉਮਰ ਕੈਦ ਦੀ ਸਜ਼ਾ ਦਿੱਤੀ ਹੈ ਅਤੇ ਰਮਨਦੀਪ ਹੁਣ ਅਪੀਲ ਕਰ ਰਹੀ ਹੈ। ਇਹ ਕੇਸ ਮਨੁੱਖੀ ਅਤੇ ਕਾਨੂੰਨੀ ਦੋਹਾਂ ਪੱਖਾਂ ਨੂੰ ਛੇੜਦਾ ਹੈ।

ਰੋਜ਼ਾਨਾਂ ਤਾਜ਼ੀਆਂ ਖਬਰਾਂ ਪੜ੍ਹਨ ਲਈ ਪੰਜਾਬ ਮੇਲ ਦੀ ਵੈੱਬਸਾਇਟ 'ਤੇ ਕਲਿੱਕ ਕਰੋ : www.punjabmailusa.com

# ਸੁਪਰੀਮ ਕੋਰਟ 'ਚ ਚੋਣਾਂ ਮੌਕੇ ਮੁਫ਼ਤ ਤੋਹਫਿਆਂ ਦੇ ਵਾਅਦਿਆਂ ਖਿਲਾਫ਼ ਪਟੀਸ਼ਨ 'ਤੇ ਹੋਵੇਗੀ ਸੁਣਵਾਈ

- ਮਾਰਚ ਮਹੀਨੇ 'ਚ 3 ਜੱਜਾਂ ਦੇ ਬੈਂਚ ਵੱਲੋਂ ਸੁਣਵਾਈ ਕੀਤੀ ਜਾਵੇਗੀ

**ਨਵੀਂ ਦਿੱਲੀ, (ਪੰਜਾਬ ਮੇਲ)**- ਪੰਜ ਸੂਬਿਆਂ ਅਤੇ ਕੇਂਦਰ ਸ਼ਾਸਤ ਪ੍ਰਦੇਸ਼ ਪੁਡੂਚੇਰੀ ਵਿਚ ਵਿਧਾਨ ਸਭਾ ਚੋਣਾਂ ਤੋਂ ਪਹਿਲਾਂ ਸੁਪਰੀਮ ਕੋਰਟ ਨੇ ਸਿਆਸੀ ਪਾਰਟੀਆਂ ਵੱਲੋਂ ਚੋਣਾਂ ਦੌਰਾਨ ਕੀਤੇ ਜਾਂਦੇ 'ਤਰਕਹੀਣ ਮੁਫ਼ਤ ਤੋਹਫ਼ਿਆਂ' ਦੇ ਵਾਅਦਿਆਂ ਖ਼ਿਲਾਫ਼ ਦਾਇਰ ਪਟੀਸ਼ਨ 'ਤੇ ਸੁਣਵਾਈ ਕਰਨ ਲਈ ਸਹਿਮਤੀ ਜਤਾਈ ਹੈ। ਇਹ ਸੁਣਵਾਈ ਮਾਰਚ ਮਹੀਨੇ ਵਿਚ ਤਿੰਨ ਜੱਜਾਂ ਦੇ ਬੈਂਚ ਵੱਲੋਂ ਕੀਤੀ ਜਾਵੇਗੀ।

ਇਹ ਪਟੀਸ਼ਨ ਵਕੀਲ ਅਸ਼ਵਨੀ ਕੁਮਾਰ ਉਪਾਧਿਆਏ ਵੱਲੋਂ ਦਾਇਰ ਕੀਤੀ ਗਈ, ਜਿਸ ਵਿਚ ਮੰਗ ਕੀਤੀ ਗਈ ਹੈ ਕਿ ਜੇ ਕੋਈ ਸਿਆਸੀ ਪਾਰਟੀ ਚੋਣਾਂ ਤੋਂ ਪਹਿਲਾਂ ਬਿਨਾਂ ਵਿੱਤੀ ਮੁਲਾਂਕਣ ਕੀਤੇ ਮੁਫ਼ਤ ਤੋਹਫ਼ਿਆਂ ਦਾ ਵਾਅਦਾ ਕਰੇ ਜਾਂ ਵੰਡੇ, ਤਾਂ ਉਸ ਦਾ ਚੋਣ ਚਿੰਨ੍ਹ ਜ਼ਬਤ ਜਾਂ ਰੱਦ ਕੀਤਾ ਜਾਵੇ। ਪਟੀਸ਼ਨਕਰਤਾ ਨੇ ਦਲੀਲ ਦਿੱਤੀ ਕਿ ਅਜਿਹੇ ਵਾਅਦੇ ਵੋਟਰਾਂ ਨੂੰ ਗਲਤ ਤਰੀਕੇ ਨਾਲ ਪ੍ਰਭਾਵਿਤ ਕਰਦੇ ਹਨ ਅਤੇ ਚੋਣ ਪ੍ਰਕਿਰਿਆ ਦੀ ਪਵਿੱਤਰਤਾ ਨੂੰ ਨੁਕਸਾਨ ਪਹੁੰਚਾਉਂਦੇ ਹਨ।



ਚੀਫ਼ ਜਸਟਿਸ ਸੂਰਿਆ ਕਾਂਤ ਨੇ ਇਸ ਮਾਮਲੇ ਨੂੰ 'ਗੰਭੀਰ ਅਤੇ ਜਨਹਿੱਤ ਨਾਲ ਜੁੜਿਆ ਹੋਇਆ' ਦੱਸਦਿਆਂ ਕਿਹਾ ਕਿ ਇਸ 'ਤੇ ਸੁਣਵਾਈ ਲੋੜੀਂਦੀ ਹੈ। ਅਦਾਲਤ ਨੇ ਧਿਆਨ ਦਿਵਾਇਆ ਕਿ ਕਈ ਵਾਰ ਮੁਫ਼ਤ ਸਹੂਲਤਾਂ ਲਈ ਰੱਖਿਆ ਗਿਆ ਬਜਟ ਆਮ ਬਜਟ ਤੋਂ ਵੀ ਵੱਧ ਹੋ ਜਾਂਦਾ ਹੈ।

ਦੂਜੇ ਪਾਸੇ, 'ਆਪ', ਕਾਂਗਰਸ ਅਤੇ ਡੀ.ਐੱਮ.ਕੇ. ਵਰਗੀਆਂ ਪਾਰਟੀਆਂ ਨੇ ਅਦਾਲਤ ਵਿਚ ਕਿਹਾ ਹੈ ਕਿ ਮੁਫ਼ਤ ਤੋਹਫਿਆਂ ਨੂੰ ਗਰੀਬਾਂ ਲਈ ਬਣਾਈਆਂ ਗਈਆਂ ਭਲਾਈ ਸਕੀਮਾਂ ਨਾਲ ਨਾ ਜੋੜਿਆ ਜਾਵੇ। ਮਾਮਲੇ ਦੀ ਅਹਿਮੀਅਤ ਦੇ ਮੱਦੇਨਜ਼ਰ ਹੁਣ ਸਾਰੇ ਦੇਸ਼ ਦੀ ਨਜ਼ਰ ਸੁਪਰੀਮ ਕੋਰਟ ਦੀ ਆਉਣ ਵਾਲੀ ਸੁਣਵਾਈ 'ਤੇ ਟਿਕੀ ਹੋਈ ਹੈ।




# ਦੂਜੇ ਵਿਸ਼ਵ ਯੁੱਧ 'ਚ ਸ਼ਹੀਦ ਹੋਏ ਸਿੱਖ ਫੌਜੀਆਂ ਨੂੰ ਸ਼ਰਧਾਂਜਲੀ

## ■ ਜਪਾਨ ਖਿਲਾਫ਼ ਸਿੰਗਾਪੁਰ-ਮਲਾਇਆ ਦੀ ਰੱਖਿਆ ਕਰਦਿਆਂ ਦਿੱਤੀ ਸੀ ਕੁਰਬਾਨੀ



ਦੂਜੀ ਸੰਸਾਰ ਜੰਗ 'ਚ ਸ਼ਹੀਦ ਹੋਏ ਸਿੱਖ ਫੌਜੀਆਂ ਨੂੰ ਸ਼ਰਧਾਂਜਲੀ ਦਿੰਦੇ ਹੋਏ ਕ੍ਰਾਂਜੀ ਵਾਰ ਮੈਮੋਰੀਅਲ 'ਤੇ ਸਥਾਨਕ ਸਿੱਖ ਭਾਈਚਾਰੇ ਦੇ ਮੈਂਬਰ ਅਤੇ ਵਿਦੇਸ਼ੀ ਸ਼ਖਸੀਅਤਾਂ।

**ਸਿੰਗਾਪੁਰ, (ਪੰਜਾਬ ਮੇਲ)-** ਸਿੰਗਾਪੁਰ ਦੇ ਇੱਕ ਮੰਤਰੀ ਅਤੇ ਭਾਰਤ ਸਮੇਤ ਰਾਸ਼ਟਰਮੰਡਲ ਦੇ ਸੱਤ ਦੇਸ਼ਾਂ ਦੇ ਹਾਈ ਕਮਿਸ਼ਨਰਾਂ ਨੇ ਸਿੱਖ ਭਾਈਚਾਰੇ ਨਾਲ ਮਿਲ ਕੇ ਇੱਥੇ ਉਨ੍ਹਾਂ ਫੌਜੀਆਂ ਨੂੰ ਯਾਦ ਕੀਤਾ, ਜਿਨ੍ਹਾਂ ਨੇ ਦੂਜੇ ਵਿਸ਼ਵ ਯੁੱਧ ਦੌਰਾਨ ਸਿੰਗਾਪੁਰ-ਮਲਾਇਆ ਦੀ ਰੱਖਿਆ ਕਰਦਿਆਂ ਸ਼ਹਾਦਤਾਂ ਦਿੱਤੀਆਂ ਸਨ।

ਕ੍ਰਾਂਜੀ ਵਾਰ ਮੈਮੋਰੀਅਲ ਵਿਚ ਯਾਦਗਾਰੀ ਸਮਾਗਮ ਕਰਵਾਇਆ, ਜਿਸ ਵਿਚ 3,318 ਸ਼ਹੀਦ ਫੌਜੀਆਂ ਦੀਆਂ ਕੁਰਬਾਨੀਆਂ ਨੂੰ ਯਾਦ ਕੀਤਾ ਗਿਆ। ਇਹ ਫੌਜੀ ਉਸ ਸਮੇਂ ਦੇ ਅਣਵੰਡੇ ਪੰਜਾਬ ਦੇ ਵੱਖ-ਵੱਖ ਭਾਈਚਾਰਿਆਂ ਨਾਲ ਸਬੰਧਤ ਸਨ, ਜਿਨ੍ਹਾਂ ਨੇ ਜਪਾਨੀ ਫੌਜਾਂ ਖ਼ਿਲਾਫ਼ ਸਿੰਗਾਪੁਰ ਤੇ ਮਲਾਇਆ ਦੀ ਰੱਖਿਆ ਕਰਦਿਆਂ ਕੁਰਬਾਨੀ ਦਿੱਤੀ ਸੀ। ਸੀਨੀਅਰ ਰਾਜ ਮੰਤਰੀ ਮੁਰਲੀ ਪਿੱਲੈ ਭਾਈਚਾਰੇ ਦੇ ਲਗਪਗ 400 ਮੈਂਬਰਾਂ ਅਤੇ ਆਗੂਆਂ ਨਾਲ ਇਸ ਯਾਦਗਾਰੀ ਸਮਾਗਮ ਵਿਚ ਸ਼ਾਮਲ ਹੋਏ। ਉਨ੍ਹਾਂ ਨੇ ਪੂਰਬੀ ਤੱਟ 'ਤੇ ਤਤਕਾਲੀ ਪ੍ਰਵਾਸੀ ਸਿੱਖਾਂ ਵੱਲੋਂ ਬਣਾਏ ਗੁਰਦੁਆਰੇ ਦੇ 100 ਸਾਲਾ ਸਥਾਪਨਾ ਦਿਵਸ ਸਬੰਧੀ ਸਮਾਗਮ ਵਿਚ ਵੀ ਹਿੱਸਾ ਲਿਆ। ਬਰਤਾਨੀਆ, ਆਸਟਰੇਲੀਆ, ਮਲੇਸ਼ੀਆ, ਭਾਰਤ, ਨਿਊਜ਼ੀਲੈਂਡ, ਕੈਨੇਡਾ ਤੇ ਪਾਕਿਸਤਾਨ, ਜੋ ਦੂਜੇ ਵਿਸ਼ਵ ਯੁੱਧ ਦਾ ਹਿੱਸਾ ਸਨ, ਦੇ ਹਾਈ ਕਮਿਸ਼ਨਰਾਂ ਨੇ ਕ੍ਰਾਂਜੀ ਵਾਰ ਮੈਮੋਰੀਅਲ 'ਤੇ ਸ਼ਰਧਾ ਦੇ ਫੁੱਲ ਭੇਟ ਕੀਤੇ।

ਪਰਦੇਸੀ ਖਾਲਸਾ ਧਰਮ ਦੀਵਾਨ (ਪੀ.ਕੇ.ਡੀ.ਡੀ.) ਦੇ ਸਕੱਤਰ ਰਵਿੰਦਰਪਾਲ ਸਿੰਘ ਨੇ ਕਿਹਾ ਕਿ ਇਸ ਗੁਰਦੁਆਰੇ ਦੀ ਸਥਾਪਨਾ 100 ਸਾਲ ਪਹਿਲਾਂ ਸਿੰਗਾਪੁਰ ਵਿਚ ਰਹਿਣ ਵਾਲੇ ਸਿੱਖਾਂ ਨੇ ਕੀਤੀ ਸੀ। ਉਨ੍ਹਾਂ ਕਿਹਾ, "ਉਨ੍ਹਾਂ ਦਾ ਯੋਗਦਾਨ ਸਿੱਖ ਅਤੇ ਵਿਸ਼ਵ ਇਤਿਹਾਸ ਦੋਵਾਂ ਵਿਚ ਸਦੀਵੀ ਅਧਿਆਏ ਹੈ।" ਉਨ੍ਹਾਂ ਦੱਸਿਆ ਕਿ ਦੀਵਾਨ ਹਰ ਸਾਲ ਇਹ ਯਾਦਗਾਰੀ ਸਮਾਗਮ ਕਰਵਾ ਰਿਹਾ ਹੈ, ਪਰ ਇਸ ਵਾਰ ਗੁਰਦੁਆਰੇ ਦੀ ਸ਼ਤਾਬਦੀ ਕਾਰਨ ਇਹ ਵੱਡੇ ਪੱਧਰ 'ਤੇ ਮਨਾਇਆ ਗਿਆ।

# ਯੂ.ਕੇ. ਬ੍ਰਾਡਕਾਸਟਿੰਗ ਸ਼ਰਤਾਂ ਪੂਰੀਆਂ ਨਾ ਕਰਨ 'ਤੇ ਪ੍ਰਵਾਸੀ ਭਾਈਚਾਰੇ ਦੇ ਚੈਨਲ ਦਾ ਲਾਇਸੈਂਸ ਰੱਦ

**ਲੰਡਨ, (ਪੰਜਾਬ ਮੇਲ)-** ਯੂ.ਕੇ. ਮੀਡੀਆ ਨਿਗਰਾਨ ਨੇ ਰੈਗੂਲੇਟਰੀ ਸ਼ਰਤਾਂ ਦੀ ਉਲੰਘਣਾ ਦੇ ਦੋਸ਼ ਹੇਠ ਇੰਡੀਅਨ ਡਾਇਸਪੋਰਾ 'ਤੇ ਕੇਂਦਰਿਤ ਐੱਮ.ਏ. ਟੀ.ਵੀ. ਨਾਲ ਸਬੰਧਤ ਪ੍ਰਸਾਰਨ ਲਾਇਸੈਂਸ ਰੱਦ ਕਰ ਦਿੱਤੇ ਹਨ, ਜਿਸ ਨਾਲ ਸੈਟੇਲਾਈਟ ਚੈਨਲ ਫੌਰੀ ਬੰਦ ਹੋ ਜਾਵੇਗਾ।

ਆਫਿਸ ਆਫ ਕਮਿਊਨੀਕੇਸ਼ਨਜ਼ (ਆਫਕਾਮ) ਨੇ ਸ਼ੁੱਕਰਵਾਰ ਨੂੰ ਚੈਨਲ ਦਾ ਲਾਇਸੈਂਸ ਰੱਦ ਕਰਨ ਦਾ ਨੋਟਿਸ ਜਾਰੀ ਕੀਤਾ। ਇਹ ਕਦਮ ਅਗਸਤ 2024 ਵਿਚ ਕੀਤੀ ਗਈ ਜਾਂਚ, ਜਿਸ ਵਿਚ ਚੈਨਲ ਦਾ ਲਾਇਸੈਂਸ 'ਗਲਤ ਤਰੀਕੇ' ਨਾਲ ਮਿਡਲਸੈਕਸ ਬਰਾਡਕਾਸਟਿੰਗ ਕਾਰਪੋਰੇਸ਼ਨ ਲਿਮਟਿਡ ਕੋਲ ਹੋਣ ਦਾ ਪਤਾ ਲੱਗਣ 'ਤੇ ਚੁੱਕਿਆ ਗਿਆ ਹੈ। ਇਕ ਲਾਇਸੈਂਸ ਐੱਮ.ਏ. ਟੀ.ਵੀ. ਨੈਸ਼ਨਲ ਨਾਲ ਜੁੜਿਆ ਹੋਇਆ ਸੀ, ਜੋ ਇਕ ਸੈਟੇਲਾਈਟ ਚੈਨਲ ਸੀ ਅਤੇ ਹਿੰਦੀ, ਉਰਦੂ, ਅੰਗਰੇਜ਼ੀ, ਗੁਜਰਾਤੀ ਅਤੇ ਪੰਜਾਬੀ ਵਿਚ ਭਾਰਤੀ ਪ੍ਰੋਗਰਾਮ ਪ੍ਰਸਾਰਿਤ ਕਰਦਾ ਸੀ; ਦੂਜਾ ਲਾਇਸੈਂਸ ਐੱਮ.ਏ.ਟੀ.ਵੀ. ਮਿਊਜ਼ਿਕ ਲਈ ਸੀ। ਇਹ ਵੀ ਸੈਟੇਲਾਈਟ ਟੈਲੀਵੀਜ਼ਨ ਸੇਵਾ ਸੀ, ਜੋ ਕਥਿਤ ਤੌਰ 'ਤੇ ਬੰਦ ਸੀ।

ਆਫਕਾਮ ਨੇ ਬਿਆਨ ਵਿਚ ਕਿਹਾ, "ਯੂ.ਕੇ. ਵਿਚ, ਸੰਸਦ ਵਿਚ ਬਣਾਏ ਬ੍ਰਾਡਕਾਸਟਿੰਗ ਕਾਨੂੰਨਾਂ ਮੁਤਾਬਕ, ਪ੍ਰਸਾਰਨ ਲਾਇਸੈਂਸਧਾਰਕ ਦਾ ਲਾਇਸੈਂਸ ਵਾਲੀ ਸੇਵਾ 'ਤੇ ਕੰਟਰੋਲ ਹੋਣਾ ਚਾਹੀਦਾ ਹੈ, ਜਿਸ ਵਿਚ ਉਨ੍ਹਾਂ ਦੇ ਪ੍ਰਸਾਰਿਤ ਕੀਤੇ ਜਾਣ ਵਾਲੇ ਪ੍ਰੋਗਰਾਮ ਤੇ ਸੰਪਾਦਕੀ ਨਿਗਰਾਨੀ ਵੀ ਸ਼ਾਮਲ ਹੈ।" ਜਾਂਚ ਵਿਚ ਸਾਹਮਣੇ ਆਇਆ ਕਿ ਐੱਮ.ਏ. ਟੀ.ਵੀ. ਨੈਸ਼ਨਲ ਅਤੇ ਐੱਮ.ਏ. ਟੀ.ਵੀ. ਮਿਊਜ਼ਿਕ ਸੇਵਾ ਦੇ ਲਾਇਸੈਂਸਧਾਰਕ ਐੱਮ.ਬੀ.ਸੀ.ਐੱਲ. ਕੋਲ ਐੱਮ.ਏ. ਟੀ.ਵੀ. ਪ੍ਰਸਾਰਨ ਦੀ ਸੰਪਾਦਕੀ ਜ਼ਿੰਮੇਵਾਰੀ ਨਹੀਂ ਸੀ, ਜਿਸ ਕਾਰਨ ਐੱਮ.ਬੀ.ਸੀ.ਐੱਲ. ਲਾਇਸੈਂਸ ਵਾਲੀਆਂ ਸੇਵਾਵਾਂ 'ਤੇ ਕੰਟਰੋਲ ਦੀਆਂ ਸ਼ਰਤਾਂ ਪੂਰੀਆਂ ਨਹੀਂ ਕਰਦਾ। ਐੱਮ.ਬੀ.ਸੀ.ਐੱਲ. ਨੂੰ ਸ਼ਰਤਾਂ ਪੂਰੀਆਂ ਕਰਨ ਲਈ ਲੋੜੀਂਦਾ ਸਮਾਂ ਦਿੱਤਾ ਗਿਆ ਪਰ ਉਹ ਨਾਕਾਮ ਰਿਹਾ। ਆਫਕਾਮ ਨੇ ਅਧਿਕਾਰਤ ਵਿਅਕਤੀ ਕੁਲਦੀਪ ਸਿੰਘ ਸ਼ੇਖਾਵਤ ਨਾਲ ਸੰਪਰਕ ਕੀਤਾ, ਤਾਂ ਪਤਾ ਲੱਗਿਆ ਕਿ ਉਹ ਉਸ ਦੌਰਾਨ ਓਵਰਸੀਜ਼ ਫਰੈਂਡਜ਼ ਆਫ ਦਿ ਭਾਰਤੀ ਜਨਤਾ ਪਾਰਟੀ ਯੂ.ਕੇ. ਦਾ ਪ੍ਰਧਾਨ ਵੀ ਸਨ। ਆਫਕਾਮ ਨੇ ਦੱਸਿਆ ਕਿ ਕਿਸੇ ਵੀ ਵਿਅਕਤੀ ਜੋ ਅਜਿਹੀ ਜਥੇਬੰਦੀ ਨਾਲ ਸਬੰਧਤ ਹੈ, ਜਿਸ ਦਾ ਉਦੇਸ਼ ਜ਼ਿਆਦਾਤਰ ਸਿਆਸੀ ਹੈ, ਤਾਂ ਉਸ ਨੂੰ ਲਾਇਸੈਂਸ ਨਹੀਂ ਦਿੱਤਾ ਜਾ ਸਕਦਾ।

# ਟੋਰਾਂਟੋ ਪੁਲਿਸ ਦੀ ਗੈਂਗਸਟਰਾਂ ਨਾਲ ਮਿਲੀਭੁਗਤ ਦਾ ਪਰਦਾਫਾਸ਼; 7 ਅਧਿਕਾਰੀ ਗ੍ਰਿਫ਼ਤਾਰ

**ਟੋਰਾਂਟੋ, (ਪੰਜਾਬ ਮੇਲ)-** ਕੈਨੇਡਾ ਦੇ ਟੋਰਾਂਟੋ ਵਿਚ ਪੁਲਿਸ ਅਤੇ ਗੈਂਗਸਟਰਾਂ ਵਿਚਕਾਰ ਮਿਲੀਭੁਗਤ ਦਾ ਇੱਕ ਵੱਡਾ ਮਾਮਲਾ ਸਾਹਮਣੇ ਆਇਆ ਹੈ। ਇਸ ਸਕੈਂਡਲ ਨੇ ਨਾ ਸਿਰਫ਼ ਟੋਰਾਂਟੋ ਸਗੋਂ ਦੇਸ਼ ਭਰ ਦੇ ਲੋਕਾਂ ਨੂੰ ਹੈਰਾਨ ਕਰ ਦਿੱਤਾ ਹੈ। ਲੋਕਾਂ ਦੀ ਸੁਰੱਖਿਆ ਲਈ ਜ਼ਿੰਮੇਵਾਰ ਪੁਲਿਸ ਮੁਲਾਜ਼ਮ, ਅਪਰਾਧੀਆਂ ਨਾਲ ਮਿਲੀਭੁਗਤ ਕਰਕੇ ਗੰਭੀਰ ਅਪਰਾਧਾਂ ਵਿਚ ਸ਼ਾਮਲ ਪਾਏ ਗਏ।




ਜਾਂਚ ਤੋਂ ਪਤਾ ਲੱਗਾ ਕਿ ਕੁਝ ਪੁਲਿਸ ਅਧਿਕਾਰੀ ਗੈਂਗਸਟਰਾਂ ਨਾਲ ਮਿਲ ਕੇ ਜਬਰੀ ਵਸੂਲੀ, ਨਸ਼ੀਲੇ ਪਦਾਰਥਾਂ ਦੀ ਤਸਕਰੀ, ਨਿਆਂ 'ਚ ਰੁਕਾਵਟ ਪਾਉਣ, ਕਤਲ ਦੀ ਸਾਜ਼ਿਸ਼ ਅਤੇ ਕਈ ਹੋਰ ਅਪਰਾਧਾਂ ਵਿਚ ਸ਼ਾਮਲ ਸਨ। ਇਸ ਨਾਲ ਟੋਰਾਂਟੋ ਪੁਲਿਸ ਦੀ ਭਰੋਸੇਯੋਗਤਾ ਅਤੇ ਨਿਰਪੱਖਤਾ 'ਤੇ ਗੰਭੀਰ ਸਵਾਲ ਖੜ੍ਹੇ ਹੋ ਗਏ। ਇਸ ਮਾਮਲੇ 'ਚ ਸੱਤ ਮੌਜੂਦਾ ਅਤੇ ਇੱਕ ਸੇਵਾਮੁਕਤ ਟੋਰਾਂਟੋ ਪੁਲਿਸ ਅਧਿਕਾਰੀ ਨੂੰ ਗ੍ਰਿਫ਼ਤਾਰ ਕੀਤਾ ਗਿਆ ਹੈ। ਇਹ ਟੋਰਾਂਟੋ ਦੇ ਇਤਿਹਾਸ 'ਚ ਪੁਲਿਸ ਭ੍ਰਿਸ਼ਟਾਚਾਰ ਦੇ ਸਭ ਤੋਂ ਵੱਡੇ ਮਾਮਲਿਆਂ ਵਿਚੋਂ ਇੱਕ ਮੰਨਿਆ ਜਾ ਰਿਹਾ ਹੈ। ਇਸ ਮਾਮਲੇ ਨੂੰ ਨਿਰਪੱਖ ਜਾਂਚ ਲਈ ਯੌਰਕ ਰੀਜਨਲ ਪੁਲਿਸ ਨੂੰ ਸੌਂਪ ਦਿੱਤਾ ਗਿਆ ਹੈ। ਇਸ ਘੁਟਾਲੇ ਦੀ ਜਾਂਚ ਯੌਰਕ ਖੇਤਰ ਵਿਚ ਇੱਕ ਅਧਿਕਾਰੀ ਦੇ ਘਰ 'ਤੇ ਹਮਲਾਵਰ ਦੁਆਰਾ ਗੋਲੀਬਾਰੀ ਕੀਤੇ ਜਾਣ ਵਾਲੇ ਵੀਡੀਓ ਦੇ ਸਾਹਮਣੇ ਆਉਣ ਤੋਂ ਬਾਅਦ ਸ਼ੁਰੂ ਹੋਈ। ਇਹ ਜਾਂਚ ਪਿਛਲੇ ਸਾਲ ਜੁਲਾਈ ਵਿਚ ਸ਼ੁਰੂ ਹੋਈ ਅਤੇ ਲਗਭਗ ਸੱਤ ਮਹੀਨੇ ਚੱਲੀ, ਜਿਸ ਜਾਂਚ ਵਿਚ ਪੁਲਿਸ ਅਤੇ ਸੰਗਠਿਤ ਅਪਰਾਧੀਆਂ ਵਿਚਕਾਰ ਡੂੰਘੇ ਸਬੰਧਾਂ ਦਾ ਖੁਲਾਸਾ ਹੋਇਆ।

ਜਾਂਚ ਤੋਂ ਪਤਾ ਲੱਗਾ ਕਿ ਇਸ ਪੂਰੇ ਨੈੱਟਵਰਕ ਦਾ ਮਾਸਟਰਮਾਈਂਡ ਇੱਕ ਸੀਨੀਅਰ ਪੁਲਿਸ ਅਧਿਕਾਰੀ, ਕਾਂਸਟੇਬਲ ਟਿਮੋਥੀ ਬਾਰਨਹਾਰਟ ਸੀ। ਇਹ ਦੋਸ਼ ਹੈ ਕਿ ਉਸਨੇ ਅਤੇ ਹੋਰ ਅਧਿਕਾਰੀਆਂ ਨੇ ਅਪਰਾਧੀਆਂ ਨੂੰ ਜਾਣਕਾਰੀ ਪ੍ਰਦਾਨ ਕਰਨ ਲਈ ਗੁਪਤ ਪੁਲਿਸ ਡੇਟਾਬੇਸ ਦੀ ਦੁਰਵਰਤੋਂ ਕੀਤੀ। ਬਾਰਨਹਾਰਟ 'ਤੇ ਰਿਸ਼ਵਤਖੋਰੀ, ਨਸ਼ੀਲੇ ਪਦਾਰਥਾਂ ਦੀ ਤਸਕਰੀ, ਵਿਸ਼ਵਾਸਘਾਤ ਅਤੇ ਕਈ ਹੋਰ ਗੰਭੀਰ ਦੋਸ਼ ਹਨ।

ਟੋਰਾਂਟੋ ਪੁਲਿਸ ਮੁਖੀ ਮਾਈਰੋਨ ਡੈਮਕਿਵ ਨੇ ਕਿਹਾ ਕਿ ਇਹ ਖ਼ਬਰ ਸ਼ਹਿਰ ਅਤੇ ਪੁਲਿਸ ਵਿਭਾਗ ਦੋਵਾਂ ਲਈ ਬਹੁਤ ਨਿਰਾਸ਼ਾਜਨਕ ਹੈ। ਉਨ੍ਹਾਂ ਭਰੋਸਾ ਦਿੱਤਾ ਕਿ ਦੋਸ਼ੀਆਂ ਵਿਰੁੱਧ ਸਖ਼ਤ ਕਾਰਵਾਈ ਕੀਤੀ ਜਾਵੇਗੀ ਅਤੇ ਜਨਤਾ ਦਾ ਵਿਸ਼ਵਾਸ ਬਹਾਲ ਕੀਤਾ ਜਾਵੇਗਾ। ਸਾਰੇ ਦੋਸ਼ੀ ਪੁਲਿਸ ਮੁਲਾਜ਼ਮਾਂ ਨੂੰ ਮੁਅੱਤਲ ਕਰ ਦਿੱਤਾ ਗਿਆ ਹੈ।

ਰੋਜ਼ਾਨਾਂ ਤਾਜ਼ੀਆਂ ਖਬਰਾਂ ਪੜ੍ਹਨ ਲਈ ਪੰਜਾਬ ਮੇਲ ਦੀ ਵੈੱਬਸਾਇਟ 'ਤੇ ਕਲਿੱਕ ਕਰੋ :
www.punjabmailusa.com

# ਸਮੁੰਦਰ ਵਿਚਾਲੇ ਪ੍ਰਵਾਸੀਆਂ ਨਾਲ ਭਰੀ ਕਿਸ਼ਤੀ ਪਲਟਣ ਕਾਰਨ ਘੱਟੋ-ਘੱਟ 53 ਲੋਕਾਂ ਦੀ ਮੌਤ

**ਲੀਬੀਆ, (ਪੰਜਾਬ ਮੇਲ)-** ਲੀਬੀਆ ਦੇ ਸਮੁੰਦਰੀ ਤੱਟ ਨੇੜੇ ਪ੍ਰਵਾਸੀਆਂ ਦੀ ਇੱਕ ਕਿਸ਼ਤੀ ਡੁੱਬਣ ਕਾਰਨ ਇੱਕ ਵੱਡਾ ਹਾਦਸਾ ਵਾਪਰਿਆ, ਜਿਸ ਵਿਚ 2 ਬੱਚਿਆਂ ਸਣੇ ਕਈ ਲੋਕਾਂ ਦੇ ਮਾਰੇ ਜਾਣ ਦਾ ਖ਼ਦਸ਼ਾ ਹੈ।

ਸੰਯੁਕਤ ਰਾਸ਼ਟਰ ਦੀ ਇਮੀਗ੍ਰੇਸ਼ਨ ਏਜੰਸੀ ਅਨੁਸਾਰ, ਹਾਦਸੇ ਸਮੇਂ ਇਸ ਕਿਸ਼ਤੀ 'ਚ ਕੁੱਲ 55 ਲੋਕ ਸਵਾਰ ਸਨ, ਜਿਨ੍ਹਾਂ 'ਚੋਂ ਘੱਟੋ-ਘੱਟ 53 ਲੋਕਾਂ ਦੀ ਮੌਤ ਹੋ ਗਈ ਹੈ, ਜਦਕਿ ਸਿਰਫ਼ 2 ਲੋਕਾਂ ਦੀ ਜਾਨ ਬਚ ਸਕੀ ਹੈ। ਦੱਸਿਆ ਜਾ ਰਿਹਾ ਹੈ ਕਿ ਇਹ ਕਿਸ਼ਤੀ ਲੀਬੀਆ ਦੇ ਪੱਛਮੀ ਕਸਬੇ ਜ਼ਾਵੀਆ ਤੋਂ ਰਵਾਨਾ ਹੋਈ ਸੀ ਅਤੇ ਜ਼ੁਵਾਰਾ ਦੇ ਉੱਤਰੀ ਇਲਾਕੇ 'ਚ ਪਹੁੰਚਣ ਮਗਰੋਂ ਕਿਸ਼ਤੀ 'ਚ ਪਾਣੀ ਭਰ ਗਿਆ, ਜਿਸ ਕਾਰਨ ਇਹ ਸਮੁੰਦਰ ਵਿਚਾਲੇ ਪਲਟ ਗਈ। ਇਸ ਭਿਆਨਕ ਤ੍ਰਾਸਦੀ ਵਿਚ ਸਿਰਫ਼ ਦੋ ਨਾਈਜੀਰੀਅਨ ਔਰਤਾਂ ਬਚੀਆਂ ਹਨ, ਜਿਨ੍ਹਾਂ 'ਚੋਂ ਇੱਕ ਨੇ ਆਪਣਾ ਪਤੀ ਗੁਆ ਦਿੱਤਾ ਹੈ, ਜਦੋਂਕਿ ਦੂਜੀ ਔਰਤ ਦੇ ਦੋਵੇਂ ਬੱਚੇ ਇਸ ਹਾਦਸੇ ਦੀ ਭੇਟ ਚੜ੍ਹ ਗਏ ਹਨ।

ਜ਼ਿਕਰਯੋਗ ਹੈ ਕਿ ਮਨੁੱਖੀ ਤਸਕਰ ਪ੍ਰਵਾਸੀਆਂ ਨੂੰ ਯੂਰਪ ਪਹੁੰਚਾਉਣ ਲਈ ਲੀਬੀਆ ਦੇ ਰਸਤੇ ਅਕਸਰ ਅਜਿਹੀਆਂ ਖਸਤਾਹਾਲ ਅਤੇ ਅਸੁਰੱਖਿਅਤ ਕਿਸ਼ਤੀਆਂ ਦੀ ਵਰਤੋਂ ਕਰਦੇ ਹਨ। ਸਾਲ 2026 ਵਿਚ ਹੁਣ ਤੱਕ ਇਸ ਕੇਂਦਰੀ ਮੱਧ ਸਾਗਰ ਰਸਤੇ ਜਾਣ ਵਾਲੇ 484 ਪ੍ਰਵਾਸੀਆਂ ਦੀ ਮੌਤ ਹੋ ਚੁੱਕੀ ਹੈ ਜਾਂ ਉਹ ਲਾਪਤਾ ਹੋ ਗਏ ਹਨ। ਲੀਬੀਆ ਵਿਚ ਜਾਰੀ ਅਸ਼ਾਂਤੀ ਕਾਰਨ ਇਹ ਦੇਸ਼ ਪ੍ਰਵਾਸੀਆਂ ਲਈ ਇੱਕ ਪ੍ਰਮੁੱਖ ਟ੍ਰਾਂਜ਼ਿਟ ਪੁਆਇੰਟ ਬਣ ਗਿਆ ਹੈ, ਜਿੱਥੇ ਫੜੇ ਜਾਣ ਵਾਲੇ ਪ੍ਰਵਾਸੀਆਂ ਨੂੰ ਨਜ਼ਰਬੰਦੀ ਕੇਂਦਰਾਂ ਵਿਚ ਮਾਨਸਿਕ ਅਤੇ ਸਰੀਰਕ ਤਸ਼ੱਦਦ ਦਾ ਸਾਹਮਣਾ ਵੀ ਕਰਨਾ ਪੈਂਦਾ ਹੈ।

ਰੋਜ਼ਾਨਾਂ ਤਾਜ਼ੀਆਂ ਖਬਰਾਂ ਪੜ੍ਹਨ ਲਈ ਪੰਜਾਬ ਮੇਲ ਦੀ ਵੈੱਬਸਾਇਟ 'ਤੇ ਕਲਿੱਕ ਕਰੋ :
www.punjabmailusa.com

# ਸੱਦਾਮ ਹੁਸੈਨ ਦੇ ਸਾਬਕਾ ਜਨਰਲ ਨੂੰ 1980 'ਚ ਸ਼ੀਆ ਧਰਮ ਗੁਰੂ ਦੀ ਹੱਤਿਆ ਦੇ ਦੋਸ਼ 'ਚ ਫਾਂਸੀ

**ਬਗਦਾਦ, (ਪੰਜਾਬ ਮੇਲ)-** ਇਰਾਕ ਨੇ ਐਲਾਨ ਕੀਤਾ ਹੈ ਕਿ ਸੱਦਾਮ ਹੁਸੈਨ ਦੇ ਸ਼ਾਸਨ ਦੌਰਾਨ ਇੱਕ ਉੱਚ ਪੱਧਰੀ ਸੁਰੱਖਿਆ ਅਧਿਕਾਰੀ ਨੂੰ 1980 ਵਿਚ ਇੱਕ ਪ੍ਰਮੁੱਖ ਸ਼ੀਆ ਧਰਮ ਗੁਰੂ ਦੀ ਹੱਤਿਆ ਵਿਚ ਸ਼ਾਮਲ ਹੋਣ ਲਈ ਫਾਂਸੀ ਦੇ ਦਿੱਤੀ ਗਈ ਹੈ। ਰਾਸ਼ਟਰੀ ਸੁਰੱਖਿਆ ਸੇਵਾ ਦੇ ਅਨੁਸਾਰ, ਸਾਦੂਨ ਸਾਬਰੀ ਅਲ-ਕੈਸੀ, ਜੋ ਸੱਦਾਮ ਦੇ ਸਮੇਂ ਮੇਜਰ ਜਨਰਲ ਦੇ ਅਹੁਦੇ 'ਤੇ ਤਾਇਨਾਤ ਸੀ, ਨੂੰ 'ਮਨੁੱਖਤਾ ਵਿਰੁੱਧ ਗੰਭੀਰ ਅਪਰਾਧਾਂ' ਲਈ ਦੋਸ਼ੀ ਠਹਿਰਾਇਆ ਗਿਆ ਸੀ।

ਅਲ-ਕੈਸੀ 'ਤੇ ਪ੍ਰਮੁੱਖ ਇਰਾਕੀ ਸ਼ੀਆ ਧਰਮ ਗੁਰੂ ਮੁਹੰਮਦ ਬਾਕਿਰ ਅਲ-ਸਦਰ, ਅਲ-ਹਾਕਿਮ ਪਰਿਵਾਰ ਦੇ ਮੈਂਬਰਾਂ ਤੇ ਕਈ ਹੋਰ ਨਾਗਰਿਕਾਂ ਦੀ ਹੱਤਿਆ ਦੇ ਦੋਸ਼ ਸਨ। ਏਜੰਸੀ ਨੇ ਇਹ ਸਪੱਸ਼ਟ ਨਹੀਂ ਕੀਤਾ ਕਿ ਫਾਂਸੀ ਕਿਸ ਦਿਨ ਦਿੱਤੀ ਗਈ, ਪਰ ਅਲ-ਕੈਸੀ ਨੂੰ ਪਿਛਲੇ ਸਾਲ ਗ੍ਰਿਫਤਾਰ ਕੀਤਾ ਗਿਆ ਸੀ।

ਅਲ-ਸਦਰ ਇਰਾਕ ਦੀ ਬਾਥਿਸਟ ਸਰਕਾਰ ਤੇ ਸੱਦਾਮ ਹੁਸੈਨ ਦੇ ਕੱਟੜ ਆਲੋਚਕ ਸਨ। 1979 'ਚ ਈਰਾਨ 'ਚ ਆਈ ਇਸਲਾਮੀ ਕ੍ਰਾਂਤੀ ਤੋਂ ਬਾਅਦ ਉਨ੍ਹਾਂ ਦਾ ਵਿਰੋਧ ਹੋਰ ਤੇਜ਼ ਹੋ ਗਿਆ ਸੀ, ਜਿਸ ਕਾਰਨ ਸੱਦਾਮ ਨੂੰ ਡਰ ਸੀ ਕਿ ਇਰਾਕ 'ਚ ਵੀ ਸ਼ੀਆ ਭਾਈਚਾਰੇ ਵੱਲੋਂ ਵਿਦਰੋਹ ਕੀਤਾ ਜਾ ਸਕਦਾ ਹੈ। 1980 'ਚ ਜਦੋਂ ਸਰਕਾਰ ਨੇ ਸ਼ੀਆ ਕਾਰਕੁਨਾਂ ਵਿਰੁੱਧ ਮੁਹਿੰਮ ਵਿੱਢੀ, ਤਾਂ ਅਲ-ਸਦਰ ਅਤੇ ਉਨ੍ਹਾਂ ਦੀ ਭੈਣ ਬਿੰਤ ਅਲ-ਹੁਦਾ (ਇੱਕ ਪ੍ਰਸਿੱਧ ਧਾਰਮਿਕ ਵਿਦਵਾਨ) ਨੂੰ ਗ੍ਰਿਫਤਾਰ ਕਰ ਲਿਆ ਗਿਆ। ਰਿਪੋਰਟਾਂ ਅਨੁਸਾਰ, 8 ਅਪ੍ਰੈਲ 1980 ਨੂੰ ਫਾਂਸੀ ਦੇਣ ਤੋਂ ਪਹਿਲਾਂ ਉਨ੍ਹਾਂ ਨੂੰ ਕਾਫੀ ਤਸੀਹੇ ਦਿੱਤੇ ਗਏ ਸਨ। ਅਲ-ਸਦਰ ਦੀ ਫਾਂਸੀ ਨੇ ਉਸ ਸਮੇਂ ਪੂਰੇ ਇਲਾਕੇ ਵਿਚ ਭਾਰੀ ਗੁੱਸਾ ਪੈਦਾ ਕੀਤਾ ਸੀ ਅਤੇ ਅੱਜ ਵੀ ਇਹ ਸੱਦਾਮ ਦੇ ਸ਼ਾਸਨ ਅਧੀਨ ਹੋਏ ਦਮਨ ਦੀ ਇੱਕ ਵੱਡੀ ਮਿਸਾਲ ਮੰਨੀ ਜਾਂਦੀ ਹੈ। ਸੱਦਾਮ ਹੁਸੈਨ ਇਰਾਕ ਦੇ ਸੁੰਨੀ ਘੱਟ ਗਿਣਤੀ ਭਾਈਚਾਰੇ ਨਾਲ ਸਬੰਧ ਰੱਖਦਾ ਸੀ।

Editorial Board

Chief Editor
Gurjatinder S. Randhawa

Distributor
Jai Singh

Website
Madhu Shardha

Sub Editors
Sandeep Kumar
Amit
Ishu Hallan
Vijay
Surbhi Sharma
Ranjit Singh

Punjab Mail USA
9883 Novara Way,
Elk Grove, CA 95757
Ph: 916-320-9444
Email : punjabmailusa@yahoo.com
Web : www.punjabmailusa.com
App : Punjab Mail USA
Youtube : Punjab Mail USA
Facebook : Punjab Mail USA

Punjab Mail USA News Paper and Staff Associated with. it are not responsible for any claims made by the advertisers and do not endorse any product or advertised in the Punjab Mail.
All concerns are advised to Consult the Attorney at Law. All Disputes to Sacramento Jurisdiction. ਲੇਖਕ ਦੇ ਵਿਚਾਰਾਂ ਨਾਲ ਪੰਜਾਬ ਮੇਲ ਦੇ ਸੰਪਾਦਕ ਅਤੇ ਇਸ ਦੇ ਸਟਾਫ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ।

ਪੰਜਾਬ ਮੇਲ USA

# 2025 'ਚ ਅਮਰੀਕਾ ਤੋਂ ਭਾਰਤੀਆਂ ਨੂੰ ਡਿਪੋਰਟ ਕਰਨ 'ਚ ਤੇਜ਼ੀ ਨਾਲ ਹੋਇਆ ਵਾਧਾ

## ਕੇਂਦਰੀ ਮੰਤਰੀ ਨੇ ਰਾਜ ਸਭਾ 'ਚ ਚੁੱਕਿਆ ਮੁੱਦਾ



**ਨਵੀਂ ਦਿੱਲੀ, (ਪੰਜਾਬ ਮੇਲ)-** ਕੇਂਦਰ ਸਰਕਾਰ ਨੇ ਰਾਜ ਸਭਾ 'ਚ ਇਕ ਅਹਿਮ ਜਾਣਕਾਰੀ ਸਾਂਝੀ ਕਰਦਿਆਂ ਦੱਸਿਆ ਹੈ ਕਿ ਸਾਲ 2025 ਦੌਰਾਨ ਅਮਰੀਕਾ ਤੋਂ 3,800 ਤੋਂ ਵੱਧ ਭਾਰਤੀ ਨਾਗਰਿਕਾਂ ਨੂੰ ਵਤਨ ਵਾਪਸ ਭੇਜਿਆ ਗਿਆ ਹੈ। ਵਿਦੇਸ਼ ਰਾਜ ਮੰਤਰੀ ਕੀਰਤੀ ਵਰਧਨ ਸਿੰਘ ਨੇ ਇਕ ਲਿਖਤੀ ਜਵਾਬ 'ਚ ਦੱਸਿਆ ਕਿ ਇਨ੍ਹਾਂ 'ਚੋਂ 3,414 ਭਾਰਤੀ ਉਹ ਹਨ, ਜਿਨ੍ਹਾਂ ਨੂੰ ਦਸੰਬਰ ਦੇ ਅੱਧ ਤੱਕ ਵਾਸ਼ਿੰਗਟਨ ਤੋਂ ਭਾਰਤ ਭੇਜਿਆ ਗਿਆ ਸੀ। ਕਾਂਗਰਸ ਦੇ ਰਾਜ ਸਭਾ ਮੈਂਬਰ ਰਣਦੀਪ ਸਿੰਘ ਸੁਰਜੇਵਾਲਾ ਨੇ ਪਿਛਲੇ ਪੰਜ ਸਾਲਾਂ 'ਚ ਵਾਪਸ ਭੇਜੇ ਗਏ ਭਾਰਤੀਆਂ ਦੀ ਗਿਣਤੀ ਅਤੇ 'ਡੰਕੀ ਰੂਟ' (ਕਿਸੇ ਦੇਸ਼ 'ਚ ਗੈਰ-ਕਾਨੂੰਨੀ ਢੰਗ ਨਾਲ ਦਾਖਲ ਹੋਣਾ) ਰਾਹੀਂ ਹੋਣ ਵਾਲੇ ਗੈਰ-ਕਾਨੂੰਨੀ ਪਰਵਾਸ ਨੂੰ ਰੋਕਣ ਲਈ ਚੁੱਕੇ ਗਏ ਕਦਮਾਂ ਬਾਰੇ ਸਵਾਲ ਪੁੱਛਿਆ ਸੀ। ਉਨ੍ਹਾਂ ਨੇ ਨਾਬਾਲਗਾਂ ਅਤੇ ਨੌਜਵਾਨਾਂ ਦੀ ਸੁਰੱਖਿਆ ਲਈ ਟ੍ਰੈਵਲ ਏਜੰਸੀਆਂ ਦੀ ਰਜਿਸਟ੍ਰੇਸ਼ਨ ਅਤੇ ਲਾਇਸੈਂਸਿੰਗ ਬਾਰੇ ਵੀ ਜਾਣਕਾਰੀ ਮੰਗੀ ਸੀ।

ਮੰਤਰੀ ਨੇ ਭਰੋਸਾ ਦਿੱਤਾ ਕਿ ਭਾਰਤ ਸਰਕਾਰ ਅਮਰੀਕੀ ਅਧਿਕਾਰੀਆਂ ਨਾਲ ਲਗਾਤਾਰ ਸੰਪਰਕ 'ਚ ਹੈ, ਤਾਂ ਜੋ ਵਾਪਸ ਭੇਜੇ ਜਾਣ ਵਾਲੇ ਭਾਰਤੀਆਂ, ਖਾਸ ਕਰਕੇ ਔਰਤਾਂ ਅਤੇ ਬੱਚਿਆਂ ਨਾਲ ਮਨੁੱਖੀ ਅਤੇ ਸੁਰੱਖਿਅਤ ਵਿਵਹਾਰ ਯਕੀਨੀ ਬਣਾਇਆ ਜਾ ਸਕੇ। ਸਰਕਾਰ ਅਮਰੀਕਾ ਅਤੇ ਹੋਰ ਵਿਦੇਸ਼ੀ ਸਰਕਾਰਾਂ ਨਾਲ ਮਿਲ ਕੇ ਅਜਿਹੇ ਸਾਰੇ ਮਾਮਲਿਆਂ 'ਚ ਸਰਗਰਮੀ ਨਾਲ ਕੰਮ ਕਰ ਰਹੀ ਹੈ। ਵਾਪਸ ਭੇਜੇ ਗਏ ਭਾਰਤੀਆਂ ਤੋਂ ਮਿਲੀ ਜਾਣਕਾਰੀ ਦੇ ਆਧਾਰ 'ਤੇ ਕੇਂਦਰ ਅਤੇ ਸੂਬਾ ਸਰਕਾਰਾਂ ਨੇ ਕਈ ਗੈਰ-ਕਾਨੂੰਨੀ ਭਾਰਤੀ ਏਜੰਟਾਂ, ਉਨ੍ਹਾਂ ਦੇ ਮਦਦਗਾਰਾਂ ਅਤੇ ਮਨੁੱਖੀ ਤਸਕਰੀ ਕਰਨ ਵਾਲੇ ਗਿਰੋਹਾਂ ਵਿਰੁੱਧ ਮਾਮਲੇ ਦਰਜ ਕੀਤੇ ਹਨ। ਇਨ੍ਹਾਂ ਮਾਮਲਿਆਂ 'ਚ ਜਾਂਚ ਅਤੇ ਸਖ਼ਤ ਕਾਰਵਾਈ ਲਗਾਤਾਰ ਜਾਰੀ ਹੈ।

# ਚੋਣਾਂ ਦਾ ਕੌਮੀਕਰਨ ਕਰ ਦੇਣਾ ਚਾਹੀਦਾ : ਡੋਨਲਡ ਟਰੰਪ



**ਸੈਕਰਾਮੈਂਟੋ, (ਹੁਸਨ ਲੜੋਆ ਬੰਗਾ/ਪੰਜਾਬ ਮੇਲ)-** ਰਾਸ਼ਟਰਪਤੀ ਡੋਨਲਡ ਟਰੰਪ ਨੇ ਰਿਪਬਲੀਕਨਾਂ ਨੂੰ ਕਿਹਾ ਹੈ ਕਿ ਵੋਟਿੰਗ ਪ੍ਰਕ੍ਰਿਆ ਦਾ ਸੰਘੀਕਰਨ ਕਰ ਦੇਣਾ ਚਾਹੀਦਾ ਹੈ ਤੇ ਰਾਜਾਂ ਕੋਲ ਕੰਟਰੋਲ ਨਹੀਂ ਹੋਣਾ ਚਾਹੀਦਾ। ਟਰੰਪ ਨੇ 2020 'ਚ ਚੋਣ ਧਾਂਦਲੀ ਤੇ ਪ੍ਰਵਾਸੀਆਂ ਦੀਆਂ ਗੈਰ ਕਾਨੂੰਨੀ ਵੋਟਾਂ ਦਾ ਮੁੱਦਾ ਫਿਰ ਉਠਾਇਆ ਹੈ। 2020 'ਚ ਉਹ ਜੋਅ ਬਾਇਡਨ ਕੋਲੋਂ ਚੋਣ ਹਾਰ ਗਏ ਸਨ। ਟਰੰਪ ਡੈਨ ਬੋਨਗਿਨੋ ਦੇ ਪੌਡਕਾਸਟ ਉਪਰ ਗੱਲ ਕਰ ਰਹੇ ਸਨ। ਟਰੰਪ ਦਾ ਇਹ ਬਿਆਨ ਐੱਫ.ਬੀ.ਆਈ. ਵੱਲੋਂ 2020 ਦੀਆਂ ਆਮ ਚੋਣਾਂ ਸਬੰਧੀ ਜਾਂਚ ਦੇ ਹਿੱਸੇ ਵਜੋਂ ਜਾਰਜੀਆ ਵਿਚ ਐਟਲਾਂਟਾ ਨੇੜੇ ਫਲਟੋਨ ਕਾਊਂਟੀ ਇਲੈਕਸ਼ਨ ਸੈਂਟਰ ਵਿਖੇ ਸਰਚ ਵਾਰੰਟਾਂ ਤਹਿਤ ਮਾਰੇ ਛਾਪੇ ਤੋਂ ਬਾਅਦ ਆਇਆ ਹੈ। ਜਾਰਜੀਆ ਉਨ੍ਹਾਂ ਰਾਜਾਂ ਵਿਚ ਸ਼ਾਮਲ ਹੈ, ਜਿਨ੍ਹਾਂ ਵਿਚ ਜੋਅ ਬਾਇਡਨ ਦੀ ਜਿੱਤ ਹੋਈ ਸੀ। ਟਰੰਪ ਨੇ ਕਿਹਾ, "ਕੁਝ ਰਾਜ ਹਨ, ਜਿਥੋਂ ਮੈਂ ਜਿੱਤਿਆ ਸੀ, ਬਾਇਡਨ ਨਹੀਂ ਜਿੱਤਿਆ ਸੀ। ਹੁਣ ਤੁਸੀਂ ਵੇਖੋਗੇ ਕਿ ਜਾਰਜੀਆ ਵਿਚ ਕੁਝ ਦਿਲਚਸਪ ਚੀਜ਼ਾਂ ਸਾਹਮਣੇ ਆਉਣਗੀਆਂ।"

# ਕੈਨੇਡਾ 'ਚ ਪਿਛਲੇ 7 ਸਾਲਾਂ 'ਚ 17 ਭਾਰਤੀ ਵਿਦਿਆਰਥੀਆਂ ਦੀ ਹੋਈ ਮੌਤ



**ਨਵੀਂ ਦਿੱਲੀ, (ਪੰਜਾਬ ਮੇਲ)-** ਭਾਰਤ ਸਰਕਾਰ ਨੇ ਵਿਦੇਸ਼ ਵਿਚ, ਖਾਸ ਕਰਕੇ ਕੈਨੇਡਾ ਵਿਚ ਭਾਰਤੀ ਵਿਦਿਆਰਥੀਆਂ ਦੀ ਮੌਤ ਦੇ ਅੰਕੜੇ ਸਾਂਝੇ ਕਰਦਿਆਂ ਚਿੰਤਾ ਪ੍ਰਗਟਾਈ ਹੈ। ਵਿਦੇਸ਼ ਰਾਜ ਮੰਤਰੀ ਕੀਰਤੀ ਵਰਧਨ ਸਿੰਘ ਨੇ ਸੰਸਦ ਵਿਚ ਦੱਸਿਆ ਕਿ ਸਾਲ 2018 ਤੋਂ 2025 ਵਿਚਕਾਰ ਇਕੱਲੇ ਕੈਨੇਡਾ ਵਿਚ ਹੀ 17 ਭਾਰਤੀ ਵਿਦਿਆਰਥੀਆਂ ਦੀ ਜਾਨ ਚਲੀ ਗਈ। ਇਹ ਸਾਰੇ ਵਿਦਿਆਰਥੀ ਵੱਖ-ਵੱਖ ਹਿੰਸਕ ਹਮਲਿਆਂ ਦਾ ਸ਼ਿਕਾਰ ਹੋਏ ਸਨ।

ਵਿਦੇਸ਼ ਰਾਜ ਮੰਤਰੀ ਨੇ ਸੰਸਦ ਮੈਂਬਰ ਅਸਦੁਦੀਨ ਓਵੈਸੀ ਵੱਲੋਂ ਪੁੱਛੇ ਗਏ ਇੱਕ ਸਵਾਲ ਦੇ ਲਿਖਤੀ ਜਵਾਬ ਵਿਚ ਇਹ ਜਾਣਕਾਰੀ ਦਿੱਤੀ। ਓਵੈਸੀ ਨੇ ਪੁੱਛਿਆ ਸੀ ਕਿ ਕੀ ਸਰਕਾਰ ਵਿਦੇਸ਼ਾਂ ਵਿਚ ਭਾਰਤੀ ਵਿਦਿਆਰਥੀਆਂ ਵਿਰੁੱਧ ਵਧ ਰਹੀ ਹਿੰਸਾ ਦੀਆਂ ਘਟਨਾਵਾਂ ਤੋਂ ਜਾਣੂ ਹੈ ਅਤੇ ਕੀ ਇਨ੍ਹਾਂ ਦੀ ਸਮੇਂ ਸਿਰ ਜਾਂਚ ਕੀਤੀ ਜਾ ਰਹੀ ਹੈ। ਸਰਕਾਰ ਵੱਲੋਂ ਦਿੱਤੀ ਗਈ ਜਾਣਕਾਰੀ ਮੁਤਾਬਕ ਸਿਰਫ਼ ਕੈਨੇਡਾ ਹੀ ਨਹੀਂ, ਸਗੋਂ ਹੋਰ ਦੇਸ਼ਾਂ ਵਿਚ ਵੀ ਭਾਰਤੀ ਨਾਗਰਿਕ ਹਿੰਸਾ ਦਾ ਸ਼ਿਕਾਰ ਹੋਏ ਹਨ। ਉਨ੍ਹਾਂ ਦੱਸਿਆ ਕਿ ਕੈਨੇਡਾ 'ਚ 17 ਮੌਤਾਂ, ਅਮਰੀਕਾ ਵਿਚ 9 ਮੌਤਾਂ, ਆਸਟ੍ਰੇਲੀਆ ਵਿਚ 3 ਮੌਤਾਂ, ਕਿਰਗਿਸਤਾਨ ਵਿਚ 2 ਮੌਤਾਂ, ਬ੍ਰਿਟੇਨ, ਚੀਨ, ਡੈਨਮਾਰਕ, ਜਰਮਨੀ ਅਤੇ ਗ੍ਰੇਨਾਡਾ ਵਿਚ 1-1 ਭਾਰਤੀ ਨਾਗਰਿਕ ਦੀ ਮੌਤ ਹੋਈ ਹੈ।

ਕੇਂਦਰੀ ਮੰਤਰੀ ਨੇ ਦੱਸਿਆ ਕਿ ਵਿਦੇਸ਼ਾਂ ਵਿਚ ਭਾਰਤੀ ਮਿਸ਼ਨ ਲਗਾਤਾਰ ਵਿਦਿਆਰਥੀਆਂ ਦੇ ਸੰਪਰਕ ਵਿਚ ਰਹਿੰਦੇ ਹਨ। ਵਿਦਿਆਰਥੀਆਂ ਨੂੰ ਵਿਦੇਸ਼ ਜਾਣ ਤੋਂ ਪਹਿਲਾਂ ਅਤੇ ਉੱਥੇ ਪਹੁੰਚਣ ਤੋਂ ਬਾਅਦ ਓਰੀਐਂਟੇਸ਼ਨ ਰਾਹੀਂ ਸਾਵਧਾਨੀਆਂ ਵਰਤਣ ਦੀ ਸਲਾਹ ਦਿੱਤੀ ਜਾਂਦੀ ਹੈ। ਉਨ੍ਹਾਂ ਨੂੰ ਸਬੰਧਤ ਦੇਸ਼ ਵਿਚ ਪੇਸ਼ ਆਉਣ ਵਾਲੀਆਂ ਚੁਣੌਤੀਆਂ ਅਤੇ ਖ਼ਤਰਿਆਂ ਬਾਰੇ ਜਾਣੂ ਕਰਵਾਇਆ ਜਾਂਦਾ ਹੈ।

# ਅਮਰੀਕਾ ਵੱਲੋਂ 200 ਤੋਂ ਵੱਧ ਭਾਰਤ ਨਾਲ ਸੰਬੰਧਤ ਫਾਰਮੇਸੀ ਵੈੱਬਸਾਈਟਾਂ ਜ਼ਬਤ

**ਵਾਸ਼ਿੰਗਟਨ, (ਪੰਜਾਬ ਮੇਲ)-** ਅਮਰੀਕੀ ਡਰੱਗ ਇਨਫੋਰਸਮੈਂਟ ਐਡਮਿਨਿਸਟ੍ਰੇਸ਼ਨ (ਡੀ.ਈ.ਏ.) ਨੇ ਇੱਕ ਭਾਰਤ-ਆਧਾਰਿਤ ਅੰਤਰਰਾਸ਼ਟਰੀ ਅਪਰਾਧਿਕ ਸੰਗਠਨ ਖ਼ਿਲਾਫ਼ ਕਾਰਵਾਈ ਕਰਦਿਆਂ 200 ਤੋਂ ਵੱਧ ਵੈੱਬਸਾਈਟ ਡੋਮੇਨ ਜ਼ਬਤ ਕੀਤੇ ਹਨ, ਜੋ ਅਮਰੀਕਾ ਵਿਚ ਗੈਰ-ਕਾਨੂੰਨੀ ਆਨਲਾਈਨ ਫਾਰਮੇਸੀਆਂ ਚਲਾ ਰਹੇ ਸਨ। ਇਸ ਆਪਰੇਸ਼ਨ ਦੌਰਾਨ 4 ਵਿਅਕਤੀਆਂ ਨੂੰ ਗ੍ਰਿਫ਼ਤਾਰ ਕੀਤਾ ਗਿਆ ਹੈ। ਅਧਿਕਾਰੀਆਂ ਨੇ ਦੱਸਿਆ ਕਿ ਇਹ ਨੈੱਟਵਰਕ ਘੱਟੋ-ਘੱਟ 6 ਮੌਤਾਂ ਅਤੇ 4 ਓਵਰਡੋਜ਼ ਦੇ ਮਾਮਲਿਆਂ ਲਈ ਜ਼ਿੰਮੇਵਾਰ ਹੈ। ਇਹ ਵੈੱਬਸਾਈਟਾਂ ਅਮਰੀਕਾ-ਆਧਾਰਿਤ ਅਤੇ 'ਐੱਫ.ਡੀ.ਏ.-ਪ੍ਰਵਾਨਿਤ' ਹੋਣ ਦਾ ਝੂਠਾ ਦਾਅਵਾ ਕਰਦੀਆਂ ਸਨ ਤੇ ਬਿਨਾਂ ਕਿਸੇ ਵੈਲਿਡ ਡਾਕਟਰੀ ਕੰਪੋਜ਼ੀਸ਼ਨ ਦੇ ਨਕਲੀ ਅਤੇ ਖ਼ਤਰਨਾਕ ਗੋਲੀਆਂ, ਜਿਨ੍ਹਾਂ ਵਿਚ ਫੈਂਟਾਨਿਲ ਜਾਂ ਮੈਥਾਮਫੇਟਾਮਾਈਨ ਹੋ ਸਕਦੀ ਹੈ, ਗਾਹਕਾਂ ਨੂੰ ਭੇਜ ਰਹੀਆਂ ਸਨ। ਡੀ.ਈ.ਏ. ਇਨ੍ਹਾਂ ਅਪਰਾਧਿਕ ਨੈੱਟਵਰਕਾਂ ਨੂੰ ਨੱਥ ਪਾਉਣ ਲਈ ਭਾਰਤ ਸਰਕਾਰ ਦੇ ਕਾਨੂੰਨ ਲਾਗੂ ਕਰਨ ਵਾਲੇ ਭਾਈਵਾਲਾਂ ਨਾਲ ਮਿਲ ਕੇ ਕੰਮ ਕਰ ਰਹੀ ਹੈ।










# ਭਾਰਤ ਨੇ 6ਵੀਂ ਵਾਰ ਜਿੱਤਿਆ ਅੰਡਰ-19 ਵਰਲਡ ਕੱਪ

**ਹਰਾਰੇ, (ਪੰਜਾਬ ਮੇਲ)**- ਭਾਰਤੀ ਅੰਡਰ-19 ਕ੍ਰਿਕਟ ਟੀਮ ਨੇ ਸ਼ੁੱਕਰਵਾਰ ਨੂੰ ਇੰਗਲੈਂਡ ਨੂੰ 100 ਦੌੜਾਂ ਨਾਲ ਹਰਾ ਕੇ ਛੇਵੀਂ ਵਾਰ ਵਿਸ਼ਵ ਕੱਪ ਦਾ ਖਿਤਾਬ ਆਪਣੇ ਨਾਮ ਕਰ ਲਿਆ। ਹਰਾਰੇ ਸਪੋਰਟਸ ਕਲੱਬ ਵਿਚ ਖੇਡੇ ਗਏ ਇਸ ਫਾਈਨਲ ਮੁਕਾਬਲੇ ਵਿਚ ਭਾਰਤ ਨੇ ਟਾਸ ਜਿੱਤ ਕੇ ਪਹਿਲਾਂ ਬੱਲੇਬਾਜ਼ੀ ਕਰਦਿਆਂ 50 ਓਵਰਾਂ ਵਿਚ 9 ਵਿਕਟਾਂ ਦੇ ਨੁਕਸਾਨ 'ਤੇ 411 ਦੌੜਾਂ ਦਾ ਵਿਸ਼ਾਲ ਸਕੋਰ ਖੜ੍ਹਾ ਕੀਤਾ।



ਭਾਰਤ ਦੀ ਇਸ ਜਿੱਤ ਦਾ ਸਭ ਤੋਂ ਵੱਡਾ ਹੀਰੋ 14 ਸਾਲਾ ਵੈਭਵ ਸੂਰਿਆਵੰਸ਼ੀ ਰਿਹਾ, ਜਿਸ ਨੇ ਮਹਿਜ਼ 80 ਗੇਂਦਾਂ ਵਿਚ 175 ਦੌੜਾਂ ਦੀ ਧਮਾਕੇਦਾਰ ਪਾਰੀ ਖੇਡੀ। ਵੈਭਵ ਨੇ ਆਪਣੀ ਪਾਰੀ ਵਿਚ 15 ਚੌਕੇ ਅਤੇ 15 ਛੱਕੇ ਜੜੇ, ਜਿਸ ਨਾਲ ਇੰਗਲੈਂਡ ਦੇ ਗੇਂਦਬਾਜ਼ ਬੇਵੱਸ ਨਜ਼ਰ ਆਏ।

412 ਦੌੜਾਂ ਦੇ ਵੱਡੇ ਟੀਚੇ ਦਾ ਪਿੱਛਾ ਕਰਨ ਉਤਰੀ ਇੰਗਲੈਂਡ ਦੀ ਟੀਮ 40.2 ਓਵਰਾਂ ਵਿਚ 311 ਦੌੜਾਂ 'ਤੇ ਸਿਮਟ ਗਈ। ਹਾਲਾਂਕਿ ਇੰਗਲੈਂਡ ਦੇ ਕਾਲੇਬ ਫਾਕਨਰ ਨੇ 115 ਦੌੜਾਂ ਬਣਾ ਕੇ ਲੜਾਈ ਲੜਨ ਦੀ ਕੋਸ਼ਿਸ਼ ਕੀਤੀ, ਪਰ ਭਾਰਤੀ ਗੇਂਦਬਾਜ਼ਾਂ ਸਾਹਮਣੇ ਉਹ ਜ਼ਿਆਦਾ ਦੇਰ ਟਿਕ ਨਹੀਂ ਸਕੇ। ਭਾਰਤ ਵੱਲੋਂ ਆਰ.ਐੱਸ. ਅੰਬਰੀਸ਼ ਨੇ ਸਭ ਤੋਂ ਵੱਧ 3 ਵਿਕਟਾਂ ਲਈਆਂ, ਜਦਕਿ ਦੀਪੇਸ਼ ਦੇਵੇਂਦਰਨ ਅਤੇ ਕਨਿਸ਼ਕ ਚੌਹਾਨ ਨੇ 2-2 ਵਿਕਟਾਂ ਝਟਕਾਈਆਂ। ਇਸ ਸ਼ਾਨਦਾਰ ਜਿੱਤ ਨਾਲ ਭਾਰਤ ਨੇ ਇੱਕ ਵਾਰ ਫਿਰ ਵਿਸ਼ਵ ਕ੍ਰਿਕਟ ਵਿਚ ਆਪਣੀ ਸਰਦਾਰੀ ਸਾਬਤ ਕਰ ਦਿੱਤੀ ਹੈ।

# ਬਾਬਾ ਸਿੱਦੀਕੀ ਕਤਲਕਾਂਡ 'ਚ ਦੋਸ਼ੀ ਅਕਾਸ਼ਦੀਪ ਨੂੰ ਹਾਈਕੋਰਟ ਤੋਂ ਮਿਲੀ ਜ਼ਮਾਨਤ

**ਮੁੰਬਈ, (ਪੰਜਾਬ ਮੇਲ)**- ਬੰਬੇ ਹਾਈਕੋਰਟ ਨੇ ਸੋਮਵਾਰ ਨੂੰ ਕਾਂਗਰਸੀ ਆਗੂ ਅਤੇ ਸਾਬਕਾ ਵਿਧਾਇਕ ਬਾਬਾ ਸਿੱਦੀਕੀ ਦੇ ਕਤਲ ਕੇਸ ਵਿੱਚ ਵੱਡਾ ਫੈਸਲਾ ਸੁਣਾਉਂਦੇ ਹੋਏ ਮੁਲਜ਼ਮ ਅਕਾਸ਼ਦੀਪ ਕਰਜ ਸਿੰਘ ਨੂੰ ਜ਼ਮਾਨਤ ਦੇ ਦਿੱਤੀ ਹੈ। ਅਕਾਸ਼ਦੀਪ ਇਸ ਹਾਈ-ਪ੍ਰੋਫਾਈਲ ਕਤਲ ਕਾਂਡ ਵਿਚ ਜ਼ਮਾਨਤ ਪਾਉਣ ਵਾਲਾ ਪਹਿਲਾ ਮੁਲਜ਼ਮ ਬਣ ਗਿਆ ਹੈ।

ਜਸਟਿਸ ਨੀਲਾ ਗੋਖਲੇ ਦੀ ਬੈਂਚ ਨੇ ਪੰਜਾਬ ਦੇ ਰਹਿਣ ਵਾਲੇ ਅਕਾਸ਼ਦੀਪ ਸਿੰਘ (22) ਨੂੰ ਜ਼ਮਾਨਤ ਦਿੰਦੇ ਹੋਏ ਨਿਰਦੇਸ਼ ਦਿੱਤੇ ਹਨ ਕਿ ਉਹ ਮਾਮਲੇ ਦੀ ਸੁਣਵਾਈ ਪੂਰੀ ਹੋਣ ਤੱਕ ਮੁੰਬਈ ਨਹੀਂ ਛੱਡ ਸਕੇਗਾ। ਅਕਾਸ਼ਦੀਪ ਨੂੰ ਨਵੰਬਰ 2024 ਵਿਚ ਗ੍ਰਿਫ਼ਤਾਰ ਕੀਤਾ ਗਿਆ ਸੀ। ਅਦਾਲਤ ਵਿਚ ਬਚਾਅ ਪੱਖ ਦੇ ਵਕੀਲ ਨੇ ਦਲੀਲ ਦਿੱਤੀ ਕਿ, ਅਕਾਸ਼ਦੀਪ 'ਤੇ ਲਗਾਏ ਗਏ ਦੋਸ਼ ਬੇਬੁਨਿਆਦ ਅਤੇ ਅਸਪੱਸ਼ਟ ਹਨ। ਸਿੰਘ ਨੇ ਦਾਅਵਾ ਕੀਤਾ ਕਿ ਉਸ 'ਤੇ ਸਿਰਫ਼ ਇੱਕ ਸੰਗਠਿਤ ਅਪਰਾਧ ਗਿਰੋਹ ਦਾ ਮੈਂਬਰ ਹੋਣ ਦਾ ਦੋਸ਼ ਹੈ ਅਤੇ ਇਸ ਮਾਮਲੇ ਵਿਚ ਉਸ ਦੀ ਕੋਈ ਖਾਸ ਭੂਮਿਕਾ ਨਹੀਂ ਦੱਸੀ ਗਈ ਹੈ। ਪਟੀਸ਼ਨਕਰਤਾ ਦੇ ਵਕੀਲ ਨੇ ਇਹ ਵੀ ਦਲੀਲ ਦਿੱਤੀ ਕਿ ਮੁਕੱਦਮਾ ਜਲਦੀ ਸ਼ੁਰੂ ਹੋਣ ਦੀ ਸੰਭਾਵਨਾ ਨਹੀਂ ਹੈ, ਇਸ ਲਈ ਬਿਨਾਂ ਸੁਣਵਾਈ ਜੇਲ੍ਹ ਵਿਚ ਰੱਖਣਾ ਮੌਲਿਕ ਅਧਿਕਾਰਾਂ ਦੀ ਉਲੰਘਣਾ ਹੈ। ਦੱਸਣਯੋਗ ਹੈ ਕਿ 12 ਅਕਤੂਬਰ 2024 ਦੀ ਰਾਤ ਨੂੰ ਬਾਂਦਰਾ ਈਸਟ ਇਲਾਕੇ ਵਿਚ ਬਾਬਾ ਸਿੱਦੀਕੀ (66) ਦੀ ਉਨ੍ਹਾਂ ਦੇ ਬੇਟੇ ਜ਼ੀਸ਼ਾਨ ਦੇ ਦਫ਼ਤਰ ਦੇ ਬਾਹਰ 3 ਹਮਲਾਵਰਾਂ ਨੇ ਗੋਲੀ ਮਾਰ ਕੇ ਹੱਤਿਆ ਕਰ ਦਿੱਤੀ ਸੀ। ਪੁਲਿਸ ਨੇ ਇਸ ਮਾਮਲੇ ਵਿਚ ਹੁਣ ਤੱਕ 26 ਲੋਕਾਂ ਨੂੰ ਗ੍ਰਿਫ਼ਤਾਰ ਕੀਤਾ ਹੈ, ਜਿਨ੍ਹਾਂ 'ਤੇ ਮਕੋਕਾ ਤਹਿਤ ਕਾਰਵਾਈ ਕੀਤੀ ਗਈ ਹੈ।

ਸਫ਼ਾ 1 ਦਾ ਬਾਕੀ
## ਏਅਰ ਇੰਡੀਆ ਦੇ ਬੋਇੰਗ...

ਦੱਸਣਯੋਗ ਹੈ ਕਿ ਦਸੰਬਰ ਵਿਚ ਵੀ ਏਅਰ ਇੰਡੀਆ ਦੀ ਦਿੱਲੀ ਤੋਂ ਮੁੰਬਈ ਜਾਣ ਵਾਲੀ ਇੱਕ ਫਲਾਈਟ ਤਕਨੀਕੀ ਖ਼ਰਾਬੀ ਕਾਰਨ ਉਡਾਣ ਭਰਨ ਤੋਂ ਤੁਰੰਤ ਬਾਅਦ ਦਿੱਲੀ ਪਰਤ ਆਈ ਸੀ। 22 ਦਸੰਬਰ ਨੂੰ ਜਹਾਜ਼ ਦੀ ਸੁਰੱਖਿਅਤ ਲੈਂਡਿੰਗ ਕਰਵਾਈ ਗਈ ਸੀ। ਏਅਰਲਾਈਨ ਨੇ ਮੁੜ ਦੁਹਰਾਇਆ ਹੈ ਕਿ ਯਾਤਰੀਆਂ ਅਤੇ ਚਾਲਕ ਦਲ ਦੀ ਸੁਰੱਖਿਆ ਉਨ੍ਹਾਂ ਦੀ ਸਭ ਤੋਂ ਵੱਡੀ ਤਰਜੀਹ ਹੈ।

ਸਫ਼ਾ 1 ਦਾ ਬਾਕੀ
## ਪ੍ਰੋ. ਦਵਿੰਦਰਪਾਲ ਸਿੰਘ ਭੁੱਲਰ ਦੀ ਰਿਹਾਈ ਦੀ...

ਜ਼ਿਕਰਯੋਗ ਹੈ ਕਿ ਕੇਂਦਰ ਸਰਕਾਰ ਨੇ 2019 ਵਿਚ ਸ੍ਰੀ ਗੁਰੂ ਨਾਨਕ ਦੇਵ ਜੀ ਦੇ 550ਵੇਂ ਪ੍ਰਕਾਸ਼ ਪੁਰਬ ਮੌਕੇ ਭਾਈ ਭੁੱਲਰ ਸਮੇਤ ਅੱਠ ਸਿੱਖ ਕੈਦੀਆਂ ਨੂੰ ਵਿਸ਼ੇਸ਼ ਮਾਫ਼ੀ ਦੇਣ ਦੀ ਸਿਫ਼ਾਰਸ਼ ਵੀ ਕੀਤੀ ਸੀ।

ਦੂਜੇ ਪਾਸੇ, ਦਿੱਲੀ ਦੇ ਉਪ ਰਾਜਪਾਲ ਨੇ ਸਜ਼ਾ ਸਮੀਖਿਆ ਬੋਰਡ ਦੀ ਸਿਫ਼ਾਰਸ਼ 'ਤੇ ਉਮਰ ਕੈਦ ਕੱਟ ਰਹੇ 26 ਹੋਰ ਕੈਦੀਆਂ ਦੀ ਬਾਕੀ ਸਜ਼ਾ ਮਾਫ਼ ਕਰ ਦਿੱਤੀ ਹੈ। ਇਨ੍ਹਾਂ ਵਿਚ ਇੱਕ ਨਾਈਜੀਰੀਅਨ ਨਾਗਰਿਕ ਕੇਨੇਥ ਚਿਡੀ ਓਨਿਘਾਲਾ ਵੀ ਸ਼ਾਮਲ ਹੈ, ਜਿਸ ਨੂੰ ਹੱਤਿਆ ਅਤੇ ਲੁੱਟ ਦੇ ਮਾਮਲੇ ਵਿਚ ਸਜ਼ਾ ਹੋਈ ਸੀ। ਉਸਨੂੰ ਰਿਹਾਈ ਤੋਂ ਤੁਰੰਤ ਬਾਅਦ ਉਸਦੇ ਦੇਸ਼ ਭੇਜ ਦਿੱਤਾ ਜਾਵੇਗਾ।

ਸਫ਼ਾ 1 ਦਾ ਬਾਕੀ
## ਹਾਈਕੋਰਟ ਵੱਲੋਂ 'ਆਪ' ਵਿਧਾਇਕ...

ਕਿਉਂਕਿ ਪੁਲਿਸ ਨੇ ਮੈਜਿਸਟਰੇਟ ਦੇ ਹੁਕਮਾਂ ਤੋਂ ਬਿਨਾਂ ਜਾਂਚ ਕੀਤੀ ਸੀ, ਇਸ ਲਈ ਪੂਰੀ ਕਾਰਵਾਈ ਹੀ ਗੈਰ-ਕਾਨੂੰਨੀ ਸੀ।

ਇਸ ਕਾਰਨ ਇੱਕ ਕੈਂਸਲੇਸ਼ਨ ਰਿਪੋਰਟ ਤਿਆਰ ਕਰਕੇ ਸੀ.ਜੇ.ਐੱਮ., ਪਟਿਆਲਾ ਦੇ ਸਾਹਮਣੇ ਪੇਸ਼ ਕੀਤੀ ਗਈ। ਹਾਲਾਂਕਿ, ਮੈਜਿਸਟ੍ਰੇਟ ਨੇ ਰਿਟਰਨਿੰਗ ਅਫਸਰ ਦੀ ਸ਼ਿਕਾਇਤ ਨੂੰ ਇੱਕ ਸ਼ਿਕਾਇਤ ਮਾਮਲਾ ਮੰਨਦੇ ਹੋਏ ਪਟੀਸ਼ਨਰ ਨੂੰ ਤਲਬ ਕਰ ਲਿਆ ਅਤੇ ਧਾਰਾਵਾਂ 193, 199 ਆਈ.ਪੀ.ਸੀ. ਅਤੇ ਲੋਕ ਪ੍ਰਤੀਨਿਧਿਤਾ ਐਕਟ, 1951 ਦੀ ਧਾਰਾ 125ਏ ਅਧੀਨ ਪ੍ਰਥਮ ਦ੍ਰਿਸ਼ਟਿਆ ਅਪਰਾਧ ਬਣਦਾ ਹੋਇਆ ਮੰਨਿਆ। ਅਦਾਲਤ ਨੇ ਇਨ੍ਹਾਂ ਤੱਥਾਂ ਦੇ ਆਧਾਰ 'ਤੇ ਹਰਮੀਤ ਸਿੰਘ ਪਠਾਨਮਾਜਰਾ ਵਿਰੁੱਧ ਚੱਲ ਰਹੀ ਸਾਰੀ ਕਾਨੂੰਨੀ ਕਾਰਵਾਈ ਨੂੰ ਖ਼ਤਮ ਕਰ ਦਿੱਤਾ ਹੈ। ਇਸ ਫੈਸਲੇ ਨਾਲ ਪਠਾਣਮਾਜਰਾ ਨੂੰ ਵੱਡੀ ਕਾਨੂੰਨੀ ਜਿੱਤ ਮਿਲੀ ਹੈ।

ਸਫ਼ਾ 1 ਦਾ ਬਾਕੀ
## ICE ਏਜੰਟਾਂ ਨੂੰ ਧਮਕੀਆਂ ਦੇਣ ਵਾਲਿਆਂ ਵਿਰੁੱਧ ਕਾਰਵਾਈ...

ਉਨ੍ਹਾਂ ਕਿਹਾ, "ਚਾਹੇ ਇਹ ਵਿਦੇਸ਼ੀ ਹੋਵੇ ਜਾਂ ਘਰੇਲੂ, ਅਸੀਂ ਇਸ ਦੀ ਤਹਿ ਤੱਕ ਜਾਣਾ ਚਾਹੁੰਦੇ ਹਾਂ।"

ਹਰਮੀਤ ਢਿੱਲੋਂ ਨੇ ਸਪੱਸ਼ਟ ਕੀਤਾ ਕਿ ਵਿਭਾਗ ਇਮੀਗ੍ਰੇਸ਼ਨ ਅਤੇ ਕਸਟਮਜ਼ ਇਨਫੋਰਸਮੈਂਟ (ICE) ਦੇ ਅਧਿਕਾਰੀਆਂ ਨਾਲ ਕਿਸੇ ਵੀ ਤਰ੍ਹਾਂ ਦੀ ਦਖਲਅੰਦਾਜ਼ੀ ਜਾਂ ਉਨ੍ਹਾਂ ਨੂੰ ਡਰਾਉਣ ਦੀ ਇਜਾਜ਼ਤ ਨਹੀਂ ਦੇਵੇਗਾ। ਉਨ੍ਹਾਂ ਜ਼ੋਰ ਦੇ ਕੇ ਕਿਹਾ ਕਿ ਭਾਵੇਂ ਸ਼ਾਂਤਮਈ ਵਿਰੋਧ ਪ੍ਰਦਰਸ਼ਨ ਨੂੰ ਪਹਿਲੀ ਸੋਧ ਦੇ ਤਹਿਤ ਸੁਰੱਖਿਆ ਪ੍ਰਾਪਤ ਹੈ, ਪਰ ਧਮਕੀਆਂ, ਪਰੇਸ਼ਾਨ ਕਰਨਾ ਅਤੇ ਕਾਨੂੰਨ ਵਿਚ ਰੁਕਾਵਟ ਪਾਉਣਾ ਸੰਘੀ ਅਪਰਾਧ ਮੰਨਿਆ ਜਾ ਸਕਦਾ ਹੈ।

ਇਹ ਟਿੱਪਣੀਆਂ ਅਜਿਹੇ ਸਮੇਂ ਆਈਆਂ ਹਨ, ਜਦੋਂ ਸੰਘੀ ਇਮੀਗ੍ਰੇਸ਼ਨ ਕਾਨੂੰਨਾਂ ਦੀ ਸਖ਼ਤ ਨਿਗਰਾਨੀ ਕੀਤੀ ਜਾ ਰਹੀ ਹੈ ਅਤੇ ਕਈ ਅਮਰੀਕੀ ਸ਼ਹਿਰਾਂ ਵਿਚ ICE ਦੀਆਂ ਕਾਰਵਾਈਆਂ ਦੇ ਵਿਰੁੱਧ ਪ੍ਰਦਰਸ਼ਨ ਵੱਧ ਰਹੇ ਹਨ। ਸੰਘੀ ਅਧਿਕਾਰੀਆਂ ਨੇ ਵਾਰ-ਵਾਰ ਚੇਤਾਵਨੀ ਦਿੱਤੀ ਹੈ ਕਿ ਏਜੰਟਾਂ ਦੀ ਨਿੱਜੀ ਜਾਣਕਾਰੀ ਪ੍ਰਕਾਸ਼ਿਤ ਕਰਨ ਨਾਲ ਅਧਿਕਾਰੀ ਅਤੇ ਉਨ੍ਹਾਂ ਦੇ ਪਰਿਵਾਰ ਖ਼ਤਰੇ ਵਿਚ ਪੈ ਸਕਦੇ ਹਨ ਅਤੇ ਚੱਲ ਰਹੀਆਂ ਜਾਂਚਾਂ ਪ੍ਰਭਾਵਿਤ ਹੋ ਸਕਦੀਆਂ ਹਨ।






# ‘ਵੀਰ ਬਾਲ ਦਿਵਸ’ ’ਤੇ ਵਾਦ-ਵਿਵਾਦ ਕਿਉਂ? ਸੰਜੀਦਗੀ ਨਾਲ ਵਿਚਾਰਨ ਦੀ ਲੋੜ


-ਉਜਾਗਰ ਸਿੰਘ
ਸਾਬਕਾ ਜ਼ਿਲ੍ਹਾ ਲੋਕ ਸੰਪਰਕ ਅਧਿਕਾਰੀ
ਮੋਬਾਈਲ-94178 13072
ujagarsingh48@yahoo.com
ਪੰਜਾਬ ਮੇਲ USA






> ਹੁਣ ਤੱਕ ਦੇ ਇਤਿਹਾਸ ਵਿਚ ਜੇਕਰ ਨਜ਼ਰ ਮਾਰੀ ਜਾਵੇ, ਤਾਂ ਪਹਿਲੀ ਵਾਰ ਇਸ ਸਾਲ ਸਮੁੱਚੇ ਦੇਸ਼ ਦੀ ਹਰ ਰਾਜ ਸਰਕਾਰ ਵੱਲੋਂ ਰਾਜ ਪੱਧਰ, ਜ਼ਿਲ੍ਹਾ ਪੱਧਰ ਅਤੇ ਲਗਭਗ ਹਰ ਵਿਦਿਅਕ ਸੰਸਥਾ ਵਿਚ ਸਮਾਗਮ ਕਰਕੇ ਛੋਟੇ ਸਾਹਿਬਜ਼ਾਦਿਆਂ ਦੀ ਕੁਰਬਾਨੀ, ਮੁਗਲਾਂ ਦੇ ਜ਼ੁਲਮਾਨਾਂ ਵਿਵਹਾਰ, ਸਿੱਖ ਸਮਾਜ ਦਾ ਇਨਸਾਫ਼ ਲਈ ਹੱਕ-ਸੱਚ ਨਾਲ ਖੜ੍ਹਨ ਬਾਰੇ ਜਾਣਕਾਰੀ ਦੇਣ ਲਈ ਹਰ ਧਰਮ ਦੀ ਨਵੀਂ ਪਨੀਰੀ ਨੂੰ ਪ੍ਰੇਰਿਤ ਕਰਨ ਦੀ ਕੋਸ਼ਿਸ਼ ਕੀਤੀ ਗਈ ਹੈ।

ਹਰ ਸਾਲ ਦਸੰਬਰ ਦੇ ਮਹੀਨੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਚਾਰੇ ਸਾਹਿਬਜ਼ਾਦਿਆਂ ਅਤੇ ਮਾਤਾ ਗੁਜਰੀ ਜੀ ਦੀ ਯਾਦ ਵਿਚ ਇੱਕ ਹਫ਼ਤਾ ਸੋਗ ਸਮਾਗਮ ਮੁੱਖ ਤੌਰ ’ਤੇ ਚਮਕੌਰ ਸਾਹਿਬ ਅਤੇ ਫ਼ਤਿਹਗੜ੍ਹ ਸਾਹਿਬ ਵਿਖੇ ਕੀਤੇ ਜਾਂਦੇ ਹਨ। ਇਸ ਤੋਂ ਇਲਾਵਾ ਦੇਸ਼-ਵਿਦੇਸ਼ ਵਿਚ ਸਿੱਖ ਸੰਗਤਾਂ ਆਪੋ-ਆਪਣੀ ਸ਼ਰਧਾ ਨਾਲ ਸਮਾਗਮ ਆਯੋਜਿਤ ਕਰਕੇ ਸਤਿਕਾਰ ਭੇਂਟ ਕਰਦੀਆਂ ਹਨ। ਸੰਸਾਰ ਵਿਚ ਜਿਥੇ ਕਿਤੇ ਵੀ ਸਿੱਖ ਵਸਦੇ ਹਨ, ਉਹ ਸੋਗ ਸਮਾਗਮ ਕਰਕੇ ਉਨ੍ਹਾਂ ਦੀਆਂ ਕੁਰਬਾਨੀਆਂ ਨੂੰ ਯਾਦ ਕਰਦੇ ਹਨ। ਅਜਿਹੇ ਸਮਾਗਮ ਕਰਨ ਦਾ ਮੁੱਖ ਮੰਤਵ ਆਪਣੀ ਸਿੱਖ ਧਰਮ ਦੀ ਕੁਰਬਾਨੀਆਂ ਵਾਲੀ ਵਿਰਾਸਤ ਯਾਦ ਕਰਨ, ਜ਼ੁਲਮ ਵਿਰੁੱਧ ਆਵਾਜ਼ ਬੁਲੰਦ ਕਰਨ ਅਤੇ ਆਉਣ ਵਾਲੀ ਨਵੀਂ ਪੀੜ੍ਹੀ ਨੂੰ ਇਨ੍ਹਾਂ ਕੁਰਬਾਨੀਆਂ ਦੀ ਜਾਣਕਾਰੀ ਦੇ ਕੇ ਉਨ੍ਹਾਂ ਤੋਂ ਪ੍ਰੇਰਨਾ ਲੈਣ ਲਈ ਉਤਸ਼ਾਹਤ ਕਰਨਾ ਹੁੰਦਾ ਹੈ, ਤਾਂ ਜੋ ਸਿੱਖੀ ਦਾ ਪਾਸਾਰ, ਪ੍ਰਚਾਰ ਤੇ ਬੋਲਬਾਲਾ ਬਰਕਰਾਰ ਰਹਿ ਸਕੇ। 9 ਜਨਵਰੀ 2022 ਨੂੰ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਪ੍ਰਕਾਸ਼ ਪੂਰਵ ਦੇ ਮੌਕੇ ’ਤੇ ਭਾਰਤੀ ਜਨਤਾ ਪਾਰਟੀ ਦੀ ਕੇਂਦਰੀ ਸਰਕਾਰ ਨੇ ਸਾਹਿਬਜ਼ਾਦਿਆਂ ਦੀ ਯਾਦ ਨੂੰ ਸਮਰਪਿਤ ਉਨ੍ਹਾਂ ਦੀ ਕੁਰਬਾਨੀ ਨੂੰ ਯਾਦ ਕਰਨ ਲਈ ਹਰ ਵਰ੍ਹੇ 26 ਦਸੰਬਰ ਦੇ ਦਿਨ ਨੂੰ ਸਰਕਾਰੀ ਤੌਰ ’ਤੇ ਭਾਰਤ ਵਿਚ ਮਨਾਉਣ ਲਈ ‘ਵੀਰ ਬਾਲ ਦਿਵਸ’ ਦਾ ਨਾਮ ਦੇ ਕੇ ਫ਼ੈਸਲਾ ਕੀਤਾ ਸੀ। ਇਸ ਸਾਲ ਦਸੰਬਰ 2025 ਵਿਚ ਇਸ ਫ਼ੈਸਲੇ ਨੂੰ ਭਾਰਤ ਵਿਚ ਪੂਰੇ ਤੌਰ ’ਤੇ ਲਾਗੂ ਕੀਤਾ ਗਿਆ ਹੈ, ਪ੍ਰੰਤੂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ਼੍ਰੋਮਣੀ ਅਕਾਲੀ ਦਲ, ਸਿੱਖ ਸੰਸਥਾਵਾਂ ਅਤੇ ਸਿੱਖ ਸੰਗਤ ਦੇ ਕੁਝ ਹਿੱਸੇ ਵੱਲੋਂ ਇਸ ‘ਵੀਰ ਬਾਲ ਦਿਵਸ’ ਦੇ ਨਾਮ ’ਤੇ ਇਤਰਾਜ਼ ਕੀਤਾ ਗਿਆ ਹੈ। ਇਤਰਾਜ਼ ਜਾਇਜ਼ ਵੀ ਹੈ, ਕਿਉਂਕਿ ਉਨ੍ਹਾਂ ਦੇ ਧਰਮ ਸੰਬੰਧੀ ਕੋਈ ਵੀ ਫ਼ੈਸਲਾ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਤੇ ਸਿੱਖ ਸੰਗਤ ਦੀ ਪ੍ਰਵਾਨਗੀ ਤੋਂ ਬਾਅਦ ਹੋਣਾ ਚਾਹੀਦਾ ਹੈ, ਕਿਉਂਕਿ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਸਿੱਖਾਂ ਸਰਵੋਤਮ ਪ੍ਰਤੀਨਿਧ ਸੰਸਥਾ ਹੈ, ਉਹ ਇਸ ਦੀ ਥਾਂ ‘ਸਾਹਿਬਜ਼ਾਦੇ ਸ਼ਹਾਦਤ ਦਿਵਸ’ ਨਾਮ ਰੱਖਣ ਦੀ ਤਾਕੀਦ ਕਰਦੇ ਹੋਏ ਕੇਂਦਰ ਸਰਕਾਰ ਦੇ ਫ਼ੈਸਲੇ ਦਾ ਵਿਰੋਧ ਕਰ ਰਹੇ ਹਨ। ਸਿੱਖ ਹਮੇਸ਼ਾ ਜਬਰ ਤੇ ਜ਼ੁਲਮ ਦੇ ਵਿਰੁੱਧ ਲੜੇ ਹਨ, ਸਾਹਿਬਜ਼ਾਦੇ ਵੀ ਜਬਰ ਤੇ ਜ਼ੁਲਮ ਵਿਰੁੱਧ ਲੜਦਿਆਂ ਸ਼ਹੀਦ ਹੋਏ ਸਨ। ਸਿੱਖ ਧਰਮ ਤਾਂ ਸਰਬੱਤ ਦੇ ਭਲੇ ਦੀ ਵਕਾਲਤ ਕਰਦਾ ਹੈ। ਇਸ ਲਈ ਕੇਂਦਰ ਸਰਕਾਰ ਨੂੰ ਸਿੱਖ ਭਾਈਚਾਰੇ ਦੀਆਂ ਭਾਵਨਾਵਾਂ ਦਾ ਧਿਆਨ ਰੱਖਦਿਆਂ, ਉਨ੍ਹਾਂ ਦੀ ਗੱਲ ਮੰਨਣੀ ਚਾਹੀਦੀ ਹੈ। ਸਾਹਿਬਜ਼ਾਦਿਆਂ ਨੇ ਵੱਡੀ ਕੁਰਬਾਨੀ ਕੀਤੀ ਹੈ, ਇਸ ਲਈ ਸਿੱਖ ਉਨ੍ਹਾਂ ਨੂੰ ਬਾਬੇ ਹੀ ਕਹਿੰਦੇ ਹਨ ਤੇ ਉਨ੍ਹਾਂ ਦਾ ਕਹਿਣਾ ਵੀ ਸਹੀ ਹੈ। ਪੰਜਾਬੀਆਂ ਖਾਸ ਤੌਰ ’ਤੇ ਸਿੱਖ ਸਮਾਜ ਦਾ ਵਿਰੋਧ ਕਰਨਾ ਇਸ ਕਰਕੇ ਵਾਜਬ ਲੱਗਦਾ ਹੈ, ਕਿਉਂਕਿ ਹੁਣ ਤੱਕ ਭਾਰਤੀ ਜਨਤਾ ਪਾਰਟੀ ਅਤੇ ਉਸਦੀ ਕੇਂਦਰੀ ਸਰਕਾਰ ਦਾ ਵਿਵਹਾਰ ਘੱਟ ਗਿਣਤੀਆਂ ਖਾਸ ਕਰਕੇ ਸਿੱਖਾਂ ਦੇ ਵਿਰੁੱਧ ਰਿਹਾ ਹੈ। ਇਸ ਕਰਕੇ ਪੰਜਾਬੀਆਂ ਖਾਸ ਤੌਰ ’ਤੇ ਸਿੱਖਾਂ ਨੂੰ ਇਹ ਫ਼ੈਸਲਾ ਹਜ਼ਮ ਨਹੀਂ ਹੋ ਰਿਹਾ। ਇਸ ਫ਼ੈਸਲੇ ਨੂੰ ਉਹ ਸਿਆਸਤ ਤੋਂ ਪ੍ਰੇਰਿਤ ਕਹਿ ਰਹੇ ਹਨ। ਇਸ ਵਿਚ ਕੋਈ ਸ਼ੱਕ ਨਹੀਂ ਕਿ ਜਦੋਂ ਵੀ ਕੋਈ ਸਿਆਸੀ ਪਾਰਟੀ ਕੋਈ ਵੀ ਫ਼ੈਸਲਾ ਕਰਦੀ ਹੈ, ਤਾਂ ਉਸਦਾ ਇਸ ਦੀ ਪਿੱਠਭੂਮੀ ਵਿਚ ਸਿਆਸੀ ਮੰਤਵ ਜ਼ਰੂਰ ਹੁੰਦਾ ਤੇ ਹੋਣਾ ਵੀ ਚਾਹੀਦਾ ਹੈ। ਇਸ ਫ਼ੈਸਲੇ ਵਿਚ ਵੀ ਉਨ੍ਹਾਂ ਦਾ ਸਿਆਸੀ ਹਿੱਤ ਹੋਵੇਗਾ, ਕਿਉਂਕਿ ਉਹ ਸਿੱਖ ਜਗਤ ਨੂੰ ਆਪਣੇ ਨਾਲ ਜੋੜਕੇ ਪੰਜਾਬ ਵਿਚ ਆਪਣੀ ਪਾਰਟੀ ਦਾ ਆਧਾਰ ਵਧਾਉਣਾ ਚਾਹੁੰਦੇ ਹਨ। ਇਉਂ ਲੱਗਦਾ ਹੈ, ਭਾਰਤੀ ਜਨਤਾ ਪਾਰਟੀ ਨੂੰ ਸਮਝ ਆ ਗਈ ਹੈ ਕਿ ਸਿੱਖ ਕੌਮ ਕਿਸੇ ਵੀ ਦਬਾਅ ਅਧੀਨ ਆ ਕੇ ਕੋਈ ਫ਼ੈਸਲਾ ਪ੍ਰਵਾਨ ਨਹੀਂ ਕਰਦੀ। ਸਿੱਖ ਆਪਣੀ ਅਣਖ਼ ਨੂੰ ਆਂਚ ਨਹੀਂ ਆਉਣ ਦਿੰਦੇ, ਕਿਉਂਕਿ ਉਨ੍ਹਾਂ ਨੇ ਦੇਸ਼ ਦੀ ਆਜ਼ਾਦੀ ਵਿਚ ਅਤੇ ਆਜ਼ਾਦੀ ਤੋਂ ਬਾਅਦ ਹਮੇਸ਼ਾ ਦੇਸ਼ ਦੀਆਂ ਸਰਹੱਦਾਂ ’ਤੇ ਰਾਖੀ ਕਰਦਿਆਂ ਅਣਗਿਣਤ ਕੁਰਬਾਨੀਆਂ ਕੀਤੀਆਂ ਹਨ। ਪੰਜਾਬ ਖੇਤੀ ਪ੍ਰਧਾਨ ਸੂਬਾ ਹੈ, ਤਿੰਨ ਕਾਲੇ ਖੇਤੀ ਕਾਨੂੰਨਾਂ ਨੂੰ ਲਾਗੂ ਕਰਨ ਸਮੇਂ ਭਾਰਤੀ ਜਨਤਾ ਪਾਰਟੀ ਦੀ ਕੇਂਦਰ ਸਰਕਾਰ ਨੂੰ ਸਿੱਖਾਂ ਦੀ ਤਾਕਤ ਦਾ ਅਹਿਸਾਸ ਹੋ ਗਿਆ ਸੀ। ਸਿੱਖ ਸਮਾਜ ਦੇ ਜੀਨਜ਼ ਵਿਚੋਂ ਇੱਕ ਪ੍ਰਵਿਰਤੀ ਵਿਰਾਸਤ ਵਿਚ ਮਿਲੀ ਹੋਈ ਹੈ ਕਿ ਉਹ ਕਿਸੇ ਵੀ ਫ਼ੈਸਲੇ ’ਤੇ ਸੰਜੀਦਗੀ ਨਾਲ ਸੋਚ ਵਿਚਾਰ ਕਰਨ ਤੋਂ ਪਹਿਲਾਂ ਹੀ ਆਪਣੀ ਤੁਰੰਤ ਪ੍ਰਤੀਕ੍ਰਿਆ ਦੇ ਦਿੰਦੇ ਹਨ। ਉਨ੍ਹਾਂ ਨੂੰ ਹਰ ਪ੍ਰਤੀਕ੍ਰਿਆ ਤੋਂ ਪਹਿਲਾਂ ਸੰਜੀਦਗੀ ਨਾਲ ਸੋਚ ਕੇ ਵਿਦਵਾਨਾਂ ਨਾਲ ਵਿਚਾਰ-ਵਟਾਂਦਰਾ ਕਰਕੇ ਫ਼ੈਸਲਾ ਕਰਨਾ ਚਾਹੀਦਾ ਹੈ। ‘ਵੀਰ ਬਾਲ ਦਿਵਸ’ ਬਾਰੇ ਪ੍ਰਤੀਕ੍ਰਿਆ ਦੇਣ ਤੋਂ ਪਹਿਲਾਂ ਵੀ ਸਿੱਖ ਜਗਤ ਨੂੰ ਸੰਜੀਦਗੀ ਨਾਲ ਵਿਚਾਰ ਕਰਨਾ ਚਾਹੀਦਾ ਸੀ।

ਹੁਣ ਤੱਕ ਦੇ ਇਤਿਹਾਸ ਵਿਚ ਜੇਕਰ ਨਜ਼ਰ ਮਾਰੀ ਜਾਵੇ, ਤਾਂ ਪਹਿਲੀ ਵਾਰ ਇਸ ਸਾਲ ਸਮੁੱਚੇ ਦੇਸ਼ ਦੀ ਹਰ ਰਾਜ ਸਰਕਾਰ ਵੱਲੋਂ ਰਾਜ ਪੱਧਰ, ਜ਼ਿਲ੍ਹਾ ਪੱਧਰ ਅਤੇ ਲਗਭਗ ਹਰ ਵਿਦਿਅਕ ਸੰਸਥਾ ਵਿਚ ਸਮਾਗਮ ਕਰਕੇ ਛੋਟੇ ਸਾਹਿਬਜ਼ਾਦਿਆਂ ਦੀ ਕੁਰਬਾਨੀ, ਮੁਗਲਾਂ ਦੇ ਜ਼ੁਲਮਾਨਾਂ ਵਿਵਹਾਰ, ਸਿੱਖ ਸਮਾਜ ਦਾ ਇਨਸਾਫ਼ ਲਈ ਹੱਕ-ਸੱਚ ਨਾਲ ਖੜ੍ਹਨ ਬਾਰੇ ਜਾਣਕਾਰੀ ਦੇਣ ਲਈ ਹਰ ਧਰਮ ਦੀ ਨਵੀਂ ਪਨੀਰੀ ਨੂੰ ਪ੍ਰੇਰਿਤ ਕਰਨ ਦੀ ਕੋਸ਼ਿਸ਼ ਕੀਤੀ ਗਈ ਹੈ। ਇਸ ਸੰਬੰਧੀ ਕੇਂਦਰ ਸਰਕਾਰ ਸਾਰੇ ਰਾਜਾਂ ਨੂੰ ਇੱਕ ਸਰਕਾਰੀ ਪੱਤਰ ‘ਵੀਰ ਬਾਲ ਦਿਵਸ’ ਮਨਾਉਣ ਲਈ ਭੇਜਿਆ ਸੀ। ਇਸ ਤੋਂ ਪਹਿਲਾਂ ਸਿਰਫ ਸਿੱਖ ਸੰਗਤ ਹੀ ਅਜਿਹੇ ਸਮਾਗਮ ਆਪਣੇ ਗੁਰੂ ਘਰਾਂ ਵਿਚ ਸਮਾਗਮ ਕਰਦੀ ਸੀ, ਉਨ੍ਹਾਂ ਸਮਾਗਮਾਂ ਵਿਚ ਸਿੱਖ ਧਰਮ ਦੇ ਅਨੁਆਈ ਹੀ ਪਹੁੰਚਦੇ ਸਨ। ਇਸ ਵਾਰੀ ਹਰ ਧਰਮ ਤੇ ਫ਼ਿਰਕੇ ਵੱਲੋਂ ਸਮਾਗਮ ਕੀਤੇ ਗਏ ਹਨ ਤੇ ਉਨ੍ਹਾਂ ਦੇ ਪੈਰੋਕਾਰਾਂ ਨੇ ਸ਼ਮੂਲੀਅਤ ਕੀਤੀ ਹੈ। ਇੱਥੋਂ ਤੱਕ ਕਿ ਦੇਸ਼ ਦੀਆਂ ਯੂਨੀਵਰਸਿਟੀਆਂ ਅਤੇ ਵਿਦਿਅਕ ਅਦਾਰਿਆਂ, ਸੰਸਥਾਵਾਂ, ਫ਼ਿਰਕਿਆਂ ਆਦਿ ਵੱਲੋਂ ਸਮਾਗਮ ਕਰਕੇ ਸਾਹਿਬਜ਼ਾਦਿਆਂ ਨੂੰ ਸ਼ਰਧਾਂਜਲੀ ਭੇਂਟ ਕੀਤੀ ਗਈ ਹੈ। ਕੁਝ ਵਿਦਿਅਕ ਅਦਾਰਿਆਂ ਨੇ ਆਪੋ-ਆਪਣੇ ਸਕੂਲਾਂ ਅਤੇ ਕਾਲਜਾਂ ਵਿਚ ਛੋਟੇ ਸਾਹਿਬਜ਼ਾਦਿਆਂ ਬਾਰੇ ਸਿਲੇਬਸ ਵਿਚ ਇੰਦਰਾਜ਼ ਪਾਉਣ ਦੀ ਗੱਲ ਕੀਤੀ ਹੈ। ਦਿੱਲੀ ਯੂਨੀਵਰਸਿਟੀ ਨੇ ਆਪਣੇ ਸਿਲੇਬਸ ਵਿਚ ਸਾਹਿਬਜ਼ਾਦਿਆਂ ਦੀ ਕੁਰਬਾਨੀ ਨੂੰ ਸ਼ਾਮਲ ਕਰਨ ਦਾ ਫ਼ੈਸਲਾ ਕੀਤਾ ਹੈ। ਇਸ ਪ੍ਰਕਾਰ ਕਰਨ ਨਾਲ ਸਿੱਖ ਧਰਮ ਦੀ ਵਿਚਾਰਧਾਰਾ ਦਾ ਪ੍ਰਚਾਰ ਹੋਵੇਗਾ, ਜਿਸ ਵਿਚ ਸਿੱਖ ਜਗਤ ਹੁਣ ਤੱਕ ਸਫਲ ਨਹੀਂ ਹੋਇਆ। ਇੱਥੋਂ ਤੱਕ ਕਿ ਇਸਤੋਂ ਪਹਿਲਾਂ ਤਾਂ ਸਗੋਂ ਗੁਰੂਆਂ ਅਤੇ ਸਿੱਖ ਧਰਮ ਦੇ ਚੈਪਟਰ ਸਿਲੇਬਸ ਵਿਚੋਂ ਕੱਢਣ ਦੀਆਂ ਖ਼ਬਰਾਂ ਲੱਗਦੀਆਂ ਰਹੀਆਂ ਹਨ। ਇਸ ਲਈ ਸਿੱਖ ਸੰਗਤ ਨੂੰ ਟਕਰਾਓ ਵਿਚ ਪੈਣ ਦੀ ਥਾਂ ਸਹਿਣਸ਼ੀਲਤਾ, ਸਹਿਯੋਗ ਅਤੇ ਗੱਲਬਾਤ ਦਾ ਰਸਤਾ ਅਖਤਿਆਰ ਕਰਨਾ ਚਾਹੀਦਾ ਹੈ। ਸਿੱਖ ਵਿਚਾਰਧਾਰਾ ਤਾਂ ਪਹਿਲਾਂ ਹੀ ਸੰਵਾਦ ਵਿਚ ਵਿਸ਼ਵਾਸ਼ ਰੱਖਦੀ ਹੈ। ਸ੍ਰੀ ਗੁਰੂ ਨਾਨਕ ਦੇਵ ਜੀ ਨੇ ਸਿੱਧਾਂ ਨਾਲ ਸੰਵਾਦ ਸ਼ੁਰੂ ਕਰਕੇ ਉਨ੍ਹਾਂ ਨੂੰ ਸਿੱਧੇ ਰਸਤੇ ਪਾਇਆ ਸੀ। ਟਕਰਾਓ ਕਿਸੇ ਸਮੱਸਿਆ ਦਾ ਹੱਲ ਨਹੀਂ ਹੁੰਦਾ। ਸਿੱਖ ਵਿਦਵਾਨਾਂ ਨੂੰ ਨਾਲ ਲੈ ਕੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਕੇਂਦਰ ਸਰਕਾਰ ਨਾਲ ਸੰਵਾਦ ਰਚਾਕੇ ‘ਵੀਰ ਬਾਲ ਦਿਵਸ’ ਦੀ ਥਾਂ ‘ਸਾਹਿਬਜ਼ਾਦੇ ਸ਼ਹਾਦਤ ਦਿਵਸ’ ਨਾਮ ਰੱਖਣ ਬਾਰੇ ਵਿਚਾਰ-ਵਟਾਂਦਰਾ ਕਰਨਾ ਚਾਹੀਦਾ ਹੈ। ਇਤਿਹਾਸ ਗਵਾਹ ਹੈ ਕਿ ਹਰ ਵਾਦ-ਵਿਵਾਦ ਸੰਬੰਧੀ ਫ਼ੈਸਲਾ ਆਪਸੀ ਗੱਲਬਾਤ ਨਾਲ ਹੁੰਦਾ ਰਿਹਾ ਹੈ। ਅਜਿਹੀ ਕੋਈ ਗੱਲ ਨਹੀਂ ਕਿ ਭਾਰਤੀ ਜਨਤਾ ਪਾਰਟੀ ਦੀ ਕੇਂਦਰ ਸਰਕਾਰ ਸਿੱਖ ਸਮਾਜ ਅਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਸੁਝਾਅ ਨੂੰ ਅਣਡਿੱਠ ਕਰੇਗੀ। ਜੇਕਰ ਭਾਰਤੀ ਜਨਤਾ ਪਾਰਟੀ ਆਪਣੀ ਸੋਚ ਬਦਲਣਾ ਚਾਹੁੰਦੀ ਹੈ, ਤਾਂ ਪੰਜਾਬੀਆਂ ਖਾਸ ਤੌਰ ’ਤੇ ਸਿੱਖਾਂ ਨੂੰ ਪ੍ਰਵਾਨ ਕਰ ਲੈਣਾ ਚਾਹੀਦਾ ਹੈ। ਪਹਿਲ ਤਾਂ ਭਾਰਤੀ ਜਨਤਾ ਪਾਰਟੀ ਕਰ ਰਹੀ ਹੈ। ਹੁਣ ਤੱਕ ਸਿੱਖ ਸਮਾਜ ਨੇ ਬਹੁਤ ਹੀ ਸੰਤਾਪ ਹੰਢਾਇਆ ਹੈ। ਇਸ ਲਈ ਉਸਨੂੰ ਹੋਰ ਟਕਰਾਓ ਤੋਂ ਬਚਣਾ ਚਾਹੀਦਾ ਹੈ।

‘ਵੀਰ ਬਾਲ ਦਿਵਸ’ ਸੰਬੰਧੀ ਦੇਸ਼ ਦੇ ਰਾਸ਼ਟਰਪਤੀ, ਪ੍ਰਧਾਨ ਮੰਤਰੀ, ਭਾਰਤ ਦੇ ਗ੍ਰਹਿ ਮੰਤਰੀ, ਹੋਰ ਕੇਂਦਰੀ ਮੰਤਰੀ, ਰਾਜਪਾਲ, ਰਾਜਾਂ ਦੇ ਮੁੱਖ ਮੰਤਰੀ, ਮੰਤਰੀ ਸਾਹਿਬਾਨ ਅਤੇ ਹੋਰ ਪਤੰਵਤਿਆਂ ਨੇ ਸਾਹਿਬਜ਼ਾਦਿਆਂ ਦੀ ਅਦੁੱਤੀ ਕੁਰਬਾਨੀ ਬਾਰੇ ਵਿਚਾਰ ਪ੍ਰਗਟ ਕਰਕੇ ਉਨ੍ਹਾਂ ਦੀਆਂ ਕੁਰਬਾਨੀਆਂ ਦੇ ਕਸੀਦੇ ਪੜ੍ਹੇ ਹਨ। ਇੱਥੋਂ ਤੱਕ ਕਿ ਇਹ ਵੀ ਕਿਹਾ ਗਿਆ ਕਿ ਜੇਕਰ ਗੁਰੂ ਗੋਬਿੰਦ ਸਿੰਘ, ਸ੍ਰੀ ਗੁਰੂ ਤੇਗ਼ ਬਹਾਦਰ ਅਤੇ ਸਾਹਿਬਜ਼ਾਦੇ ਕੁਰਬਾਨੀਆਂ ਨਾ ਦਿੰਦੇ, ਤਾਂ ਭਾਰਤ ਵਿਚ ਕੋਈ ਵੀ ਹਿੰਦੂ ਤੇ ਸਿੱਖ ਨਾ ਹੁੰਦਾ, ਭਾਵ ਉਹ ਮਾਨਵਤਾ ਦੇ ਰਖਵਾਲੇ ਸਾਬਤ ਹੋਏ ਹਨ। ਇਸ ਤੋਂ ਪਹਿਲਾਂ ਭਾਰਤੀ ਜਨਤਾ ਪਾਰਟੀ ਅਤੇ ਆਰ.ਐੱਸ.ਐੱਸ. ਨੇ ਕਦੀਂ ਵੀ ਅਜਿਹੇ ਵਿਚਾਰ ਪ੍ਰਗਟ ਨਹੀਂ ਕੀਤੇ। ਦਿੱਲੀ ਵਿਖੇ ਵਿਗਿਆਨ ਭਵਨ ਵਿਚ ਆਰ.ਐੱਸ.ਐੱਸ. ਦੇ ਮੁੱਖੀ ਮੋਹਨ ਭਾਗਵਤ ਤੋਂ ਬਾਅਦ ਦੂਜੇ ਨੰਬਰ ਦੇ ਸੀਨੀਅਰ ਪ੍ਰਚਾਰਕ ਕ੍ਰਿਸ਼ਨ ਗੋਪਾਲ ਨੇ ਸ੍ਰੀ ਗੁਰੂ ਗੋਬਿੰਦ ਸਿੰਘ, ਸ੍ਰੀ ਗੁਰੂ ਤੇਗ ਬਹਾਦਰ ਅਤੇ ਸਾਹਿਬਜ਼ਾਦਿਆਂ ਦੀ ਕੁਰਬਾਨੀ ਦਾ ਜ਼ਿਕਰ ਕਰਦਿਆਂ ਉਨ੍ਹਾਂ ਨੂੰ ਮਾਨਵਤਾ ਦੇ ਰਖਵਾਲੇ ਕਿਹਾ ਗਿਆ ਹੈ। ਭਾਵੇਂ ਇਨ੍ਹਾਂ ਵਿਅਕਤੀਆਂ ਅਤੇ ਸਿਆਸੀ ਨੇਤਾਵਾਂ ਨਾਲ ਸਿੱਖੀ ਵਿਚਾਰਧਾਰਾ ਨੂੰ ਕੋਈ ਫਰਕ ਨਹੀਂ ਪੈਣ ਲੱਗਿਆ, ਪ੍ਰੰਤੂ ਇਨ੍ਹਾਂ ਦੇ ਉਸਾਰੂ ਵਿਚਾਰਾਂ ਦਾ ਦੇਸ਼ ਦੀ ਜਨਤਾ ’ਤੇ ਜ਼ਰੂਰ ਥੋੜ੍ਹਾ ਬਹੁਤਾ ਪ੍ਰਭਾਵ ਪਵੇਗਾ। ਸਿੱਖਾਂ ਦੇ ਅਕਸ ਨੂੰ ਜੋ ਸਰਕਾਰਾਂ ਵੱਲੋਂ ਵਿਗਾੜਿਆ ਗਿਆ ਸੀ, ਉਸ ਦਾ ਪ੍ਰਭਾਵ ਘਟੇਗਾ ਤੇ ਸਿੱਖ ਸਮਾਜ ਦਾ ਅਕਸ ਬਣੇਗਾ। ਭਾਈਚਾਰਕ ਸਾਂਝ ਗੂੜ੍ਹੀ ਹੋਵੇਗੀ। ਸਿੱਖ ਇਕੱਲੇ ਪੰਜਾਬ ਵਿਚ ਹੀ ਨਹੀਂ ਵਸਦੇ, ਸਗੋਂ ਸਮੁੱਚੇ ਦੇਸ਼ ਵਿਚ ਵਸ ਤਾਂ ਰਹੇ ਹੀ ਹਨ, ਪ੍ਰੰਤੂ ਉਨ੍ਹਾਂ ਦੇ ਵੱਡੇ ਕਾਰੋਬਾਰ ਵੀ ਹਨ। ਭਾਈਚਾਰਕ ਵਾਤਾਵਰਨ ਦਾ ਉਨ੍ਹਾਂ ਦੇ ਵਿਓਪਾਰ ਅਤੇ ਵਿਵਹਾਰ ਉਪਰ ਵੀ ਗਹਿਰਾ ਅਸਰ ਹੋਵੇਗਾ ਤੇ ਉਨ੍ਹਾਂ ਦੇ ਵਿਓਪਾਰ ਪ੍ਰਫੁਲਤ ਹੋਣਗੇ। ਸਿੱਖ ਸਮਾਜ ਨੂੰ ਲੰਬੀ ਸੋਚਣੀ ਚਾਹੀਦੀ ਹੈ ਤੇ ਕੇਂਦਰ ਸਰਕਾਰ ਨੂੰ ਸਿੱਖਾਂ ਦੀਆਂ ਧਾਰਮਿਕ ਭਾਵਨਾਵਾਂ ’ਤੇ ਫੁੱਲ ਚੜ੍ਹਾਉਣੇ ਚਾਹੀਦੇ ਹਨ, ਹਰ ਗੱਲ ਵਿਚ ਸਿਆਸਤ ਨਹੀਂ ਕਰਨੀ ਚਾਹੀਦੀ।

# ਸ. ਬਿਕਰਮ ਸਿੰਘ ਮਜੀਠੀਆ ਸਾਰੇ ਅਕਾਲੀ ਦਲਾਂ ਵਿਚ ਏਕਤਾ ਕਰਾ ਸਕਣ ਦੇ ਸਮਰੱਥ ਹੋਵੇਗਾ!!

ਜੰਗ ਸਿੰਘ
ਮਰਸੱਡ ਕੈਲੀਫੋਰਨੀਆ (ਅਮਰੀਕਾ)
ਮੋਬਾਇਲ ਨੰ: +1-415-603-7380
ਪੰਜਾਬ ਮੇਲ USA





ਸ. ਬਿਕਰਮ ਸਿੰਘ ਮਜੀਠੀਆ ਜਿਨ੍ਹਾਂ ਨੂੰ ਕਈ ਕੇਸਾਂ ਦੇ ਦੋਸ਼ਾਂ ਵਿਚ ਹੇਠਲੀਆਂ ਸਾਰੀਆਂ ਅਦਾਲਤਾਂ ਨੇ ਜ਼ਮਾਨਤ ਦੇਣ ਤੋਂ ਮਨਾਹੀ ਕੀਤੀ ਹੋਈ ਸੀ, ਜੋ ਹੁਣ ਇਨ੍ਹਾਂ ਦੇ ਦੱਸੇ ਜਾਂਦੇ ਪਿਤਾ ਰਾਧਾ ਸੁਆਮੀ ਡੇਰਾ ਬਿਆਸ ਦੇ ਮੁਖੀ ਬਾਬਾ ਗੁਰਿੰਦਰ ਸਿੰਘ ਢਿੱਲੋਂ ਦੀ ਭਾਰਤ ਦੇ ਪ੍ਰਧਾਨ ਮੰਤਰੀ ਸ਼੍ਰੀ ਨਰਿੰਦਰ ਮੋਦੀ ਦੀ ਮੁਲਾਕਾਤ ਤੋਂ ਬਾਅਦ ਸੁਪਰੀਮ ਕੋਰਟ ਵਲੋਂ ਦਿੱਤੀ ਗਈ ਜ਼ਮਾਨਤ ਦੀ ਚਰਚਾ ਨੇ ਸਿਆਸਤੀ ਪਿੜ੍ਹ ਵਿਚ ਵੱਡੀ ਹਲਚਲ ਹੀ ਪੈਦਾ ਨਹੀਂ ਕਰ ਦਿੱਤੀ ਹੈ, ਬਲਕਿ ਰਾਜਨੀਤਿਕ ਖੇਤਰ ਵਿਚ ਕਈ ਪ੍ਰਕਾਰ ਦੀ ਚਰਚਾ ਵੀ ਛੇੜ ਦਿੱਤੀ ਹੈ ਕਿਉਂਕਿ 2027 ਵਿਚ ਪੰਜਾਬ ਵਿਧਾਨ ਸਭਾ ਦੀਆ ਚੋਣਾਂ ਹੋ ਰਹੀਆਂ ਹਨ ਤੇ ਭਾਜਪਾ ਹਰ ਹਰਬਾ ਖਰਬਾ ਵਰਤ ਰਹੀ ਹੈ ਕਿ ਉਹ ਕਿਸੇ ਤਰ੍ਹਾਂ ਜਿਵੇਂ ਵੀ ਸੰਭਵ ਹੋਵੇ, ਪੰਜਾਬ ਦੀ ਸਿਆਸਤ ਵਿਚ ਭਾਜਪਾ ਦੀ ਤੂਤੀ ਬੋਲਣ ਲੱਗ ਜਾਵੇ। ਜਦੋਂਕਿ ਪੰਜਾਬ ਦੇ ਲੋਕਾਂ ਨੂੰ 'ਭਾਜਪਾ' ਫੁੱਟੀ ਅੱਖ ਵੀ ਭਾਉਂਦੀ ਨਹੀਂ ਹੈ। ਪਰ ਪੰਜਾਬ ਦੇ ਲੋਕਾਂ ਦੀਆਂ ਭਾਵਨਾਵਾਂ ਦੇ ਉਲਟ, ਇਸ ਏਕਤਾ ਨੂੰ ਹੀ ਇਸੇ ਪ੍ਰਸੰਗ ਵਿਚ ਗਿਣਿਆ ਜਾਣ ਲੱਗ ਪਿਆ ਹੈ ਤੇ ਇਹ ਵੀ ਕਿਹਾ ਜਾ ਰਿਹਾ ਹੈ ਕਿ ਭਾਰਤ ਦੇ ਪ੍ਰਧਾਨ ਮੰਤਰੀ ਸ਼੍ਰੀ ਨਰਿੰਦਰ ਮੋਦੀ ਦਾ ਇਹ ਹੀ ਮੁੱਖ ਮੰਤਵ ਸੀ, ਸੋ ਸ. ਬਿਕਰਮ ਸਿੰਘ ਮਜੀਠੀਆ ਦੀ ਰਿਹਾਈ ਨੇ ਇਸ ਦੇ ਸੰਕੇਤ ਦੇਣੇ ਸ਼ੁਰੂ ਕਰ ਦਿੱਤੇ ਹਨ ਕਿ ਪੰਜਾਬ ਵਿਚ ਆਉਣ ਵਾਲੀਆ ਚੋਣਾਂ ਵਿਚ ਅਕਾਲ਼ੀ ਭਾਜਪਾ ਦਾ ਗਠਜੋੜ ਜ਼ਰੂਰ ਹੋ ਜਾਵੇਗਾ ਤੇ ਇਸ ਰਿਹਾਈ ਨੂੰ ਵੀ ਉਸੇ ਕੜ੍ਹੀ ਵਿਚ ਜੋੜਿਆ ਜਾ ਰਿਹਾ ਹੈ। ਇਹ ਵੀ ਕਿਹਾ ਜਾ ਰਿਹਾ ਹੈ ਕਿ ਅਜਿਹਾ ਕੀਤਾ ਜਾਣਾ ਦੋਹਾਂ ਪਾਰਟੀਆਂ ਦਾ ਆਪਸ ਵਿਚ ਇਕ ਤਰ੍ਹਾਂ ਦਾ ਸੌਦਾ ਹੈ। ਕਿੰਨੀ ਹਾਸੋਹੀਣੀ ਗੱਲ ਹੈ ਕਿ ਸੋਸ਼ਲ ਮੀਡੀਆ ਵਿਚ ਇਹ ਚਰਚਾ ਹੋਣੀ ਵੀ ਸ਼ੁਰੂ ਹੋ ਗਈ ਹੈ ਕਿ ਆਖਰ ਪੰਜਾਬ ਦੀ ਸਿਆਸਤ ਕਿਨ੍ਹਾਂ ਦੇ ਹੱਥਾਂ ਵਿਚ ਹੋਵੇਗੀ। ਡੇਰਾ ਮੁਖੀ ਗੁਰਿੰਦਰ ਸਿੰਘ ਢਿੱਲੋਂ ਦੀ ਗੈਰ ਜ਼ਿੰਮੇਵਾਰ ਇਸ ਬਿਆਨਬਾਜ਼ੀ ਨੇ ਪੰਜਾਬ ਦੇ ਲੋਕਾਂ ਨੂੰ ਫਿਕਰਮੰਦ ਕਰ ਦਿੱਤਾ ਹੈ। ਇਸ ਬਿਆਨ ਦੇ ਹੇਠਾਂ ਭਾਰਤ ਦੇ ਪ੍ਰਧਾਨ ਮੰਤਰੀ ਸ਼੍ਰੀ ਨਰਿੰਦਰ ਮੋਦੀ ਤੇ ਡੇਰਾ ਰਾਧਾ ਸੁਆਮੀ ਬਿਆਸ ਦੇ ਡੇਰੇ ਦੇ ਮੁਖੀ ਬਾਬਾ ਗੁਰਿੰਦਰ ਸਿੰਘ ਢਿੱਲੋਂ ਦੀ ਫੋਟੋ ਵੀ ਲੱਗੀ ਹੋਈ ਹੈ, ਜੋ ਇਸ ਗੱਲ ਦਾ ਸੰਕੇਤ ਦੇ ਰਹੀ ਹੈ। ਇਥੇ ਹੀ ਬੱਸ ਨਹੀਂ, ਮਜੀਠੀਆ ਦੇ ਹਲਕੇ ਤੋਂ ਤਾਂ ਇਹ ਵੀ ਚਰਚੇ ਹੋਣੇ ਸ਼ੁਰੂ ਹੋ ਗਏ ਹਨ ਕਿ ਇਸ ਹਲਕੇ ਤੋਂ "ਸ. ਬਿਕਰਮ ਸਿੰਘ ਮਜੀਠੀਆ ਜਿੱਤਣਗੇ ਜਾਂ ਕਿ ਫਿਰ ਆਮ ਆਦਮੀ ਪਾਰਟੀ ਦੇ ਸ. ਤਲਬੀਰ ਸਿੰਘ ਗਿੱਲ! ਸ਼ੰਕੇ ਸੱਚ ਵਿਚ ਰਿਹਾਈ ਤੋਂ ਤੁਰੰਤ ਬਾਅਦ ਤਬਦੀਲ ਹੋਣੇ ਯਕੀਨਨ ਹਨ ਕਿਉਂਕਿ ਸ. ਬਿਕਰਮ ਸਿੰਘ ਮਜੀਠੀਆ ਬਾਹਰ ਆਉਂਦਿਆਂ ਸਾਰ ਇਹ ਬਿਆਨ ਦੇਣਾ ਕਿ ਉਹ ਸਾਰੇ ਅਕਾਲੀ ਦਲਾਂ ਦਾ ਏਕਾ ਵੀ ਕਰਵਾਉਣਗੇ, ਇਸ ਸਬੰਧ ਵਿਚ ਉਹ ਸਾਰੇ ਅਕਾਲੀ ਦਲ ਦੇ ਮੁਖੀਆਂ ਨੂੰ ਨੰਗੇ ਪੈਰੀਂ ਮਿਲਣ ਜਾਣਗੇ ਤੇ ਏਕੇ ਦੀ ਬੇਨਤੀ ਕਰਨਗੇ। ਹਾਲੇ ਇਹ ਖਬਰ ਛਪੀ ਹੀ ਸੀ ਕਿ ਉਸੇ ਵੇਲੇ ਨਵੇਂ ਬਣੇ ਅਕਾਲੀ ਦਲ ਦੇ ਪ੍ਰਧਾਨ ਗਿਆਨੀ ਹਰਪ੍ਰੀਤ ਸਿੰਘ ਦਾ ਬਿਆਨ ਵੀ ਆ ਗਿਆ ਕਿ ਜਦੋਂ ਤੱਕ ਸ. ਸੁਖਬੀਰ ਸਿੰਘ ਬਾਦਲ ਪ੍ਰਧਾਨ ਹੈ, ਉਹ ਕਦੇ ਵੀ ਏਕਤਾ ਨਹੀਂ ਕਰਨਗੇ! ਦੂਸਰੇ ਅਕਾਲੀ ਦਲਾਂ ਦੇ ਏਕਤਾ ਦੀ ਗੱਲ ਤਾਂ ਹਾਲੇ ਦੂਰ ਦੀ ਹੈ। ਸ਼੍ਰੋਮਣੀ ਅਕਾਲੀ ਦਲ (ਸ੍ਰੀ ਅੰਮ੍ਰਿਤਸਰ) ਦੇ ਪ੍ਰਧਾਨ ਸ. ਸਿਮਰਨਜੀਤ ਸਿੰਘ ਮਾਨ ਏਕਤਾ ਬਾਰੇ ਕੀ ਕਹਿੰਦੇ ਹਨ। ਉਹ ਤਾਂ ਜਦੋਂ ਸ. ਬਿਕਰਮ ਸਿੰਘ ਮਜੀਠੀਆ ਉਨ੍ਹਾਂ ਨੂੰ ਮਿਲਣ ਜਾਣਗੇ, ਅੱਗੋਂ ਕੀ ਜੁਆਬ ਮਿਲਦਾ ਹੈ? ਇਸ ਦੀ ਭਵਿੱਖ ਵਿਚ ਕਿਆਸ ਨਹੀਂ ਕੀਤੀ ਜਾ ਸਕਦੀ। ਪੰਜਾਬ ਦੇ ਲੋਕ ਹੈਰਾਨ ਤੇ ਪਰੇਸ਼ਾਨ ਵੀ ਹਨ ਕਿ ਅਜਿਹੇ ਸਿੱਖ ਕੌਮ ਦੇ ਆਗੂ ਬਣੇ ਰਹੇ ਹਨ, ਜਿਨ੍ਹਾਂ ਨੂੰ ਇਹ ਨਹੀਂ ਪਤਾ ਕਿ ਕਈ ਸਾਰੇ ਕੇਸ ਤਾਂ ਉਨ੍ਹਾਂ 'ਤੇ ਹਾਲੇ ਚੱਲ ਰਹੇ ਹਨ। ਉਹ ਤਾਂ ਜ਼ਮਾਨਤ 'ਤੇ ਹੀ ਰਿਹਾਅ ਹੋ ਕੇ ਆਏ ਹਨ। ਜਿਸ ਤਰ੍ਹਾਂ ਦੀਆਂ ਉਹ ਫੁਕਰੀਆਂ ਗੱਲਾਂ ਕਰ ਰਹੇ ਹਨ ਕਿ "ਰਿਹਾਈ ਵੇਲੇ 32 ਕੈਮਰੇ ਸਨ ਕੱਲਾ ਜੱਟ ਨੂੰ ਵੇਖਣ ਵਾਸਤੇ" ਉਨ੍ਹਾਂ ਦਾ ਪ੍ਰੈੱਸ ਵਿਚ ਇਹ ਕਹਿਣਾ ਕਿ ਉਹ ਆਪਣੀ ਘਰ ਵਾਲੀ ਨੂੰ ਬੜਾ ਯਾਦ ਕਰਦੇ ਰਹਿੰਦੇ ਸਨ ਆਪਣੇ ਸਿਰਹਾਣੇ 'ਤੇ ਉਸ ਦਾ ਨਾਂ ਲਿਖ ਕੇ ਤੇ ਦਿਲ ਦੀ ਫੋਟੋ ਵਾਲੇ ਸਿਰਹਾਣੇ ਨੂੰ ਹੇਠਾਂ ਰੱਖ ਕੇ ਸੌਂਦੇ ਸਨ, ਆਪਣੇ ਬੱਚਿਆਂ ਵਲੋਂ ਗੇਟ ਉਤੇ ਲਿਖਵਾਉਣਾ ਕਿ "ਲਾਇਨ ਇਜ਼ ਬੈਕ", ਜਾਂ ਫਿਰ ਆਪਣੀਆਂ ਮੁੱਛਾਂ ਨੂੰ ਉਤੇ ਚੁੱਕ-ਚੁੱਕ ਕੇ ਮਜੀਠੀਆ ਸਾਹਿਬ ਲੋਕਾਂ ਨੂੰ ਕੀ ਦੱਸਣਾ ਚਾਹੁੰਦੇ ਹਨ? ਪੰਜਾਬ ਦੇ ਲੋਕ ਇਸ ਨੂੰ ਸਿਖਰਾਂ ਦੀ ਫੁਕਰਾਪੰਥੀ ਕਹਿ ਰਹੇ ਹਨ। ਪੰਜਾਬ ਦੇ ਲੋਕਾਂ ਦਾ ਕਹਿਣਾ ਹੈ ਕਿ ਮਜੀਠੀਆ ਜੀ ਗੱਲਾਂ ਤਾਂ ਬਹੁਤ ਕਰਦੇ ਹਨ, ਕਦੇ ਉਨ੍ਹਾਂ ਨੇ ਆਪਣੇ ਆਪ ਨੂੰ ਵੇਖਿਆ ਕਿ ਉਹ ਕਿੰਨੇ ਕੁ ਸਰੀਰਕ ਪੱਖੋਂ ਬਲਵਾਨ ਹੋ ਕੇ ਬਾਹਰ ਆਏ ਹਨ, ਜਦੋਂਕਿ ਖੁਦ ਆਪ ਵਾਰ-ਵਾਰ ਕਹਿ ਰਹੇ ਹਨ ਕਿ ਉਨ੍ਹਾਂ ਨੂੰ ਜੇਲ੍ਹ ਵਿਚ ਤਰ੍ਹੀ ਵਾਲੇ ਬੇਗਣ ਹੀ ਮਿਲਦੇ ਰਹੇ ਹਨ। ਇਸ ਤਰ੍ਹਾਂ ਵਾਰ-ਵਾਰ ਮੁੱਛਾਂ ਨੂੰ ਤਾਅ ਦੇਣਾ, ਜਿਹੜੇ ਆਪਣੇ ਆਪ ਨੂੰ ਸਿਆਸੀ ਲੀਡਰ ਸਮਝਦੇ ਹਨ, ਉਨਾਂ ਨੂੰ ਉੱਕਾ ਹੀ ਸੋਭਦਾ ਨਹੀਂ। ਇਸ ਰਿਹਾਈ ਨੇ ਇਸ 'ਤੇ ਮੋਹਰ ਜ਼ਰੂਰ ਲਗਾ ਦਿੱਤੀ ਹੈ ਕਿ ਪੰਜਾਬ ਵਿਚ ਹੋਣ ਵਾਲੀਆਂ ਚੋਣਾਂ ਵਿਚ ਅਕਾਲ਼ੀ-ਭਾਜਪਾ ਦਾ ਗਠਜੋੜ ਜ਼ਰੂਰ ਹੋਵੇਗਾ, ਜਿਸ ਦੀ ਗਵਾਹੀ ਅਕਾਲੀ ਦਲ ਦੇ ਆਗੂ ਸ. ਸਿਕੰਦਰ ਸਿੰਘ ਮਲੂਕਾ ਨੇ ਸੋਸ਼ਲ਼ ਮੀਡੀਆਂ ਵਿਚ ਇਹ ਕਹਿ ਕੇ ਸਾਬਤ ਕਰ ਦਿੱਤੀ ਹੈ ਕਿ "ਭਾਜਪਾ ਅਕਾਲੀ ਦਲ ਗਠਜੋੜ ਤੋਂ ਬਾਅਦ ਹਨੇਰੀ ਵਾਂਗੂੰ ਬਣੇਗੀ ਪੰਜਾਬ ਸਾਡੀ ਸਰਕਾਰ ਭਾਵ ਅਕਾਲੀਆਂ ਦੀ ਸਰਕਾਰ"। ਇਹ ਵੀ ਦੱਸਿਆ ਜਾਂਦਾ ਕਿ ਮੋਦੀ ਸਾਹਿਬ ਕਦੇ ਨਹੀਂ ਚਾਹੁੰਦੇ ਕਿ ਪੰਜਾਬ ਵਿਚ ਕਾਂਗਰਸ ਦੀ ਸਰਕਾਰ ਬਣੇ। ਪੰਜਾਬ ਦੇ ਚਿੰਤਕਾਂ ਦਾ ਵਾਰ-ਵਾਰ ਇਹ ਕਹਿਣਾ ਕਿ ਅਕਾਲੀ ਦਲ ਦੇ ਆਗੂਆਂ ਨੂੰ ਹਾਲੇ ਤੱਕ ਸਮਝ ਨਹੀਂ ਆਈ ਕਿ ਪੰਜਾਬ ਵਿਚ ਉਨ੍ਹਾਂ ਨੇ ਕਈ ਦਹਾਕੇ ਭਾਜਪਾ ਨਾਲ ਭਿਆਲੀ ਪਾ ਕੇ ਸਰਕਾਰ ਚਲਾਈ। ਆਖਰ ਉਨ੍ਹਾਂ ਨੂੰ ਮਿਲਿਆ ਕੀ, ਭਾਜਪਾ ਨੇ ਉਨ੍ਹਾਂ ਦਾ ਅਕਾਲੀ ਦਲ ਖੇਰੂੰ-ਖੇਰੂੰ ਕਰ ਦਿੱਤਾ। ਉਨ੍ਹਾਂ ਦਾ ਅਕਾਲੀ ਦਲ ਜਿਹੜੀ ਪੰਜਾਬ ਦੀ ਖੇਤਰੀ ਪਾਰਟੀ ਹੁੰਦੀ ਸੀ, ਖਤਮ ਕਰਕੇ ਰੱਖ ਦਿੱਤੀ। ਸਿੱਖ ਪੰਥ ਜਿਸ ਅਕਾਲੀ ਪਾਰਟੀ ਨੂੰ ਕਿਸੇ ਸਮੇਂ 'ਪੰਥਕ ਪਾਰਟੀ' ਸਮਝਦਾ ਸੀ, ਉਸ ਨੇ ਮੂਲੋਂ ਹੀ ਇਨ੍ਹਾਂ ਤੋਂ ਮੂੰਹ ਕਿਉਂ ਮੋੜ੍ਹ ਲਿਆ? ਪੰਜਾਬ ਵਿਚ 2017 ਤੇ 2022 ਦੀਆਂ ਹੋਈਆਂ ਵਿਧਾਨ ਸਭਾ ਚੋਣਾਂ ਵਿਚ ਜੋ ਕੁਝ ਅਕਾਲੀਆਂ ਨਾਲ ਹੋਇਆ, ਸਭ ਦੇ ਸਾਹਮਣੇ ਹੈ। ਭਾਜਪਾ ਦਾ ਪਿਛੋਕੜ ਕੀ ਹੈ? ਪੰਜਾਬ ਦੇ ਲੋਕ ਹਾਲੇ ਭੁੱਲੇ ਨਹੀਂ! ਹਿੰਦੂਆਂ, ਸਿੱਖਾਂ ਤੇ ਮੁਸਲਮਾਨਾਂ ਨੂੰ ਆਪਸ ਵਿਚ ਲੜਾ ਕੇ ਭਰਾਤਰੀ ਸਾਂਝ ਨੂੰ ਤਹਿਸ-ਨਹਿਸ ਕਰਨ ਵਾਲੀ, ਪੰਜਾਬ ਦੇ ਟੋਟੇ-ਟੋਟੇ ਕਰਾਉਣ ਵਾਲੀ, ਪੰਜਾਬ ਦੀ ਮਾਂ ਬੋਲੀ 'ਪੰਜਾਬੀ' ਨਾਲ ਰੱਜ ਕੇ ਧਰੋਹ ਕਮਾਉਣ ਵਾਲੀ, ਕਿਹੜੇ ਭੈੜੇ ਤੋਂ ਭੈੜੇ ਨਾਂ ਇਸ ਭਾਜਪਾ ਪਾਰਟੀ ਨਾਲ ਨਹੀਂ ਜੁੜ੍ਹਦੇ। ਜੇਕਰ ਚੰਡੀਗੜ੍ਹ ਪੰਜਾਬ ਨੂੰ ਨਾ ਮਿਲੇ, ਪੰਜਾਬ ਦਾ ਪਾਣੀ ਦੂਸਰੇ ਸੂਬੇ ਲੈ ਜਾਣ ਪੰਜਾਬ ਭਾਵੇਂ ਤਿਹਾਇਆ ਰਹੇ, ਇਸ ਸਿਖਰਾਂ ਦੀ ਫਿਰਕੂ ਪਾਰਟੀ ਨੂੰ ਪੰਜਾਬ ਨਾਲ ਕੋਈ ਨਾ ਹਿੱਤ ਹੈ ਤੇ ਨਾ ਹੀ ਕੋਈ ਮੋਹ, ਸਗੋਂ ਖੁਸ਼ ਹੁੰਦੀ ਹੈ। ਇਸ ਪਾਰਟੀ ਦਾ ਤਾਂ ਉਹ ਹਾਲ ਹੈ ਕਿ "ਆਂਡੇ ਕਿਤੇ ਤੇ ਕੁੜ੍ਹ ਕੁੜ੍ਹ ਕਿਤੇ"। ਪੰਜਾਬ ਨੂੰ ਬਰਬਾਦ ਕਰਨ ਵਾਲੀ ਹੈ ਇਹ ਪਾਰਟੀ। ਅਕਾਲੀ ਦਲ ਦੇ ਆਗੂਆਂ ਨੂੰ ਹਾਲੇ ਇੰਨਾ ਕੁਝ ਗੁਆ ਜਾਣ ਦੇ ਬਾਵਜੂਦ ਫਿਰ ਵੀ ਸਮਝ ਨਹੀਂ ਆ ਰਿਹਾ। ਇਸ ਸਥਿਤੀ ਵਿਚ ਵੀ ਅਕਾਲੀ ਦਲ ਦੇ ਆਗੂ ਭਾਜਪਾ ਦਾ ਗੁਣਗਾਣ ਕਰਦੇ ਆ ਰਹੇ ਹਨ। ਜੇ ਸੱਚ ਮੰਨੀਏ, ਤਾਂ ਪੰਜਾਬ ਦੇ ਸੂਝਵਾਨ ਲੋਕ 'ਲਾਹਨਤ ਦੇ ਰਹੇ ਹਨ ਅਕਾਲੀ ਦਲ ਦੇ ਅਜਿਹੇ ਆਗੂਆਂ ਨੂੰ'। ਜਿਹੜੇ ਵੀ ਭਾਜਪਾ ਨਾਲ ਸਮਝੌਤੇ ਦੀਆ ਗੱਲਾਂ ਕਰਦੇ ਆ ਰਹੇ ਹਨ। ਭਾਜਪਾ ਉਹ ਪਾਰਟੀ ਹੈ ਕਿ ਭਾਰਤ ਵਿਚ ਜਿਸ ਕਿਸੇ ਵੀ ਪ੍ਰਾਂਤ ਵਿਚ ਇਸ ਭਾਜਪਾ ਨੇ ਉਥੋਂ ਦੀ ਪਾਰਟੀ ਨਾਲ ਸਮਝੌਤਾ ਕੀਤਾ, ਉਸ ਦਾ ਸਦਾ ਲਈ ਖੁਰਾ-ਖੋਜ ਮਿੱਟਾ ਦਿੱਤਾ ਹੈ। ਅਕਾਲੀ ਦਲ ਦੇ ਆਗੂਆਂ ਨੂੰ ਆਪਣੀ ਪੀੜ੍ਹੀ ਹੇਠਾਂ ਸੋਟਾ ਮਾਰਨ ਦੀ ਜ਼ਰੂਰਤ ਹੈ। ਜੇਕਰ ਪੰਜਾਬ ਨੂੰ ਬਚਾਉਣਾ ਹੈ, ਤਾਂ ਪੰਜਾਬ ਦੇ ਸੂਝਵਾਨਾਂ ਦਾ ਕਹਿਣਾ ਹੈ ਕਿ ਉਨ੍ਹਾਂ ਨੂੰ ਭਾਜਪਾ ਤੋਂ ਸਦਾ ਲਈ ਨਮਸਕਾਰ ਕਰਕੇ ਉਨ੍ਹਾਂ ਤੋਂ ਬਿਨਾ ਦੂਸਰੀਆਂ ਹੋਰ ਰਾਜਨੀਤਿਕ ਪਾਰਟੀਆਂ ਸਮੇਤ ਬੀ.ਐੱਸ.ਪੀ. ਦੇ ਸਿਆਣੇ, ਈਮਾਨਦਾਰ ਤੇ ਪੰਜਾਬ ਲਈ ਸੱਚੇ ਦਿਲੋਂ ਫਿਕਰਮੰਦ ਲੀਡਰਾਂ ਨੂੰ ਇਕੱਠੇ ਕਰਕੇ ਇਕ ਨਵੀਂ ਪਾਰਟੀ ਦਾ ਨਿਰਮਾਣ ਕਰਨਾ ਪੈਣਾ ਹੈ। ਇਸ ਤੋਂ ਬਿਨਾ ਪੰਜਾਬ ਦਾ ਕੋਈ ਹੱਲ ਨਹੀਂ। ਪੰਜਾਬ ਦੇ ਬਹੁਤ ਸਾਰੇ ਮਸਲੇ ਪਿਛਲੇ ਕਈ ਦਹਾਕਿਆਂ ਤੋਂ ਲਟਕਦੇ ਆ ਰਹੇ ਹਨ, ਉਨ੍ਹਾਂ ਦਾ ਹੱਲ ਹੋਣਾ ਬਹੁਤ ਜ਼ਰੂਰੀ ਹੈ। ਆਸ ਹੈ ਪੰਜਾਬ ਦੇ ਸੁਹਿਰਦ ਅਕਾਲੀ ਆਗੂ 'ਭਾਜਪਾ ਨਾਲ ਸਮਝੌਤਾ ਕਰਨ' ਦੇ ਵਿਚਾਰ ਨੂੰ ਛੱਡ ਕੇ ਉਪਰੋਕਤ ਚਿੰਤਕਾਂ ਦੀ ਸੋਚ 'ਤੇ ਗੌਰ ਵਿਚਾਰ ਕਰਕੇ ਆਪਣੇ ਯਤਨ ਆਰੰਭ ਦੇਣਗੇ ਕਿਉਂਕਿ ਪੰਜਾਬ ਦੀਆਂ ਵਿਧਾਨ ਸਭਾ ਚੋਣਾਂ ਵਿਚ ਬੜਾ ਥੋੜ੍ਹਾ ਸਮਾਂ ਰਹਿ ਗਿਆ ਹੈ।

ਸ਼ੰਕੇ ਸੱਚ ਵਿਚ ਰਿਹਾਈ ਤੋਂ ਤੁਰੰਤ ਬਾਅਦ ਤਬਦੀਲ ਹੋਣੇ ਯਕੀਨਨ ਹਨ ਕਿਉਂਕਿ ਸ. ਬਿਕਰਮ ਸਿੰਘ ਮਜੀਠੀਆ ਬਾਹਰ ਆਉਂਦਿਆਂ ਸਾਰ ਇਹ ਬਿਆਨ ਦੇਣਾ ਕਿ ਉਹ ਸਾਰੇ ਅਕਾਲੀ ਦਲਾਂ ਦਾ ਏਕਾ ਵੀ ਕਰਵਾਉਣਗੇ, ਇਸ ਸਬੰਧ ਵਿਚ ਉਹ ਸਾਰੇ ਅਕਾਲੀ ਦਲ ਦੇ ਮੁਖੀਆਂ ਨੂੰ ਨੰਗੇ ਪੈਰੀਂ ਮਿਲਣ ਜਾਣਗੇ ਤੇ ਏਕੇ ਦੀ ਬੇਨਤੀ ਕਰਨਗੇ। ਹਾਲੇ ਇਹ ਖਬਰ ਛਪੀ ਹੀ ਸੀ ਕਿ ਉਸੇ ਵੇਲੇ ਨਵੇਂ ਬਣੇ ਅਕਾਲੀ ਦਲ ਦੇ ਪ੍ਰਧਾਨ ਗਿਆਨੀ ਹਰਪ੍ਰੀਤ ਸਿੰਘ ਦਾ ਬਿਆਨ ਵੀ ਆ ਗਿਆ ਕਿ ਜਦੋਂ ਤੱਕ ਸ. ਸੁਖਬੀਰ ਸਿੰਘ ਬਾਦਲ ਪ੍ਰਧਾਨ ਹੈ, ਉਹ ਕਦੇ ਵੀ ਏਕਤਾ ਨਹੀਂ ਕਰਨਗੇ! ਦੂਸਰੇ ਅਕਾਲੀ ਦਲਾਂ ਦੇ ਏਕਤਾ ਦੀ ਗੱਲ ਤਾਂ ਹਾਲੇ ਦੂਰ ਦੀ ਹੈ। ਸ਼੍ਰੋਮਣੀ ਅਕਾਲੀ ਦਲ (ਸ੍ਰੀ ਅੰਮ੍ਰਿਤਸਰ) ਦੇ ਪ੍ਰਧਾਨ ਸ. ਸਿਮਰਨਜੀਤ ਸਿੰਘ ਮਾਨ ਏਕਤਾ ਬਾਰੇ ਕੀ ਕਹਿੰਦੇ ਹਨ। ਉਹ ਤਾਂ ਜਦੋਂ ਸ. ਬਿਕਰਮ ਸਿੰਘ ਮਜੀਠੀਆ ਉਨ੍ਹਾਂ ਨੂੰ ਮਿਲਣ ਜਾਣਗੇ, ਅੱਗੋਂ ਕੀ ਜੁਆਬ ਮਿਲਦਾ ਹੈ?

# ਅਮਰੀਕੀ ਟੈਰਿਫ਼ ਪ੍ਰਭਾਵ ਹੇਠ - ਦੇਸ਼ ਦਾ ਬੇਉਮੀਦਾ ਸੁਸਤ ਬਜਟ

ਗੁਰਮੀਤ ਸਿੰਘ ਪਲਾਹੀ
# ਮੋਬਾਈਲ : 98158-02070
ਪੰਜਾਬ ਮੇਲ USA



ਦੇਸ਼ ਦਾ ਆਮ ਬਜਟ 2026-27 ਠੰਢੀ ਵਿਕਾਸ ਦਰ, ਗ਼ਰੀਬੀ ਅਤੇ ਵਧਦੀ ਨਾ-ਬਰਾਬਰੀ, ਨਿਵੇਸ਼ ਵਿਚ ਠਹਿਰਾਅ, ਵਿਆਪਕ ਬੇਰੁਜ਼ਗਾਰੀ ਅਤੇ ਕਲਿਆਣਕਾਰੀ ਯੋਜਨਾਵਾਂ ਨੂੰ ਪਿੱਠ ਵਿਖਾਉਣ ਵਾਲਾ ਹੈ। ਰੁਪਏ ਦਾ ਭਾਅ ਡਾਲਰ ਮੁਕਾਬਲੇ ਘਟਣ, ਬੁਨਿਆਦੀ ਢਾਂਚੇ ਅਤੇ ਜ਼ਰੂਰੀ ਸੇਵਾਵਾਂ ਦੀ ਮੰਗ ਤੇ ਪੂਰਤੀ ਦੇ ਵਿਚਕਾਰ ਪੈ ਰਹੇ ਵੱਡੇ ਪਾੜੇ ਪ੍ਰਤੀ ਵੱਧ ਰਹੀ ਚਿੰਤਾ ਪ੍ਰਤੀ ਇਹ ਬਜਟ ਅਣਭਿੱਜ ਹੈ। ਸਰਕਾਰ ਨੇ ਉਪਰੋਕਤ ਵਿਸ਼ਿਆਂ ਪ੍ਰਤੀ ਵੱਧ ਰਹੀਆਂ ਚਿੰਤਾਵਾਂ ਬਾਰੇ ਆਪਣੀ ਨੀਤੀ ਬਜਟ ਵਿਚ ਬਿਲਕੁਲ ਵੀ ਸਪੱਸ਼ਟ ਨਹੀਂ ਕੀਤੀ।

ਸਾਲ 2025-26 ਦੇ ਬਜਟ ਵਿਚ ਪੇਂਡੂ ਤੇ ਸ਼ਹਿਰੀ ਵਿਕਾਸ, ਸਿੱਖਿਆ, ਸਿਹਤ ਅਤੇ ਕਈ ਹੋਰ ਮਹਿਕਮਿਆਂ ਦੇ ਬਜਟ ਵਿਚ ਕਟੌਤੀ ਕੀਤੀ ਗਈ ਹੈ, ਜਦਕਿ ਰੱਖਿਆ ਬਜਟ 15 ਫ਼ੀਸਦੀ ਵਧਾ ਦਿੱਤਾ ਗਿਆ ਹੈ। ਖੇਤੀ ਅਤੇ ਪੇਂਡੂ ਵਿਕਾਸ ਮਹਿਕਮੇ ਦੇ ਬਜਟ ਵਿਚ 60,052 ਕਰੋੜ ਦੀ ਕਟੌਤੀ ਕੀਤੀ ਗਈ ਹੈ।

ਵਿੱਤ ਮੰਤਰੀ ਨੇ ਲੋਕਾਂ ਲਈ ਯੋਜਨਾਵਾਂ, ਸੰਸਥਾਨਾਂ ਅਤੇ ਸੰਮਤੀਆਂ ਦੀ ਝੜੀ ਲਗਾ ਦਿੱਤੀ। ਇਸ ਕਿਸਮ ਦੀਆਂ ਲਗਭਗ 24 ਘੋਸ਼ਣਾਵਾਂ ਕੀਤੀਆਂ ਗਈਆਂ ਹਨ, ਪਰ ਇਨ੍ਹਾਂ ਘੋਸ਼ਣਾਵਾਂ ਲਈ ਕੋਈ ਵੱਖਰਾ ਬਜਟ ਨਹੀਂ ਰੱਖਿਆ ਗਿਆ। ਕਿਹਾ ਗਿਆ ਹੈ ਕਿ ਏ.ਆਈ. ਦੇ ਖੇਤਰ ਵਿਚ ਭਾਰਤ ਨੂੰ ਵਿਸ਼ਵ ਪੱਧਰ 'ਤੇ ਅੱਗੇ ਵਧਣਾ ਹੋਵੇਗਾ। ਇਸ ਵਾਸਤੇ ਸਰਕਾਰ ਵਿਦੇਸ਼ੀ ਕੰਪਨੀਆਂ ਨੂੰ ਕਲਾਊਡ ਸੇਵਾਵਾਂ ਦੇ ਅਧੀਨ ਸਹੂਲਤਾਂ ਦੇਵੇਗੀ। ਪਰ ਨਵੇਂ ਭਾਰਤੀ ਉਦਮੀ, ਜੋ ਦੇਸ਼ ਛੱਡ ਕੇ ਅਮਰੀਕਾ ਜਾ ਵਸੇ ਹਨ ਅਤੇ ਉੱਥੇ ਆਪਣੀਆਂ ਸੇਵਾਵਾਂ ਦੇ ਰਹੇ ਹਨ, ਉਨ੍ਹਾਂ ਬਾਰੇ ਚੁੱਪੀ ਸਾਧੀ ਗਈ ਹੈ।

ਕਿਸਾਨਾਂ ਦੀ ਆਮਦਨ ਦੋਗੁਣੀ ਕਰਨ ਦੇ ਦਾਅਵਿਆਂ ਦੇ ਵਿਚਕਾਰ ਕਿਸਾਨਾਂ ਪ੍ਰਤੀ ਬਜਟ ਆਖ਼ਰ ਚੁੱਪ ਕਿਉਂ ਹੈ ? ਸਿਰਫ਼ ਕਾਜੂ ਅਤੇ ਨਾਰੀਅਲ ਦੀ ਖੇਤੀ ਤੋਂ ਬਿਨਾਂ ਕਿਸਾਨਾਂ ਦੀ ਕੋਈ ਗੱਲ ਹੀ ਨਹੀਂ ਕੀਤੀ ਗਈ। ਬਜਟ ਵਿਚ ਕਿਸਾਨਾਂ ਦੀਆਂ ਫ਼ਸਲਾਂ ਦੇ ਘੱਟੋ-ਘੱਟ ਸਮਰਥਨ ਮੁੱਲ (ਐੱਮ.ਐੱਸ.ਪੀ.) ਬਾਰੇ ਇਕ ਅੱਖਰ ਵੀ ਕਿਤੇ ਨਹੀਂ ਮਿਲਦਾ।

ਢਾਂਚਾਗਤ ਵਿਕਾਸ ਵਿਚ ਸੱਤ ਰੇਲ ਗਲਿਆਰਿਆਂ ਤੋਂ ਬਿਨਾਂ ਕੋਈ ਵੱਡੀ ਘੋਸ਼ਣਾ ਦਿਖਾਈ ਨਹੀਂ ਦਿੰਦੀ। ਦੇਸ਼ ਦੇ ਅਰਥਸ਼ਾਸਤਰੀ ਡਾ. ਸੁਰਜੀਤ ਭੱਲਾ ਕਹਿੰਦੇ ਹਨ, "ਚੌਥੀ ਸਭ ਤੋਂ ਵੱਡੀ ਅਰਥਵਿਵਸਥਾ ਹੋਣ ਦੀ ਆਤਮ-ਪ੍ਰਸ਼ੰਸਾ ਬਜਟ ਵਿਚ ਬੇਉਮੀਦੀ ਹੈ।" ਡਾ. ਸ੍ਰੀਰੰਗਾ ਰਾਜਨ ਨੇ ਬਜਟ ਦੀ ਸੁਸਤੀ 'ਤੇ ਸਵਾਲ ਉਠਾਏ ਹਨ। ਡਾ. ਅਸ਼ੋਕ ਗੁਲਾਟੀ ਨੇ ਖੇਤੀ ਖੇਤਰ ਦੇ ਵੱਡੇ ਹਿੱਸੇ ਤੋਂ ਮੁੱਖ ਮੋੜਨ 'ਤੇ ਦੁੱਖ ਪ੍ਰਗਟ ਕੀਤਾ ਹੈ, ਜਦਕਿ ਪ੍ਰੋਫੈਸਰ ਰੋਹਿਤ ਲਾਂਬਾ ਨੇ ਬਜਟ ਨੂੰ ਇੱਕ ਐਸੀ ਅਰਥਵਿਵਸਥਾ ਵਾਲਾ ਬਜਟ ਦੱਸਿਆ ਹੈ, ਜੋ ਅਜੇ ਵੀ ਯੋਜਨਾ ਦੀ ਭਾਲ ਵਿਚ ਹੈ।

ਦੇਸ਼ ਦੇ ਆਰਥਿਕ ਸਰਵੇਖਣ ਸਬੰਧੀ ਕੁਝ ਤੱਥ ਸਮਝਣਯੋਗ ਹਨ, ਜੋ ਚੁਣੌਤੀਆਂ ਦੇ ਰੂਪ ਵਿਚ ਦੇਸ਼ ਨੂੰ ਦਰਪੇਸ਼ ਹਨ। ਪਹਿਲਾ ਇਹ ਕਿ ਵਿਦੇਸ਼ੀ ਨਿਵੇਸ਼ ਦਾ ਪ੍ਰਵਾਹ ਲਗਾਤਾਰ ਘੱਟ ਰਿਹਾ ਹੈ। ਵਿਦੇਸ਼ੀ ਨਿਵੇਸ਼ਕ ਆਪਣਾ ਨਿਵੇਸ਼ ਵਾਪਸ ਲੈ ਰਹੇ ਹਨ, ਜਿਸ ਦਾ ਸਿੱਟਾ ਇਹ ਹੈ ਕਿ ਜੀ.ਐੱਫ.ਸੀ.ਐੱਫ. ਜੀ.ਡੀ.ਪੀ. ਦੇ ਲਗਭਗ ਤਿੰਨ ਫ਼ੀਸਦੀ 'ਤੇ ਅਟਕਿਆ ਹੋਇਆ ਹੈ।

ਦੂਜਾ ਇਹ ਹੈ ਕਿ ਟਰੰਪ ਵੱਲੋਂ ਸ਼ੁਰੂ ਕੀਤਾ ਗਿਆ ਭਾਰਤੀ ਵਸਤੂਆਂ 'ਤੇ ਟੈਕਸ 50 ਫ਼ੀਸਦੀ ਤੋਂ ਘਟਾ ਕੇ 18 ਫ਼ੀਸਦੀ ਕਰਨ ਦੀ ਘੋਸ਼ਣਾ ਕੀਤੀ ਗਈ ਹੈ। ਪਰ ਇਵੇਂ ਲੱਗਦਾ ਹੈ ਕਿ ਇਹ ਕਟੌਤੀ ਭਾਰਤ ਵੱਲੋਂ ਅਮਰੀਕੀ ਵਸਤੂਆਂ 'ਤੇ ਜ਼ੀਰੋ ਟੈਕਸ ਕਰਨ, ਹੋਰ ਰੁਕਾਵਟਾਂ ਹਟਾਉਣ ਅਤੇ 500 ਅਰਬ ਡਾਲਰ ਦੀ ਅਮਰੀਕੀ ਵਸਤੂਆਂ ਦੀ ਖਰੀਦ ਵਰਗੀਆਂ ਸ਼ਰਤਾਂ 'ਤੇ ਨਿਰਭਰ ਹੈ, ਜਿਨ੍ਹਾਂ ਨੂੰ ਪੂਰਾ ਕਰਨਾ ਭਾਰਤ ਲਈ ਮੁਸ਼ਕਲ ਹੈ।

ਤੀਜਾ ਸੰਕੇਤਕ ਜੀ.ਡੀ.ਪੀ., ਜੋ 2023-24 ਅਤੇ 2024-25 ਵਿਚ 12 ਫ਼ੀਸਦੀ ਅਤੇ 9.8 ਫ਼ੀਸਦੀ ਸੀ, ਹੁਣ 2025-26 ਵਿਚ ਘੱਟ ਕੇ 8 ਫ਼ੀਸਦੀ ਰਹਿ ਗਈ ਹੈ, ਜੋ ਲਗਾਤਾਰ ਘਟਦੀ ਜਾ ਰਹੀ ਹੈ। ਚੌਥਾ, ਬੇਰੁਜ਼ਗਾਰੀ ਦੀ ਦਰ ਵੱਧ ਰਹੀ ਹੈ। ਜੂਨ 2024 ਵਿਚ ਨੌਜਵਾਨ ਬੇਰੁਜ਼ਗਾਰੀ ਦਰ 15 ਫ਼ੀਸਦੀ ਸੀ। ਲੱਖਾਂ ਨੌਜਵਾਨ ਬੇਰੁਜ਼ਗਾਰ ਹਨ। ਪਿਛਲੇ 10 ਸਾਲਾਂ ਵਿਚ ਨਿਰਮਾਣ ਖੇਤਰ ਦਾ ਯੋਗਦਾਨ ਜੀ.ਡੀ.ਪੀ. ਵਿਚ 15-16 ਫ਼ੀਸਦੀ ਹੀ ਰਿਹਾ ਹੈ। ਇਸ ਤਰ੍ਹਾਂ 'ਮੇਕ ਇਨ ਇੰਡੀਆ', ਜਿਸ ਦੀ ਗੱਲ ਬਜਟ ਵਿਚ ਕੀਤੀ ਗਈ ਹੈ, ਪਹਿਲਾਂ ਹੀ ਫੇਲ੍ਹ ਹੋ ਚੁੱਕੀ ਹੈ।

ਅਰਥਵਿਵਸਥਾ ਦੇ ਮੋਰਚੇ 'ਤੇ ਜਿਸ ਤਰ੍ਹਾਂ ਦੀਆਂ ਵਿਸ਼ਵ ਪੱਧਰੀ ਚੁਣੌਤੀਆਂ ਖੜ੍ਹੀਆਂ ਹੋ ਰਹੀਆਂ ਹਨ, ਉਨ੍ਹਾਂ ਨੂੰ ਧਿਆਨ ਵਿਚ ਰੱਖਦਿਆਂ ਇਹ ਬਜਟ ਪੇਸ਼ ਕਰਨ ਦੀ ਗੱਲ ਕੀਤੀ ਜਾ ਰਹੀ ਹੈ। ਸਰਕਾਰ ਦਾ ਮੰਨਣਾ ਹੈ ਕਿ ਦੇਸ਼ ਹੁਣ ਤੀਜੀ ਅਰਥਵਿਵਸਥਾ ਬਣਨ ਵੱਲ ਅੱਗੇ ਵੱਧ ਰਿਹਾ ਹੈ, ਇਸੇ ਲਈ 2026-27 ਦਾ ਬਜਟ ਭਵਿੱਖ ਨੂੰ ਧਿਆਨ ਵਿਚ ਰੱਖਦਿਆਂ ਬਣਾਇਆ ਗਿਆ ਹੈ। ਪਰ ਕਿਸੇ ਵੀ ਬਜਟ ਦੀ ਉਪਯੋਗਤਾ ਇਸ ਗੱਲ ਤੋਂ ਸਾਬਤ ਹੁੰਦੀ ਹੈ ਕਿ ਉਹ ਦੇਸ਼ ਦੀ ਆਰਥਿਕ ਮਜ਼ਬੂਤੀ ਵਿਚ ਕਿੰਨਾ ਸਹਾਇਕ ਸਾਬਤ ਹੋਇਆ ਹੈ ਅਤੇ ਉਸ ਦਾ ਅਸਰ ਆਮ ਲੋਕਾਂ ਦੇ ਜੀਵਨ 'ਤੇ ਕਿੰਨਾ ਪਿਆ ਹੈ।

ਬਜਟ ਵਿਚ ਨੌਜਵਾਨਾਂ ਨੂੰ ਰੁਜ਼ਗਾਰਤ ਅਤੇ ਸਵੈ-ਰੁਜ਼ਗਾਰਤ ਕਰਨ ਲਈ 1.35 ਲੱਖ ਕਰੋੜ ਰੁਪਏ ਰੱਖੇ ਗਏ ਹਨ। ਇਸ ਦੇ ਤਹਿਤ 50 ਨਵੇਂ ਆਈ.ਆਈ.ਟੀ. ਅਤੇ ਮੈਡੀਕਲ ਕਾਲਜ ਬਣਾਉਣ ਦੀ ਯੋਜਨਾ ਹੈ। ਸਕਿੱਲ ਇੰਡੀਆ ਲਈ ਪੰਜ ਕਰੋੜ ਨੌਜਵਾਨਾਂ ਨੂੰ ਸਕਾਲਰਸ਼ਿਪ ਦੇਣ ਦੀ ਗੱਲ ਵੀ ਕੀਤੀ ਗਈ ਹੈ। ਇਸ ਤਰ੍ਹਾਂ ਬਜਟ ਵਿਚ ਬੇਰੁਜ਼ਗਾਰੀ ਦੀ ਦਰ 8 ਫ਼ੀਸਦੀ ਤੱਕ ਲਿਆਉਣ ਦਾ ਟੀਚਾ ਮਿਥਿਆ ਗਿਆ ਹੈ।

ਪਰ ਸਾਰੇ ਨਿਵੇਸ਼ ਅਤੇ ਯੋਜਨਾਵਾਂ ਨੂੰ ਕਾਮਯਾਬੀ ਨਾਲ਼ ਲਾਗੂ ਕਰਨਾ ਤਦ ਹੀ ਸੰਭਵ ਹੋਵੇਗਾ, ਜੇਕਰ ਸ਼ਹਿਰਾਂ ਅਤੇ ਨਗਰਾਂ ਦੇ ਨਾਲ਼-ਨਾਲ਼ ਪੇਂਡੂ ਖੇਤਰ ਵਿਚ ਵੀ ਰੁਜ਼ਗਾਰ ਸਿਰਜਿਆ ਜਾਵੇ ਅਤੇ ਉਨ੍ਹਾਂ ਨੂੰ ਬਣਦੀ ਹਿੱਸੇਦਾਰੀ ਮਿਲੇ, ਜਿਸ ਤੋਂ ਆਮ ਤੌਰ 'ਤੇ ਪੇਂਡੂ ਖੇਤਰ ਵਿਰਵਾ ਰਹਿੰਦਾ ਹੈ।

ਦੇਸ਼ ਵਿਚ ਜਿਸ ਢੰਗ ਨਾਲ਼ ਅਮੀਰ ਅਤੇ ਗ਼ਰੀਬ ਆਬਾਦੀ ਵਿਚ ਪਾੜਾ ਵਧ ਰਿਹਾ ਹੈ, ਡਿਜ਼ੀਟਲ ਯੁੱਗ ਵਿਚ ਇਹ ਪਾੜਾ ਹੋਰ ਵੀ ਗੰਭੀਰ ਹੁੰਦਾ ਜਾ ਰਿਹਾ ਹੈ। ਇਸ ਸੰਬੰਧ ਵਿਚ ਬਜਟ ਵਿਚ ਗੰਭੀਰਤਾ ਨਾਲ਼ ਕੋਈ ਵੀ ਅਜਿਹੀ ਉਮੀਦ ਨਹੀਂ ਦਿੱਸਦੀ, ਜੋ ਇਹ ਪਾੜਾ ਘਟਾ ਸਕੇ। ਇੱਥੋਂ ਤੱਕ ਕਿ ਸਿਹਤ ਖੇਤਰ ਵਿਚ ਵੀ ਪੁੱਟੇ ਗਏ ਬਜਟੀ ਕਦਮ ਨਿੱਜੀ ਖੇਤਰ ਵਿਚ ਬਿਮਾਰੀਆਂ ਦੀ ਜਾਂਚ, ਜ਼ਰੂਰੀ ਦੇਖਭਾਲ ਅਤੇ ਇਲਾਜ ਵੱਲ ਮੋੜੇ ਗਏ ਹਨ, ਜੋ ਉੱਚ ਵਰਗ ਅਤੇ ਵੱਡੀ ਆਮਦਨ ਵਾਲੇ ਲੋਕਾਂ ਨੂੰ ਤਾਂ ਫ਼ਾਇਦਾ ਦੇ ਸਕਦੇ ਹਨ, ਪਰ ਆਮ ਲੋਕਾਂ ਦੇ ਪੱਲੇ ਕੁਝ ਵੀ ਨਹੀਂ ਪਾਉਂਦੇ।

ਕੈਂਸਰ ਦੀਆਂ 17 ਦਵਾਈਆਂ ਦੇ ਭਾਅ ਘੱਟ ਕਰਨ ਦੀ ਗੱਲ ਬਜਟ ਵਿਚ ਕੀਤੀ ਗਈ ਹੈ। ਪੰਜ ਖੇਤਰੀ ਮੈਡੀਕਲ ਹੱਬ ਬਣਾਉਣਾ ਵੀ ਇਸ ਵਿਚ ਸ਼ਾਮਲ ਹੈ, ਪਰ ਆਮ ਲੋਕਾਂ ਦੀ ਇਨ੍ਹਾਂ ਤੱਕ ਪਹੁੰਚ ਇੱਕ ਵੱਡਾ ਸਵਾਲ ਹੈ।

ਬਜਟ ਵਿਚ ਸੋਨੇ-ਚਾਂਦੀ ਦੇ ਭਾਅ ਵਧਣ ਬਾਰੇ ਚੁੱਪੀ ਨਿਰਾਸ਼ਾਜਨਕ ਹੈ। ਕਿਹਾ ਜਾ ਰਿਹਾ ਹੈ ਕਿ ਸੋਨੇ ਦੇ ਮੁੱਲ ਲਗਾਤਾਰ ਵੱਧਣ ਦਾ ਕਾਰਨ ਰਿਜ਼ਰਵ ਬੈਂਕ ਵੱਲੋਂ ਕੀਤੀ ਜਾ ਰਹੀ ਖਰੀਦਦਾਰੀ ਹੈ। ਸਰਕਾਰ ਅਨੁਸਾਰ ਇਹ ਖਰੀਦਦਾਰੀ ਇਸ ਲਈ ਜ਼ਰੂਰੀ ਹੈ, ਤਾਂ ਜੋ ਭਵਿੱਖ ਵਿਚ ਡਾਲਰ ਦੇ ਮੁੱਲ ਵਿਚ ਹੋ ਰਹੇ ਵਾਧੇ 'ਤੇ ਕਾਬੂ ਰੱਖਿਆ ਜਾ ਸਕੇ, ਪਰ ਇਹ ਗੱਲ ਆਮ ਜਨਤਾ ਦੀ ਸਮਝ ਤੋਂ ਬਾਹਰ ਹੈ।

ਸਰਕਾਰ ਇਸ ਬਜਟ ਨੂੰ 'ਨਿਰਮਲ ਧਾਰਾ' ਕਹਿੰਦੀ ਹੈ। ਅਸਲ ਵਿਚ ਇਹ ਬਜਟ ਅਮਰੀਕੀ ਟੈਕਸ ਦੇ ਤਨਾਅ ਵਿਚ ਪੇਸ਼ ਕੀਤਾ ਗਿਆ ਬਜਟ ਹੈ, ਜਿਸ ਵਿਚ ਕਲਿਆਣਕਾਰੀ ਅਤੇ ਲੋਕ-ਲੁਭਾਊ ਯੋਜਨਾਵਾਂ ਤੋਂ ਕਿਨਾਰਾ ਕੀਤਾ ਗਿਆ ਹੈ। ਨੌਕਰੀਪੇਸ਼ਾ ਅਤੇ ਮੱਧ ਵਰਗੀ ਲੋਕਾਂ ਲਈ ਇਹ ਨਿਰਾਸ਼ਾ ਭਰਿਆ ਬਜਟ ਹੈ। ਇਸ ਬਜਟ ਵਿਚ ਨਾ ਤਾਂ ਟੈਕਸਾਂ ਵਿਚ ਕੋਈ ਰਾਹਤ ਮਿਲੀ ਹੈ ਅਤੇ ਨਾ ਹੀ ਮਹਿੰਗਾਈ ਦੇ ਮੋਰਚੇ ਨੂੰ ਕਾਬੂ ਕਰਨ ਦਾ ਕੋਈ ਸੰਕੇਤ।

ਬਜਟ ਨੇ ਦੇਸ਼ ਦੀ ਮੌਜੂਦਾ ਆਰਥਿਕ ਸਥਿਤੀ, ਸਮੱਸਿਆਵਾਂ ਅਤੇ ਸੰਕਟਾਂ ਵੱਲੋਂ ਅੱਖਾਂ ਮੀਟ ਲਈਆਂ ਹਨ ਅਤੇ "ਭਵਿੱਖੀ ਭਾਰਤ" ਦੇ ਨਿਰਮਾਣ ਨੂੰ ਤਰਜੀਹ ਦਿੱਤੀ ਹੈ। ਭਾਰਤ ਦੇ ਪ੍ਰਧਾਨ ਮੰਤਰੀ ਇਸ ਬਜਟ ਨੂੰ "ਅਨੂਠਾ ਬਜਟ" ਮੰਨਦੇ ਹਨ। ਉਨ੍ਹਾਂ ਅਨੁਸਾਰ ਇਸ ਸਾਲ ਭਾਰਤ ਦੀ ਵਿਸ਼ਵ ਵਿਆਪੀ ਭੂਮਿਕਾ ਹੋਰ ਮਜ਼ਬੂਤ ਹੋਏਗੀ। ਪਰ ਵਿਰੋਧੀ ਧਿਰ ਦੇ ਆਗੂ ਰਾਹੁਲ ਗਾਂਧੀ ਨੇ ਇਸ ਬਜਟ ਨੂੰ "ਥੱਕੀ ਹੋਈ ਸਰਕਾਰ ਦਾ ਬਜਟ" ਕਿਹਾ ਹੈ।

ਅਸਲ ਵਿਚ ਆਮ ਜਨਤਾ ਲਈ ਇਹ ਸੁਸਤ ਬਜਟ ਬੇਉਮੀਦਾ ਸਾਬਤ ਹੋਇਆ ਹੈ, ਜੋ ਭਾਰਤੀ ਪੇਂਡੂ ਆਰਥਿਕਤਾ ਨੂੰ ਖੋਰਾ ਲਗਾਉਣ ਵਾਲਾ ਬਜਟ ਹੈ ਅਤੇ ਜੋ ਅਮਰੀਕੀ ਟੈਰਿਫ਼ ਪ੍ਰਭਾਵ ਹੇਠ ਬਣਾਇਆ ਗਿਆ ਹੈ। ਬਜਟ ਪੇਸ਼ ਕਰਨ ਵੇਲੇ ਅਮਰੀਕੀ ਟੈਰਿਫ਼ ਦਾ ਇੰਨਾ ਪ੍ਰਭਾਵ ਸੀ ਕਿ ਖੇਤੀ, ਇੰਡਸਟਰੀ, ਵਪਾਰ ਦੇ ਖੇਤਰ ਨੂੰ ਬਿਲਕੁਲ ਹੀ ਅਣਗੌਲਿਆਂ ਕਰ ਦਿੱਤਾ ਗਿਆ ਅਤੇ ਆਮ ਆਦਮੀ ਦੇ ਸਰੋਕਾਰਾਂ ਪ੍ਰਤੀ ਵੀ ਲਗਭਗ ਚੁੱਪੀ ਵੱਟ ਲਈ ਗਈ।

ਬਜਟ ਵਿਚ ਭਾਰਤੀ ਕਿਸਾਨਾਂ ਦੇ ਹਿੱਤ ਖਾਮੋਸ਼ ਹਨ। ਭਾਰਤ ਦੀ ਕਿਸਾਨੀ, ਜੋ ਪਹਿਲਾਂ ਹੀ ਆਰਥਿਕ ਸੰਕਟ ਦਾ ਸ਼ਿਕਾਰ ਹੈ, ਉਸ ਦੇ ਮੁਕਾਬਲੇ ਅਮਰੀਕੀ ਖੇਤੀ ਪੈਦਾਵਾਰ ਲਈ ਵੱਡੀਆਂ, ਸਸਤੀਆਂ ਸਬਸਿਡੀਆਂ ਵਾਲੀ ਖੇਤੀ ਲਈ ਰਾਹ ਖੋਲ੍ਹਣਾ ਅਤੇ ਜ਼ੀਰੋ ਟੈਕਸ 'ਤੇ ਖੇਤੀ ਉਤਪਾਦ ਭਾਰਤ ਵਿਚ ਲਿਆਉਣਾ ਮੰਦਭਾਗੀ ਗੱਲ ਹੈ। ਇਸ ਨਾਲ਼ ਸਿਰਫ਼ ਕਿਸਾਨ ਹੀ ਨਹੀਂ, ਸਗੋਂ ਆਮ ਵਿਅਕਤੀ ਦਾ ਰੁਜ਼ਗਾਰ ਅਤੇ ਜੀਵਨ-ਨਿਰਬਾਹ ਵੀ ਗੰਭੀਰ ਤੌਰ 'ਤੇ ਪ੍ਰਭਾਵਿਤ ਹੋਵੇਗਾ।



ਵਿੱਤ ਮੰਤਰੀ ਨੇ ਲੋਕਾਂ ਲਈ ਯੋਜਨਾਵਾਂ, ਸੰਸਥਾਨਾਂ ਅਤੇ ਸੰਮਤੀਆਂ ਦੀ ਝੜੀ ਲਗਾ ਦਿੱਤੀ। ਇਸ ਕਿਸਮ ਦੀਆਂ ਲਗਭਗ 24 ਘੋਸ਼ਣਾਵਾਂ ਕੀਤੀਆਂ ਗਈਆਂ ਹਨ, ਪਰ ਇਨ੍ਹਾਂ ਘੋਸ਼ਣਾਵਾਂ ਲਈ ਕੋਈ ਵੱਖਰਾ ਬਜਟ ਨਹੀਂ ਰੱਖਿਆ ਗਿਆ। ਕਿਹਾ ਗਿਆ ਹੈ ਕਿ ਏ.ਆਈ. ਦੇ ਖੇਤਰ ਵਿਚ ਭਾਰਤ ਨੂੰ ਵਿਸ਼ਵ ਪੱਧਰ 'ਤੇ ਅੱਗੇ ਵਧਣਾ ਹੋਵੇਗਾ। ਇਸ ਵਾਸਤੇ ਸਰਕਾਰ ਵਿਦੇਸ਼ੀ ਕੰਪਨੀਆਂ ਨੂੰ ਕਲਾਊਡ ਸੇਵਾਵਾਂ ਦੇ ਅਧੀਨ ਸਹੂਲਤਾਂ ਦੇਵੇਗੀ। ਪਰ ਨਵੇਂ ਭਾਰਤੀ ਉਦਮੀ, ਜੋ ਦੇਸ਼ ਛੱਡ ਕੇ ਅਮਰੀਕਾ ਜਾ ਵਸੇ ਹਨ ਅਤੇ ਉੱਥੇ ਆਪਣੀਆਂ ਸੇਵਾਵਾਂ ਦੇ ਰਹੇ ਹਨ, ਉਨ੍ਹਾਂ ਬਾਰੇ ਚੁੱਪੀ ਸਾਧੀ ਗਈ ਹੈ।

ਪ੍ਰਮਿੰਦਰ ਸਿੰਘ
'ਪ੍ਰਵਾਨਾ'
ਕੈਲੀਫੋਰਨੀਆ
510-415-9377
ਪੰਜਾਬ ਮੇਲ USA



# ਸ੍ਰੀ ਹਰਿਮੰਦਰ ਸਾਹਿਬ, ਅੰਮ੍ਰਿਤਸਰ





ਗੁਰੂ ਨਾਨਕ ਦੇਵ ਸਾਹਿਬ ਜੀ ਨੂੰ ਪ੍ਰਚੱਲਿਤ ਧਰਮਾਂ ਦੇ ਗਿਆਨ ਤੋਂ ਅਨੁਭਵ ਕੀਤਾ ਕਿ ਸੰਸਾਰ ਨੂੰ ਇੱਕ ਅਜਿਹੇ ਧਰਮ ਦੀ ਲੋੜ ਹੈ, ਜੋ ਸਾਰੀ ਮਾਨਵਤਾ ਦਾ ਉਧਾਰ ਕਰ ਸਕੇ। ਇਸ ਨੂੰ ਅਮਲੀ ਰੂਪ ਦੇਣ ਲਈ ਸੰਸਾਰ ਵਿਚ ਅਜਿਹਾ ਧਰਮ-ਮੰਦਰ ਤੇ ਧਾਰਮਿਕ ਕੇਂਦਰ ਸਥਾਪਤ ਹੋਣਾ ਚਾਹੀਦਾ ਹੈ, ਜਿੱਥੇ ਅੱਠੇ-ਪਹਿਰ ਪ੍ਰਮਾਤਮਾ ਦੀ ਸਿਫ਼ਤ ਸਲਾਹ ਹੁੰਦੀ ਰਹੇ। ਜਿੱਥੇ ਰੱਬੀ-ਬਾਣੀ ਦਾ ਮਨੋਹਰ ਕੀਰਤਨ ਦਾ ਪ੍ਰਵਾਹ ਤਪਦੇ ਮਨਾਂ ਨੂੰ ਸ਼ਾਂਤੀ ਪ੍ਰਦਾਨ ਕਰਦਾ ਰਹੇ। ਜੋ ਸੰਸਾਰ ਵਿਚ ਅਮਨ-ਸ਼ਾਂਤੀ ਦਾ ਸੰਦੇਸ਼ ਦੇਵੇ।

ਗੁਰੂ ਨਾਨਕ ਦੇਵ ਸਾਹਿਬ ਜੀ ਨੇ ਆਪਣੇ ਜੀਵਨ ਦੇ ਆਖ਼ਰੀ ਪੜਾਅ ਇਸ ਸੰਦੇਸ਼ ਦਾ ਪ੍ਰਚਾਰ ਕਰਤਾਪੁਰ ਵਿਖੇ ਰਹਿ ਕੇ ਕੀਤਾ। ਗੁਰੂ ਅਮਰਦਾਸ ਸਾਹਿਬ ਜੀ ਨੇ ਗੋਇੰਦਵਾਲ ਰਹਿ ਕੇ ਬਾਉਲੀ ਸਾਹਿਬ ਦਾ ਨਿਰਮਾਣ ਕੀਤਾ, ਜੋ ਸਿੱਖ-ਧਰਮ ਦਾ ਮੁੱਖ ਕੇਂਦਰ ਬਣਿਆ। ਫਿਰ ਗੁਰਾਂ ਨੇ ਪਵਿੱਤਰ ਸਰੋਵਰ ਅੰਮ੍ਰਿਤਸਰ ਜਾਂ ਅੰਮ੍ਰਿਤ ਸਰੋਵਰ ਖੁਦਵਾਉਣ ਦੀ ਯੋਜਨਾ ਬਣਾਈ। ਇਸ ਨੂੰ ਗੁਰੂ ਰਾਮਦਾਸ ਸਾਹਿਬ ਜੀ ਨੇ ਬਾਬਾ ਬੁੱਢਾ ਜੀ ਦੀ ਨਿਗਰਾਨੀ ਹੇਠ ਖੁਦਵਾਇਆ। ਗੁਰੂ ਰਾਮਦਾਸ ਸਾਹਿਬ ਜੀ ਨੇ ਸੰਨ 1577 ਵਿਚ ਪਿੰਡ ਤੁੰਗ ਦੇ ਜ਼ਿਮੀਂਦਾਰਾਂ ਤੋਂ ਜ਼ਮੀਨ ਦਾ ਪਟਾ ਲਿਆ ਸੀ। ਇੱਥੇ ਇੱਕ ਨਗਰ ਵਸਾਉਣ ਦੀ ਯੋਜਨਾ ਵਿਚਾਰ ਅਧੀਨ ਸੀ। ਗੁਰੂ ਅਰਜਨ ਦੇਵ ਸਾਹਿਬ ਜੀ ਨੇ ਵਿਉਂਤਬੰਦੀ ਕਰਕੇ ਗੁਰੂ ਰਾਮਦਾਸ ਸਾਹਿਬ ਜੀ ਵੱਲੋਂ 1577 ਈ. ਵਿਚ ਬਣਾਏ ਗਏ ਸਰੋਵਰ 'ਤੇ ਨਗਰ ਉਸਾਰਿਆ। ਇਸ ਦੀ ਨੀਂਹ 28 ਦਸੰਬਰ, 1588 ਈ. ਨੂੰ ਸੂਫ਼ੀ ਸੰਤ ਮੀਆਂ ਮੀਰ ਜੀ ਹੱਥੋਂ ਰਖਵਾਈ, ਜੋ ਸਾਂਝੀਵਾਲਤਾ ਦਾ ਸੰਦੇਸ਼ ਹੈ। ਇਸ ਸਮੇਂ ਇਕ ਵੱਡਾ ਧਾਰਮਿਕ ਇਕੱਠ ਹੋਇਆ। ਬਾਬਾ ਬੁੱਢਾ ਜੀ ਨੇ ਅਰਦਾਸ ਕੀਤੀ ਤੇ ਕੜਾਹ ਪ੍ਰਸ਼ਾਦ ਦੀ ਦੇਗ ਵਰਤਾਈ ਗਈ।

ਗੁਰੂ ਅਰਜਨ ਦੇਵ ਸਾਹਿਬ ਜੀ ਨੇ ਜ਼ਮੀਨੀ ਹੇਠਲੇ ਪੱਧਰ 'ਤੇ ਉਸਾਰਿਆ। ਇਸ ਦੇ ਚਾਰ ਦਰਵਾਜ਼ੇ ਰੱਖੇ ਗਏ ਕਿ ਇਸ ਰੱਬੀ ਘਰ ਵਿਚ ਚੌਹਾਂ ਵਰਗਾਂ ਅਤੇ ਚੌਹਾਂ ਦਿਸ਼ਾਵਾਂ ਤੋਂ ਸ਼ਰਧਾਲੂ ਦਰਸ਼ਨ ਕਰਨ ਆ ਸਕਦੇ ਹਨ। ਦੇਸਾਂ-ਪ੍ਰਦੇਸਾਂ ਤੋਂ ਸ਼ਰਧਾਲੂ ਇਸ ਪਵਿੱਤਰ ਅਸਥਾਨ ਦੇ ਦਰਸ਼ਨ ਕਰਨ ਆਉਂਦੇ ਹਨ। ਉਸਾਰੀ ਦਾ ਕੰਮ 1604 ਈ. ਵਿਚ ਮੁਕੰਮਲ ਹੋਇਆ। ਗੁਰੂ ਅਰਜਨ ਦੇਵ ਸਾਹਿਬ ਜੀ ਨੇ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ 1 ਸਤੰਬਰ, 1604 ਨੂੰ ਹਰਿਮੰਦਰ ਸਾਹਿਬ ਵਿਖੇ ਕੀਤਾ। ਬਾਬਾ ਬੁੱਢਾ ਜੀ ਨੂੰ ਪਹਿਲੇ ਗ੍ਰੰਥੀ ਹੋਣ ਦਾ ਸੁਭਾਗ ਪ੍ਰਾਪਤ ਹੋਇਆ। ਇਸ ਦੀ ਕਲਾਕ੍ਰਿਤੀ ਦੀ ਬਣਤਰ ਅਤੇ ਉਸਾਰੀ ਦਾ ਹੁਨਰ ਅਦੁੱਤੀ ਹੈ, ਜੋ ਵਿਸ਼ਵ ਪੱਧਰੀ ਮਿਸਾਲ ਹੈ। ਇਹ ਇੱਕ ਵਿਲੱਖਣ ਧਾਰਮਿਕ ਕੇਂਦਰ ਹੈ। ਜਿਸ ਕਿਸੇ ਨੇ ਵੀ ਇਸ ਪਵਿੱਤਰ ਧਾਰਮਿਕ ਅਸਥਾਨ ਦੇ ਦਰਸ਼ਨ ਕੀਤੇ ਹਨ, ਕਹਿ ਉੱਠਿਆ ਹੈ - ਹੇ ਨਾਨਕ! ਆਖ ਹੇ ਰਾਮ ਦੇ ਦਾਸਾਂ ਦੇ ਸਰੋਵਰ! ਤੇਰੇ ਵਿਚ ਆਤਮਿਕ ਇਸ਼ਨਾਨ ਕੀਤਿਆਂ ਮਨੁੱਖ ਦੇ ਮਨ ਦੇ ਸਾਰੇ ਪਾਪ ਦੂਰ ਹੋ ਜਾਂਦੇ ਹਨ। ਹੇ ਰਾਮ ਦੇ ਦਾਸਾਂ ਦੇ ਸ਼ਹਿਰ! ਹੇ ਸਤਸੰਗ! ਤੇਰੇ ਅੰਦਰ ਉੱਚੇ ਆਤਮਿਕ ਗੁਣਾਂ ਦੀ ਵਸੋਂ ਬਹੁਤ ਸੰਘਣੀ ਹੈ। ਤੂੰ ਬੇਅੰਤ! ਹੇ ਰਾਮਦਾਸਾਂ ਦੇ ਸ਼ਹਿਰ! ਮੈਂ ਹੋਰ ਸਾਰੇ ਥਾਂ ਵੇਖ ਲਏ ਹਨ। ਪਰ ਤੇਰੇ ਬਰਾਬਰ ਦਾ ਮੈਨੂੰ ਕੋਈ ਨਹੀਂ ਦਿਸਿਆ। ਹੇ ਰਾਮ ਦੇ ਦਾਸਾਂ ਦੀ ਸ਼ਹਿਰ! ਹੇ ਸਤਸੰਗ! ਤੇਰੀ ਨੀਂਹ ਅਕਾਲ ਪੁਰਖ ਸਿਰਜਣਹਾਰ ਨੇ ਆਪ ਰੱਖੀ ਹੈ। ਇਸ ਵਾਸਤੇ ਤੂੰ ਉਸ ਦੇ ਆਤਮਿਕ ਗੁਣਾਂ ਦੀ ਬਰਕਤ ਨਾਲ ਸੋਹਣਾ ਦਿੱਸਦਾ ਰਿਹਾ ਹੈ। (ਅੰਗ-1362)

ਅੰਮ੍ਰਿਤਸਰ ਦਾ ਪਹਿਲਾ ਨਾਉਂ 'ਚੱਕ ਗੁਰੂ ਰਾਮਦਾਸ' ਅਤੇ ਸਰੋਵਰ ਦਾ ਨਾਉਂ 'ਅਮਰਸਰ' ਸੀ, ਜਿਸ ਨੂੰ ਗੁਰੂ ਅਰਜਨ ਦੇਵ ਸਾਹਿਬ ਜੀ ਨੇ ਅੰਮ੍ਰਿਤਸਰ ਰੱਖਿਆ। ਇੱਥੇ ਪਹਿਲਾਂ ਇੱਕ ਜਲ ਦੀ ਢਾਬ ਅਤੇ ਵਿਰਲਾ ਜੰਗਲ ਸੀ। ਇਸ ਰਮਣੀਕ ਅਸਥਾਨ ਨੂੰ ਵੇਖ ਕੇ ਗੁਰੂ ਨਾਨਕ ਦੇਵ ਜੀ ਨੇ ਰੱਬੀ ਬਾਣੀ ਦਾ ਮਨੋਹਰ ਕੀਰਤਨ ਕੀਤਾ। ਹੁਣ ਇਹ ਇੱਕ ਅਜਿਹਾ ਧਾਰਮਿਕ ਅਸਥਾਨ ਹੈ, ਜਿੱਥੇ ਅੱਠੇ-ਪਹਿਰ ਮਨੋਹਰ ਗੁਰਬਾਣੀ ਕੀਰਤਨ ਦਾ ਪ੍ਰਵਾਹ ਚਲਦਾ ਹੈ। ਸਮੇਂ ਦੀਆਂ ਜ਼ਾਲਮ ਹਕੂਮਤਾਂ ਨੇ ਸਿੱਖੀ ਦੀ ਵਧਦੀ ਹਰਮਨਪਿਆਰਤਾ ਨੂੰ ਢਾਹ ਲਾਉਣ ਦੀ ਹਮੇਸ਼ਾ ਤਾਂਘ ਰੱਖੀ। ਸਿੱਖੀ ਦੀ ਹਸਤੀ ਮਿਟਾਉਣ ਦੇ ਯਤਨਾਂ ਵਿਚ ਕਿ ਸਿੱਖਾਂ ਨੂੰ ਪ੍ਰੇਰਨਾ ਆਪਣੇ ਧਾਰਮਿਕ ਕੇਂਦਰ ਹਰਿਮੰਦਰ ਸਾਹਿਬ ਜੀ ਤੋਂ ਮਿਲਦੀ ਹੈ। ਮੁਗਲਾਂ ਨੇ ਭੈਅਭੀਤ ਹੋ ਕੇ 1733 ਵਿਚ ਵਕਤੀ ਨਵਾਬੀ ਸਰਦਾਰ ਕਪੂਰ ਸਿੰਘ ਨੂੰ ਸੌਂਪੀ, ਜੋ ਦੋ ਸਾਲਾ ਬਾਅਦ 1735 ਵਿਚ ਵਾਪਸ ਲੈ ਲਈ। ਸਿੰਘਾਂ ਨੂੰ ਫੇਰ ਲੁੱਕਵੀਆਂ ਥਾਵਾਂ, ਜੰਗਲਾਂ ਵਿਚ ਸ਼ਰਨ ਲੈਣੀ ਪਈ। ਭਾਈ ਮਨੀ ਸਿੰਘ ਨੂੰ 1734 ਵਿੱਚ ਬੰਦ-ਬੰਦ ਕੱਟ ਕੇ ਸ਼ਹੀਦ ਕਰ ਦਿੱਤਾ। ਮੱਸੇ ਰੰਗੜ ਨੂੰ ਅੰਮ੍ਰਿਤਸਰ ਦਾ ਕਬਜ਼ਾ ਦੇ ਦਿੱਤਾ। ਉਸ ਨੇ ਹਰਿਮੰਦਰ ਸਾਹਿਬ ਜੀ ਦੀ ਪਵਿੱਤਰਤਾ ਨੂੰ ਭੰਗ ਕਰਦਿਆਂ ਇੱਕ ਨਾਚ ਕੇਂਦਰ ਬਣਾ ਲਿਆ। ਉਸ ਨੇ ਆਪਣੀ ਐਸ਼ਗਾਹ ਬਣਾ ਲਿਆ। ਅਗਸਤ 11, 1740 ਨੂੰ ਮੀਰਾਂਕੋਟ ਦੇ ਭਾਈ ਮਹਿਤਾਬ ਸਿੰਘ ਤੇ ਮਾੜੀ ਕੰਬੋਕੀ ਦੇ ਭਾਈ ਸੁੱਖਾ ਸਿੰਘ ਨੇ ਮੱਸਾ ਰੰਗੜ ਦਾ ਸਿਰ ਲਾਹ ਦਿੱਤਾ। ਜਦੋਂ ਅੰਮ੍ਰਿਤਸਰ ਦਾ ਇਲਾਕਾ ਭੰਗੀ ਮਿਸਲ ਦੇ ਸਰਦਾਰ ਹਰੀ ਸਿੰਘ ਕੋਲ ਸੀ, ਤਾਂ 1762 ਦੇ ਛੇਵੇਂ ਅਫ਼ਗਾਨ ਹਮਲੇ ਵੇਲੇ ਅਹਿਮਦ ਸ਼ਾਹ ਦੁਰਾਨੀ ਨੇ ਹਰਿਮੰਦਰ ਸਾਹਿਬ ਨੂੰ ਬਰੂਦ ਨਾਲ ਉਡਾ ਦਿੱਤਾ ਸੀ। ਦਸੰਬਰ 1764 ਨੂੰ ਸੱਤਵੇਂ ਹਮਲੇ ਦਾ ਟਾਕਰਾ ਕਰਦਿਆਂ ਸਰਦਾਰ ਗੁਰਬਖਸ਼ ਸਿੰਘ ਤੇ 30 ਸਿੰਘ ਸ਼ਹੀਦ ਹੋਏ। ਸਿੰਘਾਂ ਨੇ ਹਿੰਮਤ ਨਾਲ ਮਾਇਆ ਇਕੱਠੀ ਕਰਕੇ ਫਿਰ ਉਸਾਰ ਲਿਆ।

ਗੁਰੂ ਰਾਮਦਾਸ ਸਾਹਿਬ ਜੀ ਨੇ ਆਪਣੇ 6 ਸਾਲ ਦੇ ਗੁਰੂ-ਕਾਲ ਵਿਚ ਇਸ ਪਵਿੱਤਰ ਅਸਥਾਨ ਵਿਕਸਿਤ ਕੀਤਾ। ਗੁਰੂ ਹਰਗੋਬਿੰਦ ਸਾਹਿਬ ਜੀ ਨੇ ਅਕਾਲ ਤਖ਼ਤ ਸਾਹਿਬ ਅਤੇ ਲੋਹਗੜ੍ਹ ਕਿਲ੍ਹੇ ਦੀ ਸਥਾਪਨਾ ਕਰਕੇ ਇਸ ਨੂੰ ਹੋਰ ਵਿਸ਼ਾਲ ਅਤੇ ਖੁਦਮੁਖਤਾਰ ਬਣਾ ਦਿੱਤਾ। ਗੁਰੂ ਰਾਮਦਾਸ ਸਾਹਿਬ ਜੀ ਨੇ ਅੰਮ੍ਰਿਤਸਰ ਨੂੰ ਆਬਾਦ ਕਰਨ ਲਈ ਦੂਰ-ਦੂਰ ਤੋਂ ਵੱਖ-ਵੱਖ ਧੰਦਿਆਂ ਦੇ ਕਾਰੀਗਰਾਂ ਨੂੰ ਵਸਾਇਆ, ਜਿਸ ਨਾਲ ਇੱਕ ਅਜਿਹਾ ਵੱਡਾ ਵਪਾਰਕ ਕੇਂਦਰ ਬਣ ਗਿਆ ਹੈ ਕਿ ਸੰਸਾਰ ਵਿਚ ਇਸ ਦੀ ਪ੍ਰਸਿੱਧੀ ਹੋਈ। ਇੱਥੇ 52 ਕਿਸਮ ਦੇ ਧੰਦਿਆਂ ਦੇ ਕਾਰੀਗਰ ਆਣ ਵਸੇ। ਦਰਸ਼ਕਾਂ ਦਾ ਇਸ ਪਵਿੱਤਰ ਅਸਥਾਨ 'ਤੇ ਆਉਣਾ-ਜਾਣਾ ਵਧ ਗਿਆ। ਜਿਸ ਨਾਲ ਵਪਾਰ ਵਿਚ ਵਾਧਾ ਹੋਇਆ, ਆਰਥਿਕਤਾ ਮਜ਼ਬੂਤ ਹੋਈ। ਸਿੰਘ ਆਤਮ ਨਿਰਭਰ ਹੋ ਕੇ ਸੁਰਖ਼ਰੂ ਹੋਏ। ਗੁਰੂ ਰਾਮਦਾਸ ਸਾਹਿਬ ਜੀ ਗੁਰੂ ਅਰਜਨ ਦੇਵ ਸਾਹਿਬ ਜੀ ਨੂੰ ਨਗਰ ਦੀ ਸੇਵਾ ਸੌਂਪ ਕੇ 1 ਸਤੰਬਰ, 1581 ਨੂੰ ਗੋਇੰਦਵਾਲ ਵਿਖੇ ਜੋਤੀ-ਜੋਤ ਸਮਾ ਗਏ ।

ਇਸ ਪਵਿੱਤਰ ਧਾਰਮਿਕ ਕੇਂਦਰ ਨੂੰ ਸਥਾਪਤ ਕਰਨ ਸਮੇਂ ਗੁਰੂ ਸਾਹਿਬਾਨ ਨੇ ਭੂਗੋਲਿਕ ਤੌਰ 'ਤੇ ਪੰਜਾਬ ਦਾ ਕੇਂਦਰੀ ਇਲਾਕਾ ਚੁਣਿਆ, ਜੋ ਹੁਣ ਜਰਨੈਲੀ ਸੜਕ 'ਤੇ ਹੈ। ਪਹਿਲੇ ਸਮਿਆਂ ਵਿਚ ਕੱਚੀ ਸੜਕ ਤਰਨਤਾਰਨ ਤੋਂ ਗੋਂਦਵਾਲ ਹੋ ਕੇ ਲੰਘਦੀ ਸੀ। ਇਸ ਰਸਤੇ ਤੋਂ ਵਿਦੇਸ਼ੀ ਹਮਲਾਵਰ ਭਾਰਤ ਦੀ ਰਾਜਧਾਨੀ ਦਿੱਲੀ 'ਤੇ ਧਾਵਾ ਬੋਲਦੇ ਸਨ। ਗੁਰੂ ਸਾਹਿਬਾਨ ਨੇ ਰੱਖਿਆ ਲਈ ਇਸ ਮਾਰਗ 'ਤੇ ਵਿਦੇਸ਼ੀ ਹਮਲਾਵਰਾਂ ਦਾ ਟਾਕਰਾ ਕਰਨ ਲਈ ਇੱਥੇ ਨਗਰ ਵਸਾਉਣ ਦੀ ਲੋੜ ਸਮਝੀ ਸੀ। ਧਾਰਮਿਕ ਸੁਤੰਤਰਤਾ ਕਾਇਮ ਰੱਖਣ ਲਈ ਤਰਨਤਾਰਨ, ਖਡੂਰ ਸਾਹਿਬ, ਗੋਂਦਵਾਲ ਅਤੇ ਕਰਤਾਰਪੁਰ ਨਗਰ ਵਸਾਏ। ਇੱਥੋਂ ਹੀ ਸਿੰਘਾਂ ਨੇ ਸਿਕੰਦਰ ਲੋਧੀ ਅਤੇ ਅਹਿਮਦ ਸ਼ਾਹ ਅਬਦਾਲੀ ਦੀਆਂ ਫ਼ੌਜਾਂ ਦਾ ਟਾਕਰਾ ਕਰਕੇ ਬਹਾਦਰੀ ਦਾ ਸਬੂਤ ਦਿੱਤਾ। ਭਗਤੀ ਅਤੇ ਰੂਹਾਨੀ ਸ਼ਕਤੀ ਨੇ ਸਿੰਘਾਂ ਵਿਚੋਂ ਮੌਤ ਦਾ ਡਰ ਹੀ ਉਡਾ ਦਿੱਤਾ। ਸਰਦਾਰ ਹਰੀ ਸਿੰਘ ਨਲੂਆ, ਅਕਾਲੀ ਫੂਲਾ ਸਿੰਘ, ਸ਼ੇਰੇ-ਪੰਜਾਬ ਮਹਾਰਾਜਾ ਰਣਜੀਤ ਸਿੰਘ, ਸ਼ਹੀਦ ਬਾਬਾ ਦੀਪ ਸਿੰਘ ਜੀ ਆਦਿ ਦੀਆਂ ਬਹਾਦਰੀਆਂ ਨੇ ਜ਼ੁਲਮ ਦੇ ਮੂੰਹ ਮੋੜ ਦਿੱਤੇ। ਇਸ ਰੂਹਾਨੀ ਸ਼ਕਤੀ ਅਤੇ ਬਹਾਦਰੀ ਦੀ ਪ੍ਰੇਰਨਾ ਗੁਰਬਾਣੀ ਪ੍ਰਵਾਹ ਅਤੇ ਹਰਿਮੰਦਰ ਸਾਹਿਬ ਅੰਮ੍ਰਿਤਸਰ ਤੋਂ ਮਿਲੀ ਹੈ। ਹਮੇਸ਼ਾ ਧਰਮ-ਯੁੱਧ ਵਿਚ ਭੁਝੰਗੀ, ਸਿੰਘ, ਸਿੰਘਣੀਆਂ ਨੇ ਅੱਗੇ ਹੋ ਕੇ ਕੁਰਬਾਨੀਆਂ ਦਿੱਤੀਆਂ ਹਨ ਅਤੇ ਗਾਉਂਦੇ ਰਹੇ- "ਸਿਰ ਜਾਏ ਤਾਂ ਜਾਏ, ਮੇਰਾ ਸਿੱਖੀ ਸਿਦਕ ਨਾ ਜਾਏ।"

ਅਫ਼ਗਾਨੀ, ਮੁਗਲਾਂ ਅਤੇ ਅੰਗਰੇਜ਼ਾਂ ਨੇ ਸਮੇਂ-ਸਮੇਂ ਅੰਮ੍ਰਿਤਸਰ ਨੂੰ ਮਿਟਾਉਣ ਦੇ ਕਈ ਹਮਲੇ ਕੀਤੇ। ਇਸ ਦੀ ਦਿੱਖ ਮਿਟਾਉਣ ਦੀ ਕੋਸ਼ਿਸ਼ ਹੁੰਦੀ ਰਹੀ। ਹਰ ਵਾਰ ਅੰਮ੍ਰਿਤਸਰ ਦੀ ਮਰਿਯਾਦਾ ਨੂੰ ਬਹਾਲ ਕਰਨ ਲਈ ਕੌਮ ਨੇ ਸ਼ਹੀਦੀਆਂ ਦਿੱਤੀਆਂ। ਕਈ ਘੱਲੂਘਾਰਿਆਂ ਵਿਚ ਅਣਮਨੁੱਖੀ ਤਸ਼ੱਦਦ ਝੱਲਣੇ ਪਏ। ਸਿੰਘਾਂ ਨੇ ਹਮੇਸ਼ਾ ਜ਼ੁਲਮ ਦਾ ਡੱਟ ਕੇ ਮੁਕਾਬਲਾ ਕੀਤਾ। ਅਸਾਵੀਆਂ ਜੰਗਾਂ ਵਿਚ ਵੀ ਜਿੱਤਾਂ ਪ੍ਰਾਪਤ ਕੀਤੀਆਂ। ਅੰਤ 1925 'ਚ ਗੁਰਦੁਆਰਾ ਕਾਨੂੰਨ ਬਣਨ 'ਤੇ ਗੁਰਦੁਆਰਿਆਂ ਨੂੰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਸੌਂਪ ਦਿੱਤਾ ਗਿਆ। ਜੂਨ 1984 ਵਿਚ ਭਾਰਤੀ ਫ਼ੌਜਾਂ ਨੇ 'ਨੀਲਾ ਤਾਰਾ' ਸਾਕਾ ਹੇਠ ਇਸ 'ਤੇ ਹਮਲਾ ਕੀਤਾ। ਇਸ ਦੀ ਦਿੱਖ ਨੂੰ ਭਾਰਤੀ ਫੌਜ ਨੇ ਨੁਕਸਾਨ ਪਹੁੰਚਾਇਆ। ਹਜ਼ਾਰਾਂ ਸ਼ਰਧਾਲੂ ਸ਼ਹੀਦ ਹੋਏ। ਸਿੱਖ-ਸਾਹਿਤ ਇਤਿਹਾਸ ਦਾ ਵੱਡਮੁੱਲਾ ਖ਼ਜ਼ਾਨਾ ਖ਼ੁਰਦ-ਬੁਰਦ ਹੋਇਆ। ਵੈਰੀਆਂ ਦੀਆਂ ਹਮੇਸ਼ਾ ਲੱਖਾਂ ਕੋਝੀਆਂ ਹਰਕਤਾਂ ਅਤੇ ਫਰੇਬੀ ਚਾਲਾਂ ਨੇ ਸਿੰਘਾਂ ਨਾਲ ਟੱਕਰ ਲਈ, ਪਰ ਸਿੱਖੀ ਦੇ ਗੁਰਧਾਮ ਵੱਸਦੇ ਰਹੇ।

ਝੁਲਤੇ ਨਿਸ਼ਾਨ ਰਹੇ, ਗੁਰੂ ਮਹਾਰਾਜ ਕੇ॥

ਨਿੱਤ ਮੁਹਿੰਮਾਂ ਨੂੰ ਝੱਲਦੇ ਸਿੱਖ ਆਪਣੇ ਧਰਮ ਦੇ ਨਿਸ਼ਠਾ ਦਾ ਸਦਾ ਚੜ੍ਹਦੀ ਕਲਾ ਵਿਚ ਰਹੇ ਦੇਸ਼ਾਂ-ਵਿਦੇਸ਼ਾਂ ਵਿਚ ਗੁਰਦੁਆਰਾ ਸਥਾਪਤ ਕਰਕੇ ਸਿੱਖ ਧਰਮ ਦੀ ਉਨਤੀ ਵਿਚ ਯੋਗਦਾਨ ਪਾ ਰਹੇ ਹਨ। ਸਿੱਖਾਂ ਨੂੰ ਸੰਸਾਰ ਦੇ ਪ੍ਰਮੁੱਖ ਧਰਮਾਂ ਵਿਚ ਆਪਣੀ ਪਛਾਣ ਬਣਾ ਲਈ ਹੈ। ਗੁਰਦੁਆਰਾ ਗਿਆਨ ਦਾ ਕੇਂਦਰ ਹੈ। ਧਰਮ ਅਤੇ ਸਮਾਜ ਦੀ ਉਸਾਰੀ ਦਾ ਕੇਂਦਰ ਹੈ। ਗੁਰਬਾਣੀ ਦਾ ਚਾਨਣ ਸਾਨੂੰ ਸਾਦਾ ਜੀਵਨ ਸ਼ੈਲੀ ਦੀ ਜਾਚ ਸਿਖਾਉਂਦਾ ਹੈ। ਗੁਰਦੁਆਰਾ ਅਤੇ ਗੁਰਬਾਣੀ ਨਾਲ ਜੁੜ ਕੇ ਜੀਵਨ ਸੋਝੀ ਮਿਲਦੀ ਹੈ।

# ਵਿਕਸਿਤ ਭਾਰਤ ਦਾ ਸੁਪਨਾ ਪੂਰਾ ਕਰਨ ਲਈ ਸਿੰਗਾਪੁਰ ਤੋਂ ਸੇਧ ਲਈ ਜਾ ਸਕਦੀ ਹੈ

ਬਲਰਾਜ ਸਿੰਘ ਸਿੱਧੂ
ਏ.ਆਈ.ਜੀ. (ਰਿਟਾ)
ਪੰਡੋਰੀ ਸਿੱਧਵਾਂ 95011-00062
ਪੰਜਾਬ ਮੇਲ USA



ਬਹੁਤ ਸਾਰੇ ਭਾਰਤੀਆਂ ਲਈ ਛੋਟਾ ਜਿਹਾ ਦੇਸ਼ ਸਿੰਗਾਪੁਰ ਸਫਲਤਾਪੂਰਵਕ ਤਰੱਕੀ ਕਰਨ ਦਾ ਪ੍ਰਤੀਕ ਹੈ। 1965 ਵਿਚ ਇੰਗਲੈਂਡ ਤੋਂ ਆਜ਼ਾਦੀ ਪ੍ਰਾਪਤ ਕਰਨ ਸਮੇਂ ਇਸ ਦੀ ਪ੍ਰਤੀ ਵਿਅਕਤੀ ਜੀ.ਡੀ.ਪੀ. ਭਾਰਤ ਨਾਲੋਂ ਚਾਰ ਗੁਣਾ ਵੱਧ ਸੀ, ਜੋ ਹੁਣ 30 ਗੁਣਾ ਵੱਧ ਹੋ ਗਈ ਹੈ। ਭਾਰਤ ਵਾਂਗ ਸਿੰਗਾਪੁਰ ਵੀ ਵੱਖ-ਵੱਖ ਨਸਲਾਂ ਅਤੇ ਧਰਮਾਂ ਦਾ ਮਿਲਗੋਭਾ ਹੈ ਪਰ ਇਸ ਨੇ ਜਿਵੇਂ ਆਪਣੇ ਨਾਗਰਿਕਾਂ ਵਿਚ ਸਮਾਜਿਕ, ਆਰਥਿਕ ਅਤੇ ਵਿਦਿਅਕ ਪਾੜਾ ਘਟਾਇਆ ਹੈ, ਉਹ ਆਪਣੀ ਮਿਸਾਲ ਆਪ ਹੈ। ਇਹ ਕਿਹਾ ਜਾ ਸਕਦਾ ਹੈ ਕਿ ਸਿੰਗਾਪੁਰ ਇਸ ਕਾਰਨ ਤਰੱਕੀ ਕਰ ਗਿਆ ਕਿਉਂਕਿ ਇਹ ਇੱਕ ਛੋਟਾ ਦੇਸ਼ ਹੈ। ਪਰ ਇਸ ਜਿੱਡੇ ਅਨੇਕਾਂ ਦੇਸ਼ (ਹੈਤੀ, ਬਾਰਬਾਡੋਸ, ਤ੍ਰਿਨੀਦਾਦ ਅਤੇ ਟੋਬੈਗੋ ਆਦਿ) ਹਨ, ਜੋ ਭੁੱਖ ਅਤੇ ਗੁਰਬਤ ਨਾਲ ਘੁਲ ਰਹੇ ਹਨ। ਸਿੰਗਾਪੁਰ ਦੀ ਕਹਾਣੀ ਇਸ ਦੇ ਆਕਾਰ ਨਾਲੋਂ ਬਹੁਤ ਜ਼ਿਆਦਾ ਵੱਡੀ ਹੈ। ਭਾਰਤ ਨੂੰ 2047 ਤੱਕ ਵਿਕਸਿਤ ਭਾਰਤ ਬਣਾਉਣ ਲਈ ਇਸ ਦੇ ਤਜ਼ਰਬੇ ਤੋਂ ਸੇਧ ਲਈ ਜਾ ਸਕਦੀ ਹੈ। ਉੱਪਰੀ ਤੌਰ ’ਤੇ ਸਿੰਗਾਪੁਰ ਦੀ ਤਰੱਕੀ ਨੂੰ ਇਸ ਦੇ ਲੋਕ ਪੱਖੀ ਸਰਮਾਏਦਾਰੀ ਨਿਜ਼ਾਮ, ਲਿਸ਼ਕਦੀਆਂ ਅਸਮਾਨ ਛੂੰਹਦੀਆਂ ਇਮਾਰਤਾਂ ਅਤੇ ਜ਼ਬਰਦਸਤ ਬੁਨਿਆਦੀ ਢਾਂਚੇ ਤੋਂ ਸਮਝਿਆ ਜਾ ਸਕਦਾ ਹੈ। ਭਾਰਤ ਦੀ ਅਜੋਕੀ ਤਰੱਕੀ ਜਿਵੇਂ ਕਿ ਬੰਦਰਗਾਹਾਂ, ਸੜਕਾਂ ਅਤੇ ਰੇਲਵੇ ਆਦਿ ਦਾ ਵਿਕਾਸ ਅਤੇ ਗੁਜਰਾਤ ਵਿਚਲੀ ਜੀ.ਆਈ.ਐੱਫ.ਟੀ. ਸਿਟੀ ਵਰਗੇ ਟੈਕਸ ਫਰੀ ਇਲਾਕੇ ਸਿੰਗਾਪੁਰ ਦੇ ਸਿਸਟਮ ਨਾਲ ਰਲਦੇ ਮਿਲਦੇ ਹਨ।

ਸਿੰਗਾਪੁਰ ਦੀ ਸਰਕਾਰ ਇਹ ਮੰਨਣ ਵਿਚ ਸੰਕੋਚ ਨਹੀਂ ਕਰਦੀ ਕਿ ਉਨ੍ਹਾਂ ਨੇ ਦੇਸ਼ ਦੀ ਤਰੱਕੀ ਦੇ ਢੰਗ ਵੱਖ-ਵੱਖ ਦੇਸ਼ਾਂ ਤੋਂ ਉਧਾਰ ਲਏ ਸਨ, ਜੋ ਬਹੁਤ ਹੀ ਸਟੀਕਤਾ ਨਾਲ ਆਪਣੇ ਜਨਤਾ ਦੀ ਤਰੱਕੀ ਅਤੇ ਭਲਾਈ ਲਈ ਪ੍ਰਯੋਗ ਵਿਚ ਲਿਆਂਦੇ ਹਨ। ਪਰ ਸਟੀਲ ਅਤੇ ਕੰਕਰੀਟ ਦੇ ਨਾਲ-ਨਾਲ ਉਨ੍ਹਾਂ ਨੇ ਸਭ ਤੋਂ ਜ਼ਿਆਦਾ ਮਿਹਨਤ ਆਪਣੇ ਬਹੁਭਾਂਤੀ ਸਮਾਜ ਨੂੰ ਇਕੱਠਾ ਕਰਨ ਲਈ ਕੀਤੀ ਹੈ। ਆਜ਼ਾਦੀ ਦੇ ਸਮੇਂ ਦੇਸ਼ ਬਹੁਤ ਹੀ ਨਾਜ਼ੁਕ ਸਥਿਤੀ ਵਿਚ ਸੀ ਕਿਉਂਕਿ ਇਥੇ ਕਈ ਨਸਲਾਂ ਦੇ ਲੋਕ ਵੱਸਦੇ ਸਨ, ਜੋ ਸੱਤਾ ’ਤੇ ਕਬਜ਼ਾ ਜਮਾਉਣਾ ਚਾਹੁੰਦੇ ਸਨ। ਸਿੰਗਾਪੁਰ ਦੀ ਆਬਾਦੀ ਵਿਚ ਚੀਨੀ ਲਗਭਗ 75%, ਮਲੇਸ਼ੀਅਨ 14% ਤੇ ਭਾਰਤੀ 11% ਸਨ। ਵਸੋਂ ਦਾ ਇਹ ਅਸੰਤੁਲਨ ਸਿਰਫ ਰਾਜਨੀਤਿਕ ਹੀ ਨਹੀਂ, ਸਗੋਂ ਆਰਥਿਕ ਮੋਰਚੇ ’ਤੇ ਵੀ ਸੀ। ਬ੍ਰਿਟਿਸ਼ ਰਾਜ ਦੇ ਸਮੇਂ ਲੇਬਰ ਅਤੇ ਵਿਦਿਅਕ ਭੇਦਭਾਵ ਨੇ ਸਮਾਜ ਦੇ ਵੱਖ-ਵੱਖ ਭਾਗਾਂ ਵਿਚ ਭਾਰੀ ਆਰਥਿਕ ਅਤੇ ਜੀਵਨ ਸ਼ੈਲੀ ਅਸੰਤੁਲਨ ਪੈਦਾ ਕਰ ਦਿੱਤਾ ਸੀ। ਚੀਨੀ ਲੋਕ ਬਾਕੀ ਭਾਈਚਾਰਿਆਂ ਨਾਲੋਂ ਵਧੇਰੇ ਅਮੀਰ, ਪੜ੍ਹੇ-ਲਿਖੇ ਅਤੇ ਕੁਸ਼ਲ ਕਾਮਗਾਰ ਸਨ ਤੇ ਸਿੰਗਾਪੁਰ ਦੀ ਜ਼ਿਆਦਾਤਰ ਆਰਥਿਕਤਾ ਉਨ੍ਹਾਂ ਦੇ ਕਬਜ਼ੇ ਹੇਠ ਸੀ। ਜੇ ਇਸ ਸਬੰਧੀ ਜਲਦੀ ਕੁਝ ਨਾ ਕੀਤਾ ਜਾਂਦਾ ਤਾਂ ਇਹ ਪਾੜਾ ਪੱਕੇ ਤੌਰ ’ਤੇ ਸਿੰਗਾਪੁਰ ਦੇ ਸਮਾਜ ਨੂੰ ਆਪਣੀ ਜਕੜ ਵਿਚ ਲੈ ਸਕਦਾ ਸੀ। ਪਰ ਖੁਸ਼ਕਿਸਮਤੀ ਨਾਲ ਸਿੰਗਾਪੁਰ ਨੂੰ ਲੀ ਕੁਆਨ ਜਿਊ ਵਰਗਾ ਕਾਬਲ ਵਿਅਕਤੀ ਪਹਿਲੇ ਪ੍ਰਧਾਨ ਮੰਤਰੀ ਦੇ ਰੂਪ ਵਿਚ ਮਿਲਿਆ। ਉਹ ਭਾਵੇਂ ਖੁਦ ਚੀਨੀ ਮੂਲ ਦਾ ਸੀ ਪਰ ਉਸ ਨੇ ਇਹ ਸਮਾਜਿਕ ਤੇ ਆਰਥਿਕ ਪਾੜੇ ਨੂੰ ਖਤਮ ਕਰਨ ਲਈ ਬਿਨਾਂ ਕਿਸੇ ਭੇਦਭਾਵ ਦੇ ਠੋਸ ਨੀਤੀਆਂ ਤਿਆਰ ਕੀਤੀਆਂ। ਉਹ ਐਨਾ ਲੋਕਪ੍ਰਿਅ ਸੀ ਕਿ ਦੇਸ਼ ਆਜ਼ਾਦ ਹੋਣ ਤੋਂ ਪਹਿਲਾਂ ਹੀ 5 ਜੂਨ 1959 ਨੂੰ ਪ੍ਰਧਾਨ ਮੰਤਰੀ ਬਣ ਗਿਆ ਸੀ ਤੇ 28 ਨਵੰਬਰ 1990 ਤੱਕ ਇਸ ਅਹੁਦੇ ’ਤੇ ਰਿਹਾ। ਉਸ ਨੇ ਜਨਤਾ ਦੇ ਸਖਤ ਵਿਰੋਧ ਦੇ ਬਾਵਜੂਦ ਮਾੜੀ ਸਿਹਤ ਦਾ ਹਵਾਲਾ ਦੇ ਕੇ ਗੱਦੀ ਛੱਡ ਦਿੱਤੀ ਸੀ।




ਉਸ ਨੇ ਤਿੰਨ ਮੁੱਖ ਨੁਕਤਿਆਂ ’ਤੇ ਕੰਮ ਕੀਤਾ। ਨਸਲੀ ਵਰਗੀਕਰਨ ਨੂੰ ਨਿਰਉਤਸ਼ਾਹਿਤ ਕੀਤਾ, ਆਰਥਿਕ ਪਾੜੇ ਨੂੰ ਖਤਮ ਕੀਤਾ ਤੇ ਇਹ ਨਿਸ਼ਚਿਤ ਕੀਤਾ ਕਿ ਦੇਸ਼ ਦੀ ਤਰੱਕੀ ਵਿਚ ਹਰ ਨਸਲੀ ਸਮੂਹ ਬਰਾਬਰ ਦਾ ਯੋਗਦਾਨ ਪਾਵੇ। ਇਸ ਲਈ ਬਿਨਾਂ ਕਿਸੇ ਭੇਦਭਾਵ ਦੇ ਸਰਕਾਰੀ ਨੌਕਰੀਆਂ ਅਤੇ ਰਾਜਨੀਤਿਕ ਪਦਵੀਆਂ ਦਿੱਤੀਆਂ ਗਈਆਂ। ਗਿਣਤੀ ਜਾਂ ਨਸਲੀ ਆਧਾਰ ’ਤੇ ਕਿਸੇ ਵੀ ਤਰ੍ਹਾਂ ਦੀ ਕੋਈ ਰਿਜ਼ਰਵੇਸ਼ਨ ਨਾ ਦਿੱਤੀ ਗਈ। ਇਹ ਹੀ ਕਾਰਨ ਹੈ ਕਿ 11% ਆਬਾਦੀ ਹੋਣ ਦੇ ਬਾਵਜੂਦ ਕੁੱਲ 9 ਰਾਸ਼ਟਰਪਤੀਆਂ ਵਿਚੋਂ ਹੁਣ ਤੱਕ ਚਾਰ ਭਾਰਤੀ (ਦੇਵਨ ਨਾਇਰ 23 ਅਕਤੂਬਰ 1981 ਤੋਂ 28 ਮਾਰਚ 1985, ਐੱਸ.ਆਰ. ਨਾਥਨ 1 ਸਤੰਬਰ 1999 ਤੋਂ 1 ਸਤੰਬਰ 2011, ਜੇ ਵਾਈ ਪਿੱਲੇ 1 ਸਤੰਬਰ 2011 ਤੋਂ 14 ਸਤੰਬਰ 2017 ਅਤੇ ਮੌਜੂਦਾ ਰਾਸ਼ਟਰਪਤੀ ਥਰਮਨ ਸ਼ਾਨਮੁਗਾਰਤਨਮ 14 ਸਤੰਬਰ 2023 ਤੋਂ ਹੁਣ ਤੱਕ) ਆਪਣੀ ਕਾਬਲੀਅਤ ਕਾਰਨ ਰਾਸ਼ਟਰਪਤੀ ਰਹੇ ਹਨ। ਇਸ ਤੋਂ ਇਲਾਵਾ ਵਰਕਰਜ਼ ਪਾਰਟੀ ਦਾ ਪ੍ਰਧਾਨ ਪ੍ਰੀਤਮ ਸਿੰਘ ਪਾਰਲੀਮੈਂਟ ਵਿਚ ਵਿਰੋਧੀ ਧਿਰ ਦਾ ਨੇਤਾ ਹੈ। ਸਾਰੇ ਫਿਰਕਿਆਂ ਦੀ ਬਰਾਬਰੀ ਲਈ ਰਿਹਾਇਸ਼ੀ ਕੰਪਲੈਕਸ ਅਤੇ ਕਲੋਨੀਆਂ ਨੂੰ ਸਭ ਤੋਂ ਵੱਡੇ ਹਥਿਆਰ ਵਜੋਂ ਵਰਤਿਆ ਗਿਆ। ਇਸ ਤਰ੍ਹਾਂ ਦੇ ਸਖਤ ਕਾਨੂੰਨ ਬਣਾਏ ਗਏ ਕਿ ਕਿਸੇ ਕੰਪਲੈਕਸ ਵਿਚ ਕਿਸੇ ਖਾਸ ਸਮਾਜਿਕ ਜਾਂ ਧਾਰਮਿਕ ਫਿਰਕੇ ਦਾ ਗਲਬਾ ਨਾ ਹੋਵੇ ਤੇ ਸਾਰਾ ਸਮਾਜ ਮਿਲਜੁਲ ਕੇ ਰਹੇ। ਭਾਰਤ ਵਿਚ ਅਜਿਹੀਆਂ ਕਈ ਰਿਹਾਇਸ਼ੀ ਸੁਸਇਟੀਆਂ ਹਨ, ਜਿੱਥੇ ਦੂਸਰੇ ਧਰਮ ਜਾਂ ਫਿਰਕੇ ਦਾ ਵਿਅਕਤੀ ਮਕਾਨ ਜਾਂ ਫਲੈਟ ਨਹੀਂ ਖਰੀਦ ਸਕਦਾ। ਪਿੱਛੇ ਜਿਹੇ ਯੂ.ਪੀ. ਦੇ ਇੱਕ ਸ਼ਹਿਰ ਵਿਚ ਇੱਕ ਡਾਕਟਰ ਨੇ ਦੂਸਰੇ ਧਰਮ ਦੇ ਵਿਅਕਤੀ ਨੂੰ ਮਕਾਨ ਵੇਚ ਦਿੱਤਾ ਸੀ ਪਰ ਭਾਰੀ ਵਿਰੋਧ ਦੇ ਕਾਰਨ ਉਸ ਨੂੰ ਰਜਿਸਟਰੀ ਕੈਂਸਲ ਕਰਵਾਉਣੀ ਪਈ ਸੀ।

ਸਿੰਗਾਪੁਰ ਵਿਖੇ ਕਿਸੇ ਇੱਕ ਨਸਲੀ ਜਾਂ ਧਾਰਮਿਕ ਫਿਰਕੇ ਦੇ ਲੋਕ ਮਿਲ ਕੇ ਹਾਊਸਿੰਗ ਕਲੋਨੀ, ਕੰਪਲੈਕਸ ਜਾਂ ਸੁਸਾਇਟੀ ਨਹੀਂ ਬਣਾ ਸਕਦੇ। ਹਰ ਕਲੋਨੀ ਵਿਚ ਮਿਲੇ ਜੁਲੇ ਲੋਕ ਵੱਸਣੇ ਜ਼ਰੂਰੀ ਹਨ, ਜਿਸ ਕਾਰਨ ਉਥੇ ਫਿਰਕਿਆਂ ਵਿਚ ਆਪਸੀ ਮੇਲਜੋਲ ਅਤੇ ਪਿਆਰ, ਸਤਿਕਾਰ ਵਿਚ ਵਾਧਾ ਹੋਇਆ ਹੈ। ਪਬਲਿਕ ਹਾਊਸਿੰਗ ਦਾ ਮਤਲਬ ਸਿਰਫ ਲੋਕਾਂ ਨੂੰ ਰਹਿਣ ਲਈ ਛੱਤ ਦੇਣਾ ਹੀ ਨਹੀਂ ਸੀ, ਬਲਕਿ ਉਨ੍ਹਾਂ ਨੂੰ ਸਰੀਰਕ ਅਤੇ ਮਾਨਸਿਕ ਤੌਰ ’ਤੇ ਇੱਕ ਦੂਸਰੇ ਦੇ ਕਰੀਬ ਲਿਆਉਣਾ ਸੀ। ਇਹ ਹੀ ਕਾਰਨ ਹੈ ਕਿ ਅੱਜ ਤੱਕ ਸਿੰਗਾਪੁਰ ਵਿਚ ਕੋਈ ਧਾਰਮਿਕ ਜਾਂ ਫਿਰਕੂ ਗੜਬੜ ਨਹੀਂ ਹੋਈ। ਸਿੰਗਾਪੁਰ ਨੇ ਅਜਿਹੀਆਂ ਯੋਜਨਾਵਾਂ ਵਿਚ ਭਾਰੀ ਸਰਕਾਰੀ ਨਿਵੇਸ਼ ਕੀਤਾ, ਜਿਨ੍ਹਾਂ ਨਾਲ ਲੋਕਾਂ ਨੂੰ ਕੰਮ ਅਤੇ ਨੌਕਰੀਆਂ ਮਿਲਣ, ਤਾਂ ਜੋ ਆਜ਼ਾਦੀ ਵੇਲੇ ਦਾ ਆਰਥਿਕ ਪਾੜਾ ਖਤਮ ਹੋ ਜਾਵੇ। ਸਾਰੇ ਨਾਗਰਿਕਾਂ ਨੂੰ ਬਿਨਾਂ ਕਿਸੇ ਭੇਦਭਾਵ ਦੇ ਮੁਫਤ ਸਿੱਖਿਆ ਅਤੇ ਇਲਾਜ ਮੁਹੱਈਆ ਕਰਵਾਇਆ ਜਾਂਦਾ ਹੈ, ਤਾਂ ਜੋ ਅਮੀਰ-ਗਰੀਬ ਦਾ ਫਰਕ ਖਤਮ ਹੋ ਜਾਵੇ। ਸਿੰਗਾਪੁਰ ਵਿਚ ਕੋਈ ਵੀ ਪ੍ਰਾਈਵੇਟ ਸਕੂਲ ਜਾਂ ਹਸਪਤਾਲ ਨਹੀਂ ਹੈ। ਉਸੇ ਸਕੂਲ, ਕਾਲਜ ਜਾਂ ਯੂਨੀਵਰਸਿਟੀ ਵਿਚ ਆਮ ਆਦਮੀ ਦਾ ਬੱਚਾ ਪੜ੍ਹਦਾ ਹੈ ਤੇ ਉਸੇ ਵਿਚ ਪ੍ਰਧਾਨ ਮੰਤਰੀ ਦਾ। ਇਨ੍ਹਾਂ ਸੁਧਾਰਾਂ ਨਾਲ ਰਾਤੋ-ਰਾਤ ਤਾਂ ਫਰਕ ਨਹੀਂ ਪਿਆ ਪਰ ਫਿਰ ਵੀ 1965 ਦੀ ਬਨਿਸਬਤ 2026 ਦੇ ਹਾਲਾਤ ਵਿਚ ਜ਼ਮੀਨ-ਅਸਮਾਨ ਦਾ ਫਰਕ ਹੈ।

ਤਿੰਨਾਂ ਮੁੱਖ ਭਾਈਚਾਰਿਆ (ਚੀਨੀ, ਮਲੇਸ਼ੀਅਨ ਅਤੇ ਭਾਰਤੀ) ਦੀ ਆਮਦਨ ਤੇਜ਼ੀ ਨਾਲ ਵਧੀ ਹੈ ਤੇ ਸਿੰਗਾਪੁਰ ਹੁਣ 1965 ਵਰਗਾ ਗਰੀਬ ਤੇ ਵੰਡਿਆ ਹੋਇਆ ਦੇਸ਼ ਨਹੀਂ ਰਿਹਾ। ਐਨੀ ਕੋਸ਼ਿਸ਼ ਕਰਨ ਦੇ ਬਾਵਜੂਦ ਵੀ ਅਜੇ ਭਾਈਚਾਰਿਆਂ ਵਿਚ ਥੋੜ੍ਹਾ ਬਹੁਤਾ ਆਰਥਿਕ ਫਰਕ ਦਿਖਾਈ ਦੇਂਦਾ ਹੈ। 2024 ਵਿਚ ਹੋਈ ਮਰਦਮਸ਼ੁਮਾਰੀ ਵਿਚ ਇਹ ਗੱਲ ਸਾਹਮਣੇ ਆਈ ਹੈ ਕਿ ਚੀਨੀ ਅਤੇ ਭਾਰਤੀ ਭਾਈਚਾਰਿਆਂ ਦੇ ਮੁਕਾਬਲੇ ਮਲੇਸ਼ੀਅਨ ਭਾਈਚਾਰੇ ਦੀ ਆਮਦਨ ਕੁਝ ਘੱਟ ਹੈ, ਭਾਵੇਂ ਕਿ ਸਰਕਾਰੀ ਨੀਤੀਆਂ ਤੋਂ ਸਾਰਿਆਂ ਨੇ ਫਾਇਦਾ ਉਠਾਇਆ ਹੈ। ਸਰਕਾਰ ਖਰਚ ਬਚਾਉਣ ਲਈ ਬਹੁਤ ਉਪਾਅ ਕਰਦੀ ਹੈ। ਇਸ ਕਾਰਨ ਕੈਬਨਿਟ ਵੀ ਛੋਟੀ ਰੱਖੀ ਜਾਂਦੀ ਹੈ। ਨਾਗਰਿਕਾਂ ਨੂੰ ਸਬਸਿਡੀਆਂ ਜਾਂ ਖਾਤਿਆਂ ਵਿਚ ਪੈਸੇ ਪਾਉਣ ਦੀ ਬਜਾਏ ਚੰਗੀਆਂ ਆਰਥਿਕ ਨੀਤੀਆਂ ਨਾਲ ਉਨ੍ਹਾਂ ਦਾ ਜੀਵਨ ਪੱਧਰ ਉੱਪਰ ਚੁੱਕਣ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ। ਸਰਕਾਰ ਐਨੀ ਇਮਾਨਦਾਰੀ ਨਾਲ ਕੰਮ ਕਰ ਰਹੀ ਹੈ ਕਿ ਇਹ ਏਸ਼ੀਆ ਦਾ ਸਭ ਤੋਂ ਘੱਟ ਭ੍ਰਿਸ਼ਟ ਦੇਸ਼ ਹੈ। ਭਾਰਤ ਵਰਗਾ ਵੱਡਾ ਦੇਸ਼ ਇਸ ਦੀਆਂ ਸਾਰੀਆਂ ਪਾਲਸੀਆਂ ਦੀ ਨਕਲ ਤਾਂ ਨਹੀਂ ਕਰ ਸਕਦਾ ਪਰ ਉਸ ਤੋਂ ਬਹੁਤ ਕੁਝ ਸਿੱਖ ਜ਼ਰੂਰ ਸਕਦਾ ਹੈ। ਜੇ ਵਿਕਸਿਤ ਭਾਰਤ ਨੂੰ ਸਿਰਫ ਇੱਕ ਨਾਅਰਾ ਹੀ ਨਹੀਂ ਰੱਖਣਾ, ਤਾਂ ਆਰਥਿਕ ਦੇ ਨਾਲ-ਨਾਲ ਸਿੰਗਾਪੁਰ ਵਾਂਗ ਸਮਾਜਿਕ ਤੇ ਧਾਰਮਿਕ ਤਾਣਾ-ਬਾਣਾ ਵੀ ਠੀਕ ਕਰਨਾ ਪੈਣਾ ਹੈ।



# ਤਖ਼ਤ ਸੱਚਖੰਡ ਸ੍ਰੀ ਹਜ਼ੂਰ ਸਾਹਿਬ ਨੰਦੇੜ ਦੀ ਯਾਤਰਾ




ਪ੍ਰਿੰਸੀਪਲ ਜਸਪਾਲ ਸਿੰਘ ਲੋਹਾਮ
ਹੁਣ ਪਤਾ: ਮਕਾਨ ਨੰਬਰ 166, ਗਲੀ ਹਜਾਰਾ ਸਿੰਘ, ਮੋਗਾ
ਪਤਾ: 14312, 71 ਏ, ਸਰੀ ਕੈਨੇਡਾ
ਵਟਸਐਪ: +91-97-810- 40140
ਪੰਜਾਬ ਮੇਲ USA



ਕਈ ਸਾਲਾਂ ਦੀ ਗੱਲ ਹੈ ਕਿ ਗਰਮੀ ਦੀਆਂ ਛੁੱਟੀਆਂ ਆਉਣ ਵਾਲੀਆਂ ਸਨ ਤੇ ਸਾਡਾ ਕਿਤੇ ਨਾ ਕਿਤੇ ਜਾਣ ਦਾ ਮਨ ਕਰ ਰਿਹਾ ਸੀ ਪਰ ਅਜੇ ਤੱਕ ਕੋਈ ਪ੍ਰੋਗਰਾਮ ਨਹੀਂ ਬਣਿਆ। ਇੱਕ ਦਿਨ ਛੋਟੇ ਵੀਰ ਧਰਮਿੰਦਰ ਸਿੰਘ ਪੁਰਬਾ ਦੇ ਕੋਲ ਬੈਠੇ ਸੀ ਤੇ ਆਪਸ ਵਿਚ ਗੱਲਾਂ ਕਰਨ ਲੱਗ ਪਏ। ਅਸੀਂ ਅਕਸਰ ਹੀ ਆਪਣੇ ਸਿੱਖਿਆ ਵਿਭਾਗ ਅਤੇ ਸਕੂਲ ਦੀਆਂ ਰਚਨਾਤਮਕ ਗੱਲਾਂ ਸਾਂਝੀਆਂ ਕਰਦੇ ਹੁੰਦੇ ਸੀ। ਅਸੀਂ ਕਿਤੇ ਘੁੰਮਣ ਲਈ ਜਾਣ ਦਾ ਪ੍ਰੋਗਰਾਮ ਬਣਾ ਰਹੇ ਸੀ। ਉਨ੍ਹਾਂ ਨੇ ਕਾਫੀ ਵਿਚਾਰ-ਵਿਟਾਂਦਰਾ ਕਰਨ ਤੋਂ ਬਾਅਦ ਕਿਹਾ ਕਿ ਤਖ਼ਤ ਸ੍ਰੀ ਹਜ਼ੂਰ ਸਾਹਿਬ ਅਬਚਲ ਨਗਰ ਨੰਦੇੜ ਦੇ ਦਰਸ਼ਨ ਕਰ ਆਈਏ, ਠੀਕ ਹੈ। ਮੈਂ ਵੀ ਸਹਿਮਤੀ ਪ੍ਰਗਟਾਈ। ਸਾਡੇ ਵਰਗੇ ਮੁਲਾਜ਼ਮਾਂ ਲਈ ਸਿਰਫ ਗਰਮੀਆਂ ਦੀਆਂ ਛੁੱਟੀਆਂ ਹੀ ਹੁੰਦੀਆਂ ਹਨ ਕਿਤੇ ਜਾਣ ਲਈ, ਘੁੰਮਣ-ਫਿਰਨ ਲਈ, ਵਰਨਾ ਘਰ ਤੋਂ ਨੰਦੇੜ ਨਿਕਲਣਾ ਬੜਾ ਔਖਾ ਹੁੰਦਾ ਹੈ। ਗਰਮੀਆਂ ਦੀਆਂ ਛੁੱਟੀਆਂ ਵਿਚ, ਕੋਈ ਛੁੱਟੀ ਨਹੀਂ ਲੈਣੀ ਪੈਂਦੀ, ਸਿਰਫ ਸਕੂਲ ਮੁਖੀ ਨੂੰ ਸਟੇਸ਼ਨ ਲੀਵ ਲਿਖ ਕੇ ਦੇਣ ਨਾਲ ਕੰਮ ਚੱਲ ਪੈਂਦਾ ਹੈ। ਨੰਦੇੜ ਜਾਣ ਦੀ ਯੋਜਨਾ ਪੱਕੀ ਸੀ ਤੇ ਮੇਰੇ ਛੋਟੇ ਵੀਰ ਨੇ ਕਿਹਾ ਕਿ ਮੇਰੀ ਜਾਣ-ਪਹਿਚਾਣ ਹੈ, ਇਸ ਲਈ ਮੈਂ ਟਿਕਟਾਂ ਖਰੀਦ ਲਵਾਂਗਾ, ਤੁਸੀਂ ਨਹੀਂ ਲੈਣੀਆਂ। ਕੁੱਝ ਦਿਨਾਂ ਬਾਅਦ ਉਨ੍ਹਾਂ ਨੇ ਮੈਨੂੰ ਦੱਸਿਆ ਕਿ ਰੇਲ ਦੀਆਂ ਟਿਕਟਾਂ ਦਾ ਪ੍ਰਬੰਧ ਹੋ ਗਿਆ ਹੈ ਤੇ ਹੁਣ ਤੁਸੀਂ ਜਾਣ ਦੀ ਤਿਆਰੀ ਵੱਟ ਲਓ। ਅਸੀਂ ਜਾਣ ਤੋਂ ਕੁੱਝ ਦਿਨ ਪਹਿਲਾਂ ਤਿਆਰੀ ਕਰਨੀ ਸ਼ੁਰੂ ਕਰ ਦਿੱਤੀ ਤੇ ਇੱਕ ਦਿਨ ਪਹਿਲਾਂ ਪੂਰੀ ਪੈਕਿੰਗ ਕਰ ਲਈ। ਇਸ ਤਰ੍ਹਾਂ ਅਸੀਂ ਆਪਣੇ ਸਾਧਨ ਰਾਹੀਂ ਮੋਗਾ ਤੋਂ ਲੁਧਿਆਣਾ ਰੇਲਵੇ ਸਟੇਸ਼ਨ ਪਹੁੰਚ ਗਏ। ਇੱਥੇ ਅਸੀਂ ਸਮੇਂ ਤੋਂ ਪਹਿਲਾਂ ਪਹੁੰਚ ਗਏ। ਸਾਡੀ ਸੱਚਖੰਡ ਐਕਸਪ੍ਰੈੱਸ ਰੇਲ ਠੀਕ ਟਾਈਮ 'ਤੇ ਚੱਲ ਪਈ ਸੀ। ਸਾਡੀ ਇਸ ਧਾਰਮਿਕ ਯਾਤਰਾ ਦਾ ਰੇਲ ਦਾ ਸਫ਼ਰ ਦੋ ਦਿਨ ਤੇ ਇੱਕ ਰਾਤ ਦਾ ਸੀ। ਤਖਤ ਸ੍ਰੀ ਹਜ਼ੂਰ ਸਾਹਿਬ ਨੰਦੇੜ ਗੋਦਾਵਰੀ ਨਦੀ ਦੇ ਕੰਡੇ 'ਤੇ ਸਥਿਤ ਹੈ। ਕਲਗੀਧਰ ਪਾਤਸ਼ਾਹ ਦਸ਼ਮੇਸ਼ ਪਿਤਾ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਨੇ ਆਪਣਾ ਸਫ਼ਰ ਪਟਨੇ ਦੀ ਪਵਿੱਤਰ ਧਰਤੀ ਤੋਂ ਸ਼ੁਰੂ ਕੀਤਾ, ਪੰਜਾਬ ਨੂੰ ਆਪਣੀ ਕਰਮਭੂਮੀ ਬਣਾਇਆ, ਸ੍ਰੀ ਹਜ਼ੂਰ ਸਾਹਿਬ ਨੰਦੇੜ ਵਿਖੇ ਆਪਣਾ ਆਖਰੀ ਸਮਾਂ ਬਤੀਤ ਕੀਤਾ। ਗੁਰੂ ਜੀ ਨੇ ਆਪਣੇ ਅੰਤਿਮ ਸਮੇਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਗੁਰਗੱਦੀ ਸੌਂਪੀ। ਅਸੀਂ ਲੰਬੇ ਸਫਰ ਤੋਂ ਬਾਅਦ ਨੰਦੇੜ ਰੇਲਵੇ ਸਟੇਸ਼ਨ 'ਤੇ ਪਹੁੰਚ ਗਏ। ਗੁਰਦੁਆਰਾ ਸਾਹਿਬ ਦੀਆਂ ਬੱਸਾਂ ਸੰਗਤਾਂ ਨੂੰ ਲੈਣ ਲਈ ਰੇਲਵੇ ਸਟੇਸ਼ਨ ਆਉਂਦੀਆਂ ਹਨ। ਪਰ ਅਸੀਂ ਆਟੋ ਰਿਕਸ਼ਾ ਕਰਵਾ ਕੇ ਗੁਰਦੁਆਰਾ ਸਾਹਿਬ ਚਲੇ ਗਏ। ਗਰਮੀਆਂ ਦੀਆਂ ਛੁੱਟੀਆਂ ਹੋਣ ਕਰਕੇ ਇੱਥੇ ਸੰਗਤਾਂ ਦਾ ਭਾਰੀ ਇਕੱਠ ਸੀ ਅਤੇ ਅਸੀਂ ਸਭ ਤੋਂ ਪਹਿਲਾਂ ਜਾ ਕੇ ਆਪਣੇ ਵਾਸਤੇ ਇੱਕ ਕਮਰੇ ਦਾ ਪ੍ਰਬੰਧ ਕਰ ਲਿਆ। ਅਸੀਂ ਆਪਣਾ ਸਮਾਨ ਕਮਰੇ ਵਿਚ ਰੱਖ ਕੇ ਕੁੱਝ ਸਮਾਂ ਆਰਾਮ ਕੀਤਾ। ਫਿਰ ਦੁਬਾਰਾ ਗੁਰਦੁਆਰਾ ਸਾਹਿਬ ਦਰਸ਼ਨ ਕਰਨ ਲਈ ਪਹੁੰਚ ਗਏ। ਉਸ ਸਮੇਂ ਗੁਰਦੁਆਰਾ ਸਾਹਿਬ ਵਿਚ ਚਾਰੇ ਪਾਸੇ ਨਿਰਮਾਣ ਕਾਰਜ ਚੱਲ ਰਹੇ ਸਨ। ਇੱਥੇ ਪਹੁੰਚਦਿਆਂ ਹੀ ਦਸਵੇਂ ਪਾਤਸ਼ਾਹ ਜੀ ਨੂੰ ਯਾਦ ਕਰਦਿਆਂ ਇੰਝ ਮਹਿਸੂਸ ਹੋਇਆ ਕਿ ਕਿਸੇ ਸਮੇਂ ਗੁਰੂ ਜੀ ਇਸ ਪਵਿੱਤਰ ਅਸਥਾਨ 'ਤੇ ਰਹੇ ਹੋਣਗੇ ਤੇ ਉਸ ਸਮੇਂ ਦਾ ਮੰਜ਼ਰ ਇਕਦਮ ਮਨ ਵਿਚ ਆ ਗਿਆ। ਅਸੀਂ ਗੁਰੂ ਘਰ ਪੁੱਜ ਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਮਹਾਰਾਜ ਦੇ ਦਰਸ਼ਨ ਦੀਦਾਰੇ ਕਰਕੇ, ਅਰਦਾਸ ਬੇਨਤੀ ਕਰਕੇ, ਫ਼ਤਿਹ ਬੁਲਾਈ ਤੇ ਫਿਰ ਗੁਰੂ ਸਾਹਿਬ ਜੀ ਨੂੰ ਯਾਦ ਕੀਤਾ। ਗੁਰਬਾਣੀ ਕੀਰਤਨ ਸੁਣਿਆ। ਸੰਧਿਆ ਵੇਲੇ ਗੁਰੂ ਸਾਹਿਬ ਜੀ ਦੇ ਸ਼ਸਤਰਾਂ ਦੇ ਦਰਸ਼ਨ ਕਰਵਾਏ ਗਏ। ਸਿੰਘ ਸਾਹਿਬ ਨੇ ਸਾਰੇ ਸ਼ਸਤਰਾਂ ਬਾਰੇ ਸੰਖੇਪ ਵਿਚ ਜਾਣਕਾਰੀ ਦਿੱਤੀ। ਇਹ ਸਭ ਦੇਖ ਕੇ ਮਨ ਬੜਾ ਪ੍ਰਸੰਨ ਹੋਇਆ। ਇਸ ਤਰ੍ਹਾਂ ਅਸੀਂ ਸਾਰੇ ਦਿਨ ਦਰਸ਼ਨ ਕਰਦੇ ਰਹੇ। ਇਥੋਂ ਨੰਦੇੜ ਤੋਂ ਪਿੰਡ ਨਰਸੀ ਨਾਮਦੇਵ ਦੇ ਜ਼ਿਲ੍ਹਾ ਹੰਗੋਲੀ ਕਰੀਬ 100 ਕਿਲੋਮੀਟਰ ਦੂਰ ਹੈ ਅਤੇ ਕਾਰ 'ਤੇ ਦੋ ਘੰਟੇ ਲੱਗਦੇ ਸਨ। ਭਗਤ ਨਾਮਦੇਵ ਜੀ ਦਾ ਜਨਮ ਅਸਥਾਨ ਪਿੰਡ ਨਰਸੀ ਨਾਮਦੇਵ ਹੈ। ਇੱਥੇ ਉਨ੍ਹਾਂ ਦੀ ਯਾਦ ਵਿਚ ਪੁਰਾਤਨ ਅਸਥਾਨ ਭੋਰਾ ਹੈ, ਜਿੱਥੇ ਉਹ ਭਗਤੀ ਕਰਦੇ ਸਨ। ਪਿੰਡ ਤੋਂ ਬਾਹਰ ਸੰਤ ਨਾਮਦੇਵ ਮਹਾਰਾਜ ਮੰਦਰ ਹੈ ਅਤੇ ਪਿੰਡ ਵੜਦਿਆਂ ਹੀ ਉਨ੍ਹਾਂ ਦੀ ਯਾਦ ਵਿਚ ਗੁਰਦੁਆਰਾ ਭਗਤ ਨਾਮਦੇਵ ਜੀ ਹੈ। ਇਹ ਗੁਰਦੁਆਰਾ ਸਾਹਿਬ ਬਹੁਤ ਹੀ ਖ਼ੂਬਸੂਰਤ ਹੈ ਅਤੇ ਖੁੱਲ੍ਹੀ ਥਾਂ ਵਿਚ ਬਣਿਆ ਹੈ। ਇੱਥੇ ਰਹਿਣ ਲਈ ਸਰਾਂ ਵਿਚ ਬਹੁਤ ਸਾਰੇ ਕਮਰੇ ਹਨ ਅਤੇ ਗੁਰੂ ਘਰ ਵਿਚ ਲੰਗਰ ਲਗਾਤਾਰ ਚੱਲਦਾ ਰਹਿੰਦਾ ਹੈ। ਅਸੀਂ ਸਾਰੇ ਇੱਕ ਦਿਨ ਸਵੇਰੇ ਜਲਦੀ ਤਿਆਰ ਹੋ ਗਏ ਤੇ ਬਾਹਰ ਜਾ ਕੇ ਬਾਜ਼ਾਰ ਵਿਚੋਂ ਇੱਕ ਗੱਡੀ ਕਿਰਾਏ 'ਤੇ ਕਰ ਲਈ। ਇਸ ਤਰ੍ਹਾਂ ਅਸੀਂ ਗੁਰਦੁਆਰਾ ਭਗਤ ਨਾਮਦੇਵ ਜੀ ਨਰਸੀ ਵੱਲ ਨੂੰ ਚੱਲ ਪਏ। ਭਗਤ ਜੀ ਨਾਲ ਸੰਬੰਧਿਤ ਕਈ ਸਾਖੀਆਂ ਹਨ, ਇਕ ਸਾਂਝੀ ਕਰਦੇ ਹਾਂ। ਬ੍ਰਾਹਮਣ ਆਪਣੇ ਆਪ ਨੂੰ ਉੱਚ ਜਾਤੀ ਦੇ ਸਮਝਦੇ ਸਨ ਅਤੇ ਭਗਤ ਨਾਮਦੇਵ ਜੀ ਨੂੰ ਸ਼ੂਦਰ ਨੀਵੀ ਜਾਤ ਦਾ ਮੰਨਦੇ ਸਨ। ਇਸ ਲਈ ਜਦੋਂ ਭਗਤ ਜੀ, ਭਗਤੀ ਕਰਨ ਲਈ ਮੰਦਰ ਪਹੁੰਚੇ, ਤਾਂ ਉੱਥੇ ਬ੍ਰਾਹਮਣਾਂ ਨੇ ਭਗਤ ਜੀ ਨੂੰ ਮੰਦਰ ਜਾਣ ਨਹੀਂ ਦਿੱਤਾ। ਇਸ ਕਰਕੇ ਭਗਤ ਜੀ ਮੰਦਰ ਦੇ ਪਿਛਲੇ ਪਾਸੇ ਜਾ ਕੇ ਪ੍ਰਮਾਤਮਾ ਦੀ ਭਗਤੀ, ਗੀਤ ਗਾਇਨ ਕਰਨ ਲੱਗ ਪਏ। ਉੱਥੇ ਆਏ ਲੋਕਾਂ ਨੇ ਭਗਤੀ ਗੀਤ ਸੁਣਨ ਲਈ ਮੰਦਰ ਦੇ ਪਿਛਲੇ ਪਾਸੇ ਉਨ੍ਹਾਂ ਕੋਲ ਪਹੁੰਚ ਗਏ। ਇਸ ਤਰ੍ਹਾਂ ਇਹ ਅਸਥਾਨ ਹੌਲੀ-ਹੌਲੀ ਭਗਤ ਨਾਮਦੇਵ ਜੀ ਦੀ ਯਾਦਗਾਰ ਬਣ ਗਿਆ। ਉਸ ਮੰਦਰ ਦੇ ਪਿਛਲੇ ਪਾਸੇ ਹੀ ਇਹ ਅਸਥਾਨ ਹੈ, ਜਿੱਥੇ ਭਗਤ ਜੀ ਨੇ ਭਗਤੀ ਕੀਤੀ ਤੇ ਉਨ੍ਹਾਂ ਦੀ ਯਾਦ ਵਿਚ ਇੱਕ ਛੋਟਾ ਜਿਹਾ ਮੰਦਰ ਹੈ। ਪਰ ਇਥੇ ਬ੍ਰਾਹਮਣਾਂ ਦੇ ਵੱਡੇ ਮੰਦਰ ਦਾ ਅੰਦਰਲਾ ਮੁੱਖ ਦੁਆਰ, ਮੁੱਖ ਸੜਕ ਤੋਂ ਉਲਟ ਪਾਸੇ ਹੈ। ਅਸੀਂ ਇਸ ਵੱਡੇ ਮੰਦਰ 'ਤੇ ਪਹੁੰਚ ਕੇ ਪਿਛਲੇ ਪਾਸੇ ਭਗਤ ਨਾਮਦੇਵ ਜੀ ਦੀ ਯਾਦਗਾਰ ਮੰਦਰ ਨੂੰ ਦੇਖਿਆ। ਇਥੋਂ ਫਿਰ ਅਸੀਂ ਪਿੰਡ ਨਰਸੀ ਨਾਮਦੇਵ ਚਲੇ ਗਏ ਅਤੇ ਉਨ੍ਹਾਂ ਦੇ ਗ੍ਰਹਿ ਅਸਥਾਨ ਵਿਖੇ ਜਾ ਕੇ ਦਰਸ਼ਨ ਕੀਤੇ। ਪਿੰਡ ਦੇ ਬਾਹਰਲੇ ਮੰਦਰ ਅਤੇ ਗੁਰਦੁਆਰਾ ਸਾਹਿਬ ਵਿਖੇ ਜਾ ਕੇ ਅਰਦਾਸ ਬੇਨਤੀ ਕੀਤੀ। ਇਥੋਂ ਫਿਰ ਅਸੀਂ ਵਾਪਸੀ ਨੰਦੇੜ ਨੂੰ ਕਰ ਲਈ। ਕਰੀਬ ਇੱਕ ਦਿਨ ਇਸ ਪਾਸੇ ਦਰਸ਼ਨ ਕਰਨ ਨੂੰ ਲੱਗ ਜਾਂਦਾ ਹੈ। ਨੰਦੇੜ ਤੋਂ ਗੁਰਦੁਆਰਾ ਨਾਨਕ ਝੀਰਾ ਸਾਹਿਬ ਬਿਦਰ ਕਰਨਾਟਕਾ ਕਰੀਬ 175 ਕਿਲੋਮੀਟਰ ਦੂਰ ਹੈ ਤੇ ਕਾਰ 'ਤੇ 3.30 ਘੰਟੇ ਲੱਗ ਜਾਂਦੇ ਹਨ। ਕਰੀਬ ਇੱਕ ਦਿਨ ਇਧਰ ਦਰਸ਼ਨ ਕਰਨ ਲਈ ਲੱਗ ਜਾਂਦੇ ਹਨ। ਫਿਰ ਅਸੀਂ ਇੱਕ ਦਿਨ ਦਰਸ਼ਨ ਕਰਨ ਲਈ ਬਿਦਰ ਗਏ ਅਤੇ ਗੁਰੂ ਘਰ ਜਾ ਕੇ ਦਰਸ਼ਨ ਕਰਕੇ ਅਰਦਾਸ ਬੇਨਤੀ ਕੀਤੀ। ਪਹਿਲੀ ਪਾਤਿਸ਼ਾਹੀ ਧੰਨ ਗੁਰੂ ਨਾਨਕ ਦੇਵ ਜੀ ਮਹਾਰਾਜ ਦੇ ਸਮੇਂ ਦਾ ਮੰਜ਼ਰ ਅੱਖਾਂ ਅੱਗੇ ਆ ਗਿਆ। ਗੁਰੂ ਨਾਨਕ ਦੇਵ ਜੀ ਮਹਾਰਾਜ ਨੇ ਸੰਨ 1512 ਈਸਵੀ ਨੂੰ ਲੋਕਾਂ ਨੂੰ ਸਿੱਧੇ ਰਾਹ ਪਾਉਂਦੇ ਹੋਏ ਬਿਦਰ ਪੁੱਜੇ ਸਨ। ਗੁਰੂ ਜੀ ਨੇ ਇੱਥੇ ਸੁੰਦਰ ਪਹਾੜ ਤੇ ਰਮਨੀਕ ਅਸਥਾਨ 'ਤੇ ਡੇਰੇ ਲਾਏ ਸਨ ਅਤੇ ਗੁਰਬਾਣੀ ਕੀਰਤਨ ਨਾਲ ਸੰਗਤਾਂ ਨੂੰ ਨਿਹਾਲ ਕੀਤਾ ਸੀ। ਅਸੀਂ ਇੱਥੇ ਦਰਸ਼ਨ ਕਰਕੇ ਵਾਪਸ ਨੰਦੇੜ ਚਲੇ ਗਏ। ਇਸ ਤੋਂ ਬਾਅਦ ਅਸੀਂ ਘਰ ਵਾਪਸੀ ਕਰ ਲਈ।

**ਕਲਗੀਧਰ ਪਾਤਸ਼ਾਹ ਦਸ਼ਮੇਸ਼ ਪਿਤਾ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਨੇ ਆਪਣਾ ਸਫ਼ਰ ਪਟਨੇ ਦੀ ਪਵਿੱਤਰ ਧਰਤੀ ਤੋਂ ਸ਼ੁਰੂ ਕੀਤਾ, ਪੰਜਾਬ ਨੂੰ ਆਪਣੀ ਕਰਮਭੂਮੀ ਬਣਾਇਆ, ਸ੍ਰੀ ਹਜ਼ੂਰ ਸਾਹਿਬ ਨੰਦੇੜ ਵਿਖੇ ਆਪਣਾ ਆਖਰੀ ਸਮਾਂ ਬਤੀਤ ਕੀਤਾ। ਗੁਰੂ ਜੀ ਨੇ ਆਪਣੇ ਅੰਤਿਮ ਸਮੇਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਗੁਰਗੱਦੀ ਸੌਂਪੀ। ਅਸੀਂ ਲੰਬੇ ਸਫਰ ਤੋਂ ਬਾਅਦ ਨੰਦੇੜ ਰੇਲਵੇ ਸਟੇਸ਼ਨ 'ਤੇ ਪਹੁੰਚ ਗਏ। ਗੁਰਦੁਆਰਾ ਸਾਹਿਬ ਦੀਆਂ ਬੱਸਾਂ ਸੰਗਤਾਂ ਨੂੰ ਲੈਣ ਲਈ ਰੇਲਵੇ ਸਟੇਸ਼ਨ ਆਉਂਦੀਆਂ ਹਨ। ਪਰ ਅਸੀਂ ਆਟੋ ਰਿਕਸ਼ਾ ਕਰਵਾ ਕੇ ਗੁਰਦੁਆਰਾ ਸਾਹਿਬ ਚਲੇ ਗਏ। ਗਰਮੀਆਂ ਦੀਆਂ ਛੁੱਟੀਆਂ ਹੋਣ ਕਰਕੇ ਇੱਥੇ ਸੰਗਤਾਂ ਦਾ ਭਾਰੀ ਇਕੱਠ ਸੀ ਅਤੇ ਅਸੀਂ ਸਭ ਤੋਂ ਪਹਿਲਾਂ ਜਾ ਕੇ ਆਪਣੇ ਵਾਸਤੇ ਇੱਕ ਕਮਰੇ ਦਾ ਪ੍ਰਬੰਧ ਕਰ ਲਿਆ।**





# ਅੰਮ੍ਰਿਤਪਾਲ ਸਿੰਘ ਸ਼ੈਦਾ ਦੀ 'ਲਹੂ-ਲੁਹਾਣ' (ਗ਼ਜ਼ਲਾਂਜਲੀ) ਸਮਾਜਿਕਤਾ ਦੀ ਗੁਹਾਰ

-ਉਜਾਗਰ ਸਿੰਘ
ਸਾਬਕਾ ਜ਼ਿਲ੍ਹਾ ਲੋਕ ਸੰਪਰਕ ਅਧਿਕਾਰੀ
ਮੋਬਾਈਲ-94178 13072
ujagarsingh48@yahoo.com
ਪੰਜਾਬ ਮੇਲ USA



ਅੰਮ੍ਰਿਤਪਾਲ ਸਿੰਘ ਸ਼ੈਦਾ ਸੰਵੇਦਨਸ਼ੀਲ ਤੇ ਪਰਪੱਕ ਗ਼ਜ਼ਲਕਾਰ ਹੈ। ਉਸਦੀ ਗ਼ਜ਼ਲ, ਗ਼ਜ਼ਲ ਦੇ ਮਾਪਦੰਡਾਂ 'ਤੇ ਖ਼ਰੀ ਉਤਰਦੀ ਹੈ। ਹੁਣ ਤੱਕ ਉਸਦੀਆਂ ਗ਼ਜ਼ਲ ਦੀਆਂ ਤਿੰਨ ਪੁਸਤਕਾਂ, ਜਿਨ੍ਹਾਂ ਵਿਚ ਦੋ ਪੰਜਾਬੀ ਅਤੇ ਇੱਕ ਹਿੰਦੀ ਵਿਚ ਪ੍ਰਕਾਸ਼ਤ ਹੋ ਚੁੱਕੀਆਂ ਹਨ। ਪੜਚੋਲ ਅਧੀਨ 'ਲਹੂ-ਲੁਹਾਣ' (ਗ਼ਜ਼ਲਾਂਜਲੀ) ਉਸਦਾ ਚੌਥਾ ਗ਼ਜ਼ਲ-ਸੰਗ੍ਰਹਿ ਹੈ। ਇਹ ਗ਼ਜ਼ਲ-ਸੰਗ੍ਰਹਿ ਅੰਮ੍ਰਿਤਪਾਲ ਸਿੰਘ ਸ਼ੈਦਾ ਦੀ ਵਿਚਾਰਧਾਰਾ ਦਾ ਪ੍ਰਤੀਕ ਹੈ। ਆਮ ਤੌਰ 'ਤੇ ਹੁਣ ਤੱਕ ਗ਼ਜ਼ਲ ਨੂੰ ਰੋਮਾਂਸ ਤੇ ਇਸਤਰੀ ਨਾਲ ਜੋੜਿਆ ਜਾਂਦਾ ਹੈ। ਭਾਵ ਗ਼ਜ਼ਲ ਇਸ਼ਕ-ਮੁਸ਼ਕ ਦੇ ਆਲੇ-ਦੁਆਲੇ ਹੀ ਘੁੰਮਦੀ ਰਹੀ ਹੈ। ਅੰਮ੍ਰਿਤਪਾਲ ਸਿੰਘ ਸ਼ੈਦਾ ਦੀ ਗ਼ਜ਼ਲ ਇਸ਼ਕ-ਮੁਸ਼ਕ ਦੇ ਦਾਇਰੇ ਵਿਚੋਂ ਨਿਕਲਕੇ ਮਾਨਵਤਾ ਦੇ ਹਿੱਤਾਂ ਦੀ ਪਹਿਰੇਦਾਰੀ ਕਰਦੀ ਵਿਖਾਈ ਦਿੰਦੀ ਹੈ। ਇੱਕ ਗ਼ਜ਼ਲ ਦਾ ਵਿਸ਼ਾ ਕਦੀ ਵੀ ਇੱਕ ਨਹੀਂ ਹੁੰਦਾ। ਗ਼ਜ਼ਲ ਦਾ ਹਰ ਸ਼ਿਅਰ ਵੱਖਰਾ ਹੁੰਦਾ ਹੈ। ਗ਼ਜ਼ਲ ਦੇ ਸ਼ਿਅਰ ਵੀ ਘੱਟੋ-ਘੱਟ ਛੇ ਹੁੰਦੇ ਹਨ। ਇਸ ਲਈ ਅੰਮ੍ਰਿਤਪਾਲ ਸਿੰਘ ਸ਼ੈਦਾ ਦੀ ਹਰ ਇੱਕ ਗ਼ਜ਼ਲ ਦੇ ਜਿਤਨੇ ਸ਼ਿਅਰ ਹੁੰਦੇ ਹਨ, ਉਤਨੇ ਹੀ ਵਿਸ਼ੇ ਹੁੰਦੇ ਹਨ। ਸ਼ਾਇਰ ਦੀਆਂ ਗ਼ਜ਼ਲਾਂ ਸਮਾਜਿਕ ਸਰੋਕਾਰਾਂ ਦੀ ਪ੍ਰਤੀਨਿਧਤਾ ਕਰਦੀਆਂ ਹਨ। ਸ਼ਾਇਰ ਸਮਾਜ ਵਿਚ ਵਾਪਰ ਰਹੀ ਹਰ ਘਟਨਾ, ਸਰਗਰਮੀ ਅਤੇ ਸਮਾਜ ਦੇ ਵਰਤਾਰੇ ਤੋਂ ਪ੍ਰਭਾਵਤ ਹੋ ਕੇ ਲਿਖਦਾ ਹੈ। ਇੱਕ ਕਿਸਮ ਨਾਲ ਸਮਾਜ ਦਾ ਸ਼ੀਸ਼ਾ ਪੇਸ਼ ਕਰ ਦਿੰਦਾ ਹੈ। ਗ਼ਜ਼ਲਾਂ ਉਸ ਦੀ ਸੋਚ ਦਾ ਰੂਪ ਹੁੰਦੀਆਂ ਹਨ। ਸ਼ੈਦਾ ਦੀਆਂ ਗ਼ਜ਼ਲਾਂ ਪੜ੍ਹਕੇ ਮਹਿਸੂਸ ਹੋਇਆ ਹੈ ਕਿ ਉਸਨੂੰ ਸਮਾਜ ਦੀ ਬਿਹਤਰੀ ਦੀ ਖ਼ੁਮਾਰੀ ਚੜ੍ਹੀ ਹੋਈ ਹੈ, ਕਿਉਂਕਿ ਉਸਦੀ ਹਰ ਗ਼ਜ਼ਲ ਦੇ ਹਰ ਸ਼ਿਅਰ ਵਿਚ ਸਮਾਜ ਵਿਚਲੀਆਂ ਕੁਰੀਤੀਆਂ ਨੂੰ ਦੂਰ ਕਰਨ ਦੀ ਜਗਿਆਸਾ ਦੀ ਕਿਰਨ ਵਿਖਾਈ ਦਿੰਦੀ ਹੈ। ਉਹ ਗ਼ਰੀਬਾਂ ਦੀ ਵਕਾਲਤ ਕਰਦਾ ਨਜ਼ਰ ਆ ਰਿਹਾ ਹੈ। ਕਦੇ ਉਹ ਸਿਆਸੀ ਚਾਲਾਂ, ਵਿਸੰਗਤੀਆਂ ਅਤੇ ਹਰ ਮਨੁੱਖਤਾ ਮਾਰੂ ਨਸ਼ਿਆਂ ਤੋਂ ਨਿਜਾਤ ਪਾਉਣ ਦੀ ਗੱਲ ਕਰਦਾ ਹੈ, ਕਦੇ ਕਿਸਾਨੀ ਖ਼ੁਦਕਸ਼ੀਆਂ 'ਤੇ ਚਿੰਤਾ ਪ੍ਰਗਟ ਕਰਦਾ ਹੈ, ਕਦੇ ਗ਼ਰੀਬੀ ਦੀ ਤ੍ਰਾਸਦੀ, ਕਦੇ ਗੈਂਗਸਟਰਵਾਦ, ਦੋਹਰੇ ਕਿਰਦਾਰ, ਮਾਨਵੀ ਮਖੌਟਿਆਂ ਆਦਿ ਨੂੰ ਆਪਣੀਆਂ ਗ਼ਜ਼ਲਾਂ ਦਾ ਕੇਂਦਰ ਬਿੰਦੂ ਬਣਾਉਂਦਾ ਹੈ। ਇਸ ਗ਼ਜ਼ਲ-ਸੰਗ੍ਰਹਿ ਵਿਚ ਉਸਨੇ 72 ਗ਼ਜ਼ਲਾਂ ਸ਼ਾਮਲ ਕੀਤੀਆਂ ਹਨ, ਜਿਹੜੀਆਂ ਬਿਹਤਰੀਨ ਜ਼ਿੰਦਗੀ ਜਿਉਣ ਦੇ ਨੁਸਖ਼ੇ ਦਰਸਾਉਂਦੀਆਂ ਹਨ। ਲੋਕਾਈ ਦੀਆਂ ਵੇਦਨਾਵਾਂ ਨੂੰ ਦਰਸਾਉਂਦੀਆਂ ਹੋਈਆਂ ਲੋਕਾਈ ਦੀ ਆਵਾਜ਼ ਬਣਦੀਆਂ ਹਨ। ਇਨਸਾਨ ਦੀ ਜ਼ਿੰਦਗੀ ਜਿਉਣ ਲਈ ਕੀਤੇ ਜਾ ਰਹੇ ਸੰਘਰਸ਼ ਦੌਰਾਨ ਉਸਦੇ ਰਸਤੇ ਵਿਚ ਆ ਰਹੀਆਂ ਦੁੱਖ ਤਕਲੀਫ਼ਾਂ ਦੀ ਬਾਤ ਪਾਉਂਦੀਆਂ ਹਨ। ਇੱਕ ਕਿਸਮ ਨਾਲ ਮਾਨਵਤਾ ਦੇ ਦਰਦਾਂ ਦੀ ਦਾਸਤਾਂ ਬਿਆਨ ਕਰਦੀਆਂ ਹਨ। ਇਨਸਾਨ ਹਉਮੈ ਦੀ ਅਗਨੀ ਦਾ ਸ਼ਿਕਾਰ ਹੁੰਦਾ ਹੈ, ਪ੍ਰੰਤੂ ਗ਼ਜ਼ਲਗੋ ਨੇ ਅਗਨੀ ਦੇ ਸਾਰੇ ਰੂਪਾਂ ਦਾ ਵਰਣਨ ਕਰਦਿਆਂ ਇਸਨੂੰ ਮਨੁੱਖਤਾ ਦੇ ਭਲੇ ਅਤੇ ਨੁਕਸਾਨ ਦੀ ਜ਼ਿੰਮੇਵਾਰ ਵੀ ਕਿਹਾ ਹੈ। ਔਰਤ ਰੂਪੀ ਅਗਨੀ ਮਾਪਿਆਂ ਦੀ ਚਿੰਤਾ ਦਾ ਵਿਸ਼ਾ ਵੀ ਬਣਦੀ ਹੈ, ਪ੍ਰੰਤੂ ਜਦੋਂ ਲੜਕੀ ਆਪਣੀ ਵਿਆਹੁਤਾ ਜ਼ਿੰਦਗੀ ਵਿਚ ਖ਼ੁਸ਼ ਹੁੰਦੀ ਹੈ, ਤਾਂ ਉਹੀ ਅਗਨੀ ਖ਼ੁਸ਼ੀ ਦੀ ਪ੍ਰਤੀਕ ਬਣ ਜਾਂਦੀ ਹੈ। ਸ਼ਾਇਰ ਇਨਸਾਨ ਦੀ ਸਫ਼ਲਤਾ ਵਿਚ ਨਮ੍ਰਤਾ, ਪਿਆਰ-ਮੁਹੱਬਤ, ਸਬਰ-ਸੰਤੋਖ ਅਤੇ ਸਦਭਾਵਨਾ ਦਾ ਹੋਣਾ ਸੋਨੇ 'ਤੇ ਸੁਹਾਗਾ ਸਮਝਦਾ ਹੈ। ਜ਼ਿਆਦਤੀਆਂ ਤੇ ਬੇਜ਼ਮੀਰੇ ਲੋਕਾਂ ਵੱਲੋਂ ਅੱਖਾਂ ਮੀਟਕੇ ਖਾਮੋਸ਼ ਰਹਿਣਾ ਇਨਸਾਫ਼ ਦੇ ਰਾਹ ਬੰਦ ਕਰ ਦਿੰਦੇ ਹਨ, ਜਿਹੜੇ ਤਾਅ ਉਮਰ ਉਨ੍ਹਾਂ ਨੂੰ ਸਤਾਉਂਦੇ ਰਹਿੰਦੇ ਹਨ। ਸ਼ਾਇਰ ਇਨਸਾਨ ਨੂੰ ਹੱਕ-ਸੱਚ 'ਤੇ ਪਹਿਰਾ ਦੇਣ, ਧੜੱਲੇਦਾਰੀ ਨਾਲ ਵਿਚਰਣ, ਨਿਰਪੱਖਤਾ ਦਾ ਪੱਲਾ ਫੜਨ, ਦੂਜਿਆਂ ਦੀ ਤਰੱਕੀ ਨੂੰ ਬਰਦਾਸ਼ਤ ਕਰਨ, ਕੁਰਬਾਨੀਆਂ ਦੀ ਵਿਰਾਸਤ 'ਤੇ ਪਹਿਰਾ ਦੇਣ, ਦਸਤਾਰ ਤੇ ਚੁੰਨੀ ਦੀ ਮਹੱਤਤਾ ਨੂੰ ਸਮਝਣ ਅਤੇ ਗ਼ਰੀਬਾਂ ਦੀ ਮਦਦ ਕਰਕੇ ਸ਼ਾਂਤੀ ਤੇ ਸਦਭਾਵਨਾ ਨਾਲ ਜੀਵਨ ਬਸਰ ਕਰਨ ਦੀ ਤਾਕੀਦ ਵੀ ਕਰਦਾ ਹੈ। ਮਨੁੱਖ ਨੂੰ ਆਪਣਾ ਨਿਸ਼ਾਨਾ ਨਿਸ਼ਚਿਤ ਕਰਕੇ ਦ੍ਰਿੜ੍ਹਤਾ ਨਾਲ ਫਰਜ਼ ਨਿਭਾਉਣੇ ਚਾਹੀਦੇ ਹਨ, ਸਫਲਤਾ ਆਪਣੇ ਆਪ ਪੈਰ ਚੁੰਮੇਗੀ, ਨਿਰਾਸ਼ਤਾ ਨਾਲ ਕੁਝ ਵੀ ਪੱਲੇ ਨਹੀਂ ਪੈਂਦਾ। ਬਹੁਤਾ ਆਦਰਸ਼ਵਾਦ ਵੀ ਖ਼ਤਰੇ ਦੀ ਘੰਟੀ ਹੁੰਦਾ ਹੈ। ਦਲੀਲ ਗੱਲਬਾਤ ਦਾ ਆਧਾਰ ਹੋਣੀ ਚਾਹੀਦੀ ਹੈ, ਗੱਲਾਂ ਨਾਲ ਵੜੇ ਨਹੀਂ ਪੱਕਦੇ, ਕੁਦਰਤ ਦੀ ਕਦਰ ਕਰਦਿਆਂ ਵਾਤਾਵਰਨ ਸਾਫ਼ ਰੱਖਣਾ ਚਾਹੀਦਾ ਹੈ। ਹੈਂਕੜਬਾਜ਼ੀ ਕਰਕੇ ਗਾਜਾ ਦੇ 'ਲਹੂ-ਲੁਹਾਣ' ਨੇ ਮਨੁੱਖਤਾ ਨੂੰ ਸ਼ਰਮਸਾਰ ਕੀਤਾ ਹੈ। ਕਰੋਧ ਨੁਕਸਾਨਦੇਹ ਹੋਣ ਦੇ ਬਾਵਜੂਦ ਮਨੁੱਖ ਇਸਦਾ ਸ਼ਿਕਾਰ ਹੋ ਰਿਹਾ ਹੈ, ਦੂਰਦ੍ਰਿਸ਼ਟੀ ਨਾਲ ਵਿਵਹਾਰ ਕਰਦਿਆਂ ਜ਼ੁਬਾਨ 'ਤੇ ਕਾਬੂ ਰੱਖਣਾ ਲਾਭਦਾਇਕ ਹੋਵੇਗਾ। ਮਨੁੱਖ ਇੰਟਰਨੈੱਟ ਦਾ ਗ਼ੁਲਾਮ ਹੋ ਗਿਆ ਹੈ, ਭਾਵੇਂ ਇਸਦੇ ਲਾਭ ਵੀ ਹਨ, ਪ੍ਰੰਤੂ ਲੋਕ ਪੁੱਠੇ ਰਾਹ ਜ਼ਿਆਦਾ ਪੈ ਗਏ ਹਨ। ਅੰਮ੍ਰਿਤਪਾਲ ਸਿੰਘ ਸ਼ੈਦਾ ਨੇ ਕਲਮਕਾਰਾਂ ਨੂੰ ਵੀ ਝੰਜੋੜਦਿਆਂ ਕਿਹਾ ਹੈ ਕਿ ਨਿਰਪੱਖਤਾ ਦੀ ਪਹਿਰੇਦਾਰੀ ਕਰੋ। ਜ਼ਮੀਨਦੋਜ਼ ਪਾਣੀ ਦੀ ਦੁਰਵਰਤੋਂ, ਕਹਿਣੀ ਤੇ ਕਰਨੀ ਦਾ ਅੰਤਰ ਅਤੇ ਦੋਹਰੇ ਕਿਰਦਾਰਾਂ ਦਾ ਵੀ ਪਾਜ ਉਘੇੜਿਆ ਹੈ। ਹੌਸਲਾ ਰੱਖਣਾ, ਸਰਬ-ਸੰਤੋਖ ਦਾ ਪੱਲਾ ਫੜਨਾ, ਮਨ ਨੀਵਾਂ ਤੇ ਮੱਤ ਉਚੀ ਅਤੇ ਮਨੋਬਲ ਉਚਾ ਰੱਖਣ 'ਤੇ ਜ਼ੋਰ ਦਿੱਤਾ ਹੈ। ਸ਼ਾਇਰ ਵਾਤਵਰਨ ਦੇ ਗੰਧਲਾਪਣ, ਜੰਗਲਾਂ ਦੀ ਕਟਾਈ, ਹਵਾ ਤੇ ਪਾਣੀ ਵਿਚ ਜ਼ਹਿਰੀਲਾਪਣ ਅਤੇ ਬੇਸ਼ੁਮਾਰ ਇਮਾਰਤਾਂ ਬਣਾਉਣ 'ਤੇ ਚਿੰਤਾ ਪ੍ਰਗਟ ਕਰਦਾ ਹੋਇਆ ਆਪਣੀਆਂ ਕਈ ਗ਼ਜ਼ਲਾਂ ਵਿਚ ਸ਼ਿਅਰ ਲਿਖਦਾ ਹੈ। ਸ਼ਹਿਰੀਕਰਨ ਦੀ ਪ੍ਰਵਿਰਤੀ ਵੀ ਕੁਦਰਤ ਨਾਲ ਖਿਲਵਾੜ ਬਣਦੀ ਹੈ। ਵਾਦ-ਵਿਵਾਦ ਮਾਨਵਤਾ ਦੇ ਮਨਾਂ ਵਿਚ ਨਫ਼ਰਤਾਂ ਪੈਦਾ ਕਰਦੇ ਹਨ, ਮਿਹਨਤ ਨਾਲ ਕੀਤੀ ਜੱਦੋ-ਜਹਿਦ ਸ਼ਕਤੀ ਪ੍ਰਦਾਨ ਕਰਦੀ ਹੈ, ਗਦਾਰੀ ਵੀ ਸਮਾਜ ਦਾ ਅਨਿੱਖੜਵਾਂ ਅੰਗ ਬਣ ਗਈ ਹੈ, ਪ੍ਰੰਤੂ ਹਰ ਬੁਰਾਈ ਤੋਂ ਬਾਅਦ ਚੰਗਿਆਈ ਆਉਂਦੀ ਹੈ। ਦੇਸ਼ ਦੀ ਭਾਵੇਂ ਵੰਡ ਹੋ ਗਈ ਹੈ, ਪ੍ਰੰਤੂ ਸਾਂਝਾਂ, ਸੱਭਿਆਚਾਰ ਤੇ ਬੋਲੀ ਕਦੀ ਵੰਡੀ ਨਹੀਂ ਜਾ ਸਕਦੀ, ਸ਼ਾਇਰ ਦੁਬਾਰਾ ਇੱਕਮਿਕਤਾ ਦੇ ਸਪਨੇ ਸਿਰਜਦਾ ਹੈ। ਸੋਨੇ ਦੇ ਚਮਚ ਵਿਚ ਗੁੜ੍ਹਤੀਆਂ ਲੈਣ ਵਾਲੇ ਹਮੇਸ਼ਾ ਨਿਤਾਣਿਆਂ ਨਾਲ ਜ਼ੋਰ ਜ਼ਬਰਦਸਤੀਆਂ ਕਰਦੇ ਹਨ, ਪ੍ਰੰਤੂ ਸੱਚਾਈ ਹਮੇਸ਼ਾ ਭਾਰੂ ਰਹਿੰਦੀ ਹੈ। ਸ਼ਾਇਰ ਮਾਪਿਆਂ ਦੀ ਅਣਗਹਿਲੀ ਅਤੇ ਬਿਰਧ ਆਸ਼ਰਮਾਂ ਦੀ ਬਹੁਤਾਤ ਨੂੰ ਵੀ ਗ਼ਜ਼ਲਾਂ ਵਿਚ ਵਿਸ਼ਾ ਬਣਾਉਂਦਾ ਹੈ। ਵਿਖਾਵਾ ਪ੍ਰਧਾਨ ਹੈ, ਲੁੱਟਾਂ-ਖੋਹਾਂ, ਦੰਗੇ, ਨਫ਼ਰਤਾਂ ਆਮ ਹੋ ਰਹੀਆਂ ਹਨ, ਭੁੱਖਮਰੀ ਹੈ, ਪ੍ਰੰਤੂ ਗ਼ਜ਼ਲਗੋ ਫਿਰਵੀ ਚੰਗੇ ਦਿਨਾਂ ਦੀ ਆਸ ਕਰਦਾ ਹੈ। ਸਰਕਾਰਾਂ ਨੂੰ ਲੋਕ ਭਲਾਈ ਦੇ ਕਦਮ ਚੁੱਕਣੇ ਚਾਹੀਦੇ ਹਨ। ਵਰਤਮਾਨ ਲੋਕਾਈ ਮਕਾਨਾਂ ਵਿਚ ਰਹਿੰਦੀ ਮਕਾਨਾਂ ਨੂੰ ਘਰਾਂ ਦਾ ਦਰਜਾ ਨਹੀਂ ਦੇ ਸਕੀ, ਕਿਉਂਕਿ ਸਾਂਝੇ ਪਰਿਵਾਰ ਟੁੱਟ ਰਹੇ ਹਨ। ਰਿਸ਼ਤਿਆਂ ਅਤੇ ਤਹਿਜ਼ੀਬ ਵਿਚ ਗਿਰਾਵਟ ਆ ਗਈ ਹੈ। ਲਗਪਗ ਹਰ ਘਰ ਵਿਚ ਝਗੜੇ ਹੁੰਦੇ ਹਨ, ਕਿਉਂਕਿ ਵਿਚਾਰਾਂ ਦਾ ਵੱਖਰਾਪਣ ਹੁੰਦਾ ਹੈ, ਪ੍ਰੰਤੂ ਮਿਲ ਬੈਠਕੇ ਸਮਝੌਤਾ ਕਰਨਾ ਚਾਹੀਦਾ ਹੈ। ਅੱਜਕੱਲ੍ਹ ਹਰ ਗੱਲ ਦੀ ਜਾਣਕਾਰੀ ਅਖ਼ਬਾਰਾਂ ਤੋਂ ਮਿਲਦੀ ਹੈ, ਕਿਉਂਕਿ ਮਨੁੱਖ ਇੱਕ ਦੂਜੇ ਤੋਂ ਦੂਰ ਹੋ ਗਿਆ ਹੈ। ਭਰੂਣ ਹੱਤਿਆ ਚਿੰਤਾ ਦਾ ਵਿਸ਼ਾ ਹੈ, ਮਰਦ ਪ੍ਰਧਾਨ ਸਮਾਜ ਵਿਚ ਸਤੀ ਦੀ ਪ੍ਰਥਾ ਹੁੰਦੀ ਰਹੀ, ਪ੍ਰੰਤੂ ਮਰਦ ਕਦੇ ਵੀ ਔਰਤ ਦੇ ਨਾਲ ਸਤੀ ਨਹੀਂ ਹੋਇਆ। ਜਿਸਮਾਂ ਦੀ ਕੁਰਬਾਨੀ ਤਾਂ ਸਹੀ ਹੈ, ਪ੍ਰੰਤੂ ਜਿਸਮਾਂ ਦੇ ਬਾਜ਼ਾਰ ਮਨੁੱਖਤਾ ਦੀ ਤ੍ਰਾਸਦੀ ਹੈ। ਸੱਪਾਂ ਨੂੰ ਦੁੱਧ ਪਿਲਾਉਣ ਨਾਲ ਉਹ ਆਪਣੇ ਨਹੀਂ ਬਣਦੇ, ਭਾਵ ਖ਼ਤਰਨਾਕ ਤੇ ਚਾਲਬਾਜ਼ ਲੋਕ ਆਪਣੀ ਆਦਤ ਤੋਂ ਪਿੱਛੇ ਨਹੀਂ ਹੱਟ ਸਕਦੇ। ਅਨਪੜ੍ਹਤਾ ਕਈ ਨੁਕਸਾਨਦਾਇਕ ਤੇ ਕਈ ਵਾਰ ਪੜ੍ਹੇ ਲਿਖਿਆਂ ਨਾਲੋਂ ਵੀ ਚੰਗੀ ਸਾਬਤ ਹੁੰਦੀ ਹੈ। ਅਮਨ ਸ਼ਾਂਤੀ, ਸਹਿਜਤਾ ਅਤੇ ਧਰਮ ਨਿੱਪਖਤਾ ਗਹਿਣੇ ਹਨ। ਹਰ ਮੁਸ਼ਕਲ ਦਾ ਹੱਲ ਹੁੰਦਾ, ਸਮਾਂ ਕਿਸੇ ਦੇ ਹੱਥ ਵਿਚ ਨਹੀਂ ਹੁੰਦਾ, ਜੰਗ ਮਾਨਵਤਾ ਦਾ ਦੁਸ਼ਮਣ, ਰੁਤਬਾ ਸਥਾਈ ਨਹੀਂ ਹੁੰਦਾ, ਸੋਨੇ ਚਾਂਦੀ ਦੇ ਗਹਿਣਿਆਂ ਦੀ ਥਾਂ ਸ਼ਰਮ ਦਾ ਗਹਿਣਾ ਪਾਉਣਾ ਜ਼ਰੂਰੀ, ਨੌਜਵਾਨੀ ਦਾ ਜੋਸ਼ ਸੰਭਾਲਣਾ ਜ਼ਰੂਰੀ ਹੁੰਦਾ ਅਤੇ ਭਟਕਣਾ ਕਮਜ਼ੋਰੀ ਦੀ ਨਿਸ਼ਾਨੀ ਹੁੰਦੀ ਹੈ। ਇਹ ਸਾਰਾ ਕੁਝ ਅੰਮ੍ਰਿਤਪਾਲ ਸਿੰਘ ਸ਼ੈਦਾ ਦੀਆਂ ਗ਼ਜ਼ਲਾਂ ਕਹਿੰਦੀਆਂ ਹਨ। ਇਸ ਲਈ ਉਸਨੂੰ ਬਿਹਤਰੀਨ ਗ਼ਜ਼ਲਕਾਰ ਕਿਹਾ ਜਾ ਸਕਦਾ ਹੈ।




*ਇਸ ਗ਼ਜ਼ਲ-ਸੰਗ੍ਰਹਿ ਵਿਚ ਉਸਨੇ 72 ਗ਼ਜ਼ਲਾਂ ਸ਼ਾਮਲ ਕੀਤੀਆਂ ਹਨ, ਜਿਹੜੀਆਂ ਬਿਹਤਰੀਨ ਜ਼ਿੰਦਗੀ ਜਿਉਣ ਦੇ ਨੁਸਖ਼ੇ ਦਰਸਾਉਂਦੀਆਂ ਹਨ। ਲੋਕਾਈ ਦੀਆਂ ਵੇਦਨਾਵਾਂ ਨੂੰ ਦਰਸਾਉਂਦੀਆਂ ਹੋਈਆਂ ਲੋਕਾਈ ਦੀ ਆਵਾਜ਼ ਬਣਦੀਆਂ ਹਨ। ਇਨਸਾਨ ਦੀ ਜ਼ਿੰਦਗੀ ਜਿਉਣ ਲਈ ਕੀਤੇ ਜਾ ਰਹੇ ਸੰਘਰਸ਼ ਦੌਰਾਨ ਉਸਦੇ ਰਸਤੇ ਵਿਚ ਆ ਰਹੀਆਂ ਦੁੱਖ ਤਕਲੀਫ਼ਾਂ ਦੀ ਬਾਤ ਪਾਉਂਦੀਆਂ ਹਨ। ਇੱਕ ਕਿਸਮ ਨਾਲ ਮਾਨਵਤਾ ਦੇ ਦਰਦਾਂ ਦੀ ਦਾਸਤਾਂ ਬਿਆਨ ਕਰਦੀਆਂ ਹਨ। ਇਨਸਾਨ ਹਉਮੈ ਦੀ ਅਗਨੀ ਦਾ ਸ਼ਿਕਾਰ ਹੁੰਦਾ ਹੈ, ਪ੍ਰੰਤੂ ਗ਼ਜ਼ਲਗੋ ਨੇ ਅਗਨੀ ਦੇ ਸਾਰੇ ਰੂਪਾਂ ਦਾ ਵਰਣਨ ਕਰਦਿਆਂ ਇਸਨੂੰ ਮਨੁੱਖਤਾ ਦੇ ਭਲੇ ਅਤੇ ਨੁਕਸਾਨ ਦੀ ਜ਼ਿੰਮੇਵਾਰ ਵੀ ਕਿਹਾ ਹੈ। ਔਰਤ ਰੂਪੀ ਅਗਨੀ ਮਾਪਿਆਂ ਦੀ ਚਿੰਤਾ ਦਾ ਵਿਸ਼ਾ ਵੀ ਬਣਦੀ ਹੈ, ਪ੍ਰੰਤੂ ਜਦੋਂ ਲੜਕੀ ਆਪਣੀ ਵਿਆਹੁਤਾ ਜ਼ਿੰਦਗੀ ਵਿਚ ਖ਼ੁਸ਼ ਹੁੰਦੀ ਹੈ, ਤਾਂ ਉਹੀ ਅਗਨੀ ਖ਼ੁਸ਼ੀ ਦੀ ਪ੍ਰਤੀਕ ਬਣ ਜਾਂਦੀ ਹੈ।*

**104 ਪੰਨਿਆਂ, 200 ਰੁਪਏ ਕੀਮਤ ਵਾਲਾ ਇਹ ਗ਼ਜ਼ਲ-ਸੰਗ੍ਰਹਿ ਸ਼ਬਦਾਂਜ਼ਲੀ ਪਬਲੀਕੇਸ਼ਨਜ਼ ਪਟਿਆਲਾ ਨੇ ਪ੍ਰਕਾਸ਼ਤ ਕੀਤਾ ਹੈ। ਸੰਪਰਕ ਅੰਮ੍ਰਿਤਪਾਲ ਸਿੰਘ ਸ਼ੈਦਾ : 9855232575**

# ਐਪਸਟਾਈਨ ਫਾਈਲਾਂ: ਸ਼ਰਮ, ਚੁੱਪ ਅਤੇ ਸਾਡੀ ਸਮੂਹਿਕ ਅਸਫਲਤਾ

## (ਸੱਤਾ-ਸੁਰੱਖਿਅਤ ਅਪਰਾਧਾਂ ਦੇ ਸਾਹਮਣੇ ਸਮਾਜ, ਮੀਡੀਆ ਅਤੇ ਨਿਆਂ ਦੀ ਸਮੂਹਿਕ ਜਾਂਚ)


-ਡਾ. ਸਤਿਆਵਾਨ 'ਸੌਰਭ'
ਬਰਵਾ (ਸਿਵਾਨੀ) ਭਿਵਾਨੀ, ਹਰਿਆਣਾ
ਮੋਬਾਈਲ : 94665-26148, 01255281381
ਪੰਜਾਬ ਮੇਲ USA





ਇਤਿਹਾਸ ਵਿਚ ਅਜਿਹੇ ਪਲ ਆਉਂਦੇ ਹਨ, ਜਦੋਂ ਸੱਭਿਅਤਾ ਆਪਣੇ ਸ਼ੀਸ਼ੇ ਵਿਚ ਦੇਖਣ ਤੋਂ ਡਰਦੀ ਹੈ। ਅੱਜ, ਅਸੀਂ ਬਿਲਕੁਲ ਉਸੇ ਮੋੜ 'ਤੇ ਖੜ੍ਹੇ ਹਾਂ। ਸਾਹਮਣੇ ਆ ਰਹੇ ਘੁਟਾਲੇ - ਵੀਡੀਓ, ਦਸਤਾਵੇਜ਼ ਅਤੇ ਗਵਾਹ ਜਿਨ੍ਹਾਂ ਦੇ ਜਨਤਕ ਹੋ ਗਏ ਹਨ - ਸਿਰਫ਼ ਅਪਰਾਧ ਨਹੀਂ ਹਨ, ਸਗੋਂ ਮਨੁੱਖਤਾ ਵਿਰੁੱਧ ਯੋਜਨਾਬੱਧ, ਸੁਰੱਖਿਅਤ ਅਤੇ ਰਾਜ-ਸਮਰਥਿਤ ਹਮਲੇ ਹਨ। ਇਨ੍ਹਾਂ ਘਟਨਾਵਾਂ ਦੀ ਭਿਆਨਕਤਾ ਇੰਨੀ ਡੂੰਘੀ ਹੈ ਕਿ ਸ਼ਬਦ ਵੀ ਲੜਖੜਾ ਜਾਂਦੇ ਹਨ। ਫਿਰ ਵੀ, ਸਮਾਜ ਉਨ੍ਹਾਂ ਨੂੰ "ਸਮੱਗਰੀ" ਵਜੋਂ - ਦਿਲਚਸਪੀ, ਰੋਮਾਂਚ ਅਤੇ ਪਲ ਭਰ ਦੀ ਘ੍ਰਿਣਾ ਨਾਲ - ਖਾਂਦਾ ਰਹਿੰਦਾ ਹੈ ਅਤੇ ਫਿਰ ਅਗਲੀ ਸੰਵੇਦਨਾ ਵੱਲ ਵਧਦਾ ਹੈ।

ਇਹ ਕੋਈ ਨਵੀਂ ਕਹਾਣੀ ਨਹੀਂ ਹੈ। ਹਰ ਵੱਡੇ ਘੁਟਾਲੇ, ਹਰ ਸਮੂਹਿਕ ਅਪਰਾਧ, ਦੇ ਬਾਅਦ ਇੱਕ ਸਮਾਨ ਕ੍ਰਮ ਆਇਆ ਹੈ - ਪਹਿਲਾਂ ਇਨਕਾਰ, ਫਿਰ ਅੰਸ਼ਕ ਤੌਰ 'ਤੇ ਸਵੀਕਾਰ, ਫਿਰ ਮੁਆਫ਼ੀ ਜਾਂ ਅਸਤੀਫਾ ਅਤੇ ਅੰਤ ਵਿਚ, "ਮੁਕਾਬਲਤਨ ਬਿਹਤਰ" ਹੋਣ ਦੀ ਖੁਸ਼ਬੂਦਾਰ ਸੰਤੁਸ਼ਟੀ। ਜਿਵੇਂ ਕਿ ਨਿਆਂ ਇੱਕ ਤੁਲਨਾਤਮਕ ਮਾਪਦੰਡ ਹੋਵੇ, ਜਿੱਥੇ ਘੱਟ ਬੁਰਾ ਹੋਣਾ ਚੰਗੇ ਹੋਣ ਦਾ ਸਬੂਤ ਬਣ ਜਾਂਦਾ ਹੈ। ਪਰ ਅਸਲ ਸਵਾਲ ਹੋਰ ਡੂੰਘਾ ਹੈ - ਜਦੋਂ ਅਪਰਾਧ ਕੀਤੇ ਜਾ ਰਹੇ ਸਨ, ਤਾਂ ਆਤਮਾ ਕਿੱਥੇ ਸੀ? ਕੀ ਨੈਤਿਕਤਾ ਸਿਰਫ਼ ਕੈਮਰਿਆਂ ਦੇ ਸਾਹਮਣੇ ਹੀ ਜਾਗਦੀ ਹੈ?

ਇਨ੍ਹਾਂ ਘੁਟਾਲਿਆਂ ਦਾ ਸਭ ਤੋਂ ਭਿਆਨਕ ਪਹਿਲੂ ਸ਼ਕਤੀ ਦੀ ਗਤੀਸ਼ੀਲਤਾ ਹੈ। ਜਦੋਂ ਉੱਚਤਮ ਅਹੁਦਿਆਂ 'ਤੇ ਬੈਠੇ ਲੋਕ - ਜਿਨ੍ਹਾਂ ਨੂੰ ਸਮਾਜ ਦੇਵਤਾ ਵਰਗਾ ਸਮਝਦਾ ਹੈ - ਅਪਰਾਧੀਆਂ ਨਾਲ ਸਹਿਯੋਗ ਕਰਦੇ, ਉਨ੍ਹਾਂ ਦੀ ਰੱਖਿਆ ਕਰਦੇ, ਲਾਭ ਉਠਾਉਂਦੇ ਜਾਂ ਉਨ੍ਹਾਂ ਲਈ ਰਾਹ ਪੱਧਰਾ ਕਰਦੇ ਪਾਏ ਜਾਂਦੇ ਹਨ, ਤਾਂ ਲੋਕਤੰਤਰ ਦੀਆਂ ਨੀਂਹਾਂ ਹਿੱਲ ਜਾਂਦੀਆਂ ਹਨ। ਇਹ ਵਿਅਕਤੀਗਤ ਨੈਤਿਕ ਪਤਨ ਨਹੀਂ ਹੈ, ਸਗੋਂ ਸੰਸਥਾਗਤ ਅਪਰਾਧ ਹੈ। ਕਿਉਂਕਿ ਜਦੋਂ ਅਪਰਾਧ ਨੂੰ ਸਿਸਟਮ ਦੀ ਸੁਰੱਖਿਆ ਮਿਲਦੀ ਹੈ, ਤਾਂ ਇਹ ਇੱਕ ਅਪਵਾਦ ਨਹੀਂ ਰਹਿ ਜਾਂਦਾ - ਇਹ ਇੱਕ ਸਿਸਟਮ ਬਣ ਜਾਂਦਾ ਹੈ।

ਮੀਡੀਆ ਨੂੰ ਇੱਥੇ ਇੱਕ ਨਿਰਣਾਇਕ ਭੂਮਿਕਾ ਨਿਭਾਉਣੀ ਚਾਹੀਦੀ ਸੀ। ਪਰ ਇਹ ਅਕਸਰ ਦੋ ਧਰੁਵਾਂ ਵਿਚ ਵੰਡਿਆ ਹੋਇਆ ਜਾਪਦਾ ਹੈ - ਇੱਕ ਪਾਸੇ ਸਨਸਨੀਖੇਜ਼ਤਾ, ਦੂਜੇ ਪਾਸੇ ਚੁੱਪ। ਸਨਸਨੀਖੇਜ਼ਤਾ ਪੀੜਤਾਂ ਦੀ ਇੱਜ਼ਤ ਨੂੰ ਕੁਚਲਦੀ ਹੈ, ਜਦੋਂ ਕਿ ਚੁੱਪੀ ਦੋਸ਼ੀਆਂ ਨੂੰ ਸਮਾਂ ਅਤੇ ਸੁਰੱਖਿਆ ਦਿੰਦੀ ਹੈ। ਟੀ.ਆਰ.ਪੀ., ਕਲਿੱਕਾਂ ਅਤੇ ਰੁਝਾਨਾਂ ਦੀ ਦੌੜ ਵਿਚ ਸੱਚਾਈ ਨੂੰ ਦਬਾ ਦਿੱਤਾ ਜਾਂਦਾ ਹੈ। ਨਤੀਜਾ ਇਹ ਹੁੰਦਾ ਹੈ ਕਿ ਜਨਤਾ ਨੂੰ ਭਾਵਨਾਤਮਕ ਝਟਕੇ ਮਿਲਦੇ ਹਨ, ਤੱਥ ਨਹੀਂ - ਅਤੇ ਅਜਿਹੇ ਝਟਕੇ ਜੋ ਕਦੇ ਵੀ ਸਥਾਈ ਸਮਾਜਿਕ ਕਾਰਵਾਈ ਵੱਲ ਨਹੀਂ ਲੈ ਜਾਂਦੇ।

ਕਾਨੂੰਨ ਲਾਗੂ ਕਰਨ ਵਾਲੀਆਂ ਅਤੇ ਜਾਂਚ ਏਜੰਸੀਆਂ ਦੀ ਸਥਿਤੀ ਵੀ ਭਰੋਸਾ ਦੇਣ ਵਾਲੀ ਨਹੀਂ ਹੈ। ਧੀਮੀ ਜਾਂਚ, ਅਧਿਕਾਰ ਖੇਤਰ ਦੀਆਂ ਗੁੰਝਲਾਂ, ਰਾਜਨੀਤਿਕ ਦਬਾਅ ਅਤੇ ਬੇਅੰਤ ਪ੍ਰਕਿਰਿਆਵਾਂ - ਇਹ ਸਭ ਮਿਲ ਕੇ ਨਿਆਂ ਵਿਚ ਦੇਰੀ ਲਈ ਇੱਕ ਸੁਚੱਜੀ ਤੰਤਰ ਬਣਾਉਂਦੇ ਹਨ। ਇਹ ਕਿਹਾ ਜਾਂਦਾ ਹੈ ਕਿ ਨਿਆਂ ਵਿੱਚ ਦੇਰੀ ਨਾਲ ਨਿਆਂ ਤੋਂ ਇਨਕਾਰ ਕੀਤਾ ਜਾਂਦਾ ਹੈ; ਇਹ ਕਹਾਵਤ ਇੱਥੇ ਸੱਚ ਹੋ ਜਾਂਦੀ ਹੈ। ਪੀੜਤ ਥੱਕ ਜਾਂਦੇ ਹਨ, ਗਵਾਹ ਡਰ ਜਾਂਦੇ ਹਨ ਅਤੇ ਅਪਰਾਧੀ ਸਮੇਂ ਦੇ ਨਾਲ ਹੋਰ ਸ਼ਕਤੀਸ਼ਾਲੀ ਹੋ ਜਾਂਦੇ ਹਨ।



ਹਾਲਾਂਕਿ, ਸਭ ਤੋਂ ਅਸੁਵਿਧਾਜਨਕ ਸਵਾਲ ਆਮ ਲੋਕਾਂ ਨੂੰ ਚਿੰਤਾ ਕਰਦਾ ਹੈ। ਕੀ ਅਸੀਂ ਸੱਚਮੁੱਚ ਅਧਰੰਗੀ ਹਾਂ? ਜਾਂ ਕੀ ਸਾਨੂੰ ਗੁੱਸੇ ਵਿਚ ਰਹਿਣ ਲਈ ਮਜਬੂਰ ਕੀਤਾ ਗਿਆ ਹੈ ਪਰ ਸੰਗਠਿਤ ਹੋਣ ਦੇ ਅਯੋਗ ਹਾਂ? ਸੋਸ਼ਲ ਮੀਡੀਆ ਸਾਨੂੰ ਆਵਾਜ਼ ਦਿੰਦਾ ਹੈ, ਪਰ ਕੋਈ ਦਿਸ਼ਾ ਨਹੀਂ ਦਿੰਦਾ। ਅਸੀਂ ਪੋਸਟ ਕਰਦੇ ਹਾਂ, ਸਾਂਝਾ ਕਰਦੇ ਹਾਂ, ਦੁਰਵਿਵਹਾਰ ਕਰਦੇ ਹਾਂ, ਅਤੇ ਮੰਨਦੇ ਹਾਂ ਕਿ ਅਸੀਂ ਆਪਣਾ ਫਰਜ਼ ਨਿਭਾਇਆ ਹੈ। ਅਸਲ ਦੁਨੀਆਂ ਵਿਚ ਉੱਦਮ ਕਰਨ ਲਈ ਧੀਰਜ, ਕਮਜ਼ੋਰੀ ਅਤੇ ਦ੍ਰਿੜ੍ਹਤਾ - ਇਹ ਬਹੁਤ ਘੱਟ ਹੋ ਗਏ ਹਨ।

ਇਹ ਵੀ ਸੱਚ ਹੈ ਕਿ ਜਨਤਾ ਨੂੰ ਥਕਾਉਣ ਲਈ ਇੱਕ ਜਾਣਬੁੱਝ ਕੇ ਰਣਨੀਤੀ ਵਰਤੀ ਜਾਂਦੀ ਹੈ। ਜਾਣਕਾਰੀ ਦਾ ਹੜ੍ਹ, ਵਿਰੋਧੀ ਦਾਅਵੇ, ਜਾਅਲੀ ਖ਼ਬਰਾਂ ਅਤੇ ਅੱਧ-ਸੱਚ - ਇਹ ਸਭ ਉਲਝਣ ਪੈਦਾ ਕਰਨ ਲਈ ਵਰਤੇ ਜਾਂਦੇ ਹਨ। ਅਤੇ ਉਲਝਣ ਅਕਿਰਿਆਸ਼ੀਲਤਾ ਪੈਦਾ ਕਰਦਾ ਹੈ। ਇੱਕ ਪੈਸਿਵ ਸਮਾਜ ਅਪਰਾਧੀਆਂ ਲਈ ਸਭ ਤੋਂ ਸੁਰੱਖਿਅਤ ਵਾਤਾਵਰਣ ਹੁੰਦਾ ਹੈ।

ਕੁਝ ਦੇਸ਼ਾਂ ਵਿਚ, ਮੁਆਫ਼ੀ ਮੰਗੀ ਜਾ ਰਹੀ ਹੈ, ਅਸਤੀਫ਼ੇ ਦਿੱਤੇ ਜਾ ਰਹੇ ਹਨ ਅਤੇ ਇਨ੍ਹਾਂ ਨੂੰ ਮਹੱਤਵਪੂਰਨ ਪ੍ਰਾਪਤੀਆਂ ਵਜੋਂ ਪੇਸ਼ ਕੀਤਾ ਜਾ ਰਿਹਾ ਹੈ। ਪਰ ਮੁਆਫ਼ੀ ਸਿਰਫ਼ ਤਾਂ ਹੀ ਮਾਇਨੇ ਰੱਖਦੀ ਹੈ, ਜੇਕਰ ਉਨ੍ਹਾਂ ਦੇ ਨਾਲ ਜਵਾਬਦੇਹੀ ਹੋਵੇ - ਕਾਨੂੰਨੀ ਕਾਰਵਾਈ, ਜਾਇਦਾਦ ਜ਼ਬਤ, ਨੈੱਟਵਰਕ ਐਕਸਪੋਜਰ ਅਤੇ ਸਥਾਈ ਸੰਸਥਾਗਤ ਸੁਧਾਰ। ਸਿਰਫ਼ ਚਿਹਰੇ ਬਦਲਣ ਨਾਲ ਸਿਸਟਮ ਨਹੀਂ ਬਦਲਦਾ। ਅਸਤੀਫ਼ਾ ਨਿਆਂ ਨਹੀਂ ਹੈ; ਸਭ ਤੋਂ ਵਧੀਆ, ਇਹ ਇਸਦੀ ਸ਼ੁਰੂਆਤ ਹੋ ਸਕਦੀ ਹੈ।

ਇਸ ਪੂਰੇ ਦ੍ਰਿਸ਼ ਦਾ ਸਭ ਤੋਂ ਅਣਗੌਲਿਆ ਪਹਿਲੂ ਪੀੜਤ ਹਨ। ਉਨ੍ਹਾਂ ਦੀਆਂ ਕਹਾਣੀਆਂ, ਉਨ੍ਹਾਂ ਦਾ ਦਰਦ ਅਤੇ ਉਨ੍ਹਾਂ ਦਾ ਪੁਨਰਵਾਸ - ਸਭ ਹਾਸ਼ੀਏ 'ਤੇ ਧੱਕੇ ਗਏ ਹਨ। ਹਾਲਾਂਕਿ, ਨਿਆਂ ਸਿਰਫ਼ ਸਜ਼ਾ ਬਾਰੇ ਨਹੀਂ ਹੈ; ਇਸਦਾ ਅਰਥ ਹੈ ਪੀੜਤ ਦੇ ਜੀਵਨ ਨੂੰ ਦੁਬਾਰਾ ਬਣਾਉਣਾ। ਸਲਾਹ, ਥੈਰੇਪੀ, ਸਿੱਖਿਆ, ਰੁਜ਼ਗਾਰ, ਅਤੇ ਗਵਾਹਾਂ ਦੀ ਸੁਰੱਖਿਆ - ਇਹ ਸਭ ਅਦਾਲਤੀ ਕਾਰਵਾਈਆਂ ਵਾਂਗ ਜ਼ਰੂਰੀ ਹਨ। ਉਨ੍ਹਾਂ ਤੋਂ ਬਿਨਾਂ, ਨਿਆਂ ਹਮੇਸ਼ਾ ਅਧੂਰਾ ਰਹੇਗਾ।

ਤਾਂ ਫਿਰ ਕੀ ਰਸਤਾ ਹੈ? ਬਦਲਾ ਨਹੀਂ। ਹਿੰਸਾ ਦੀ ਇੱਛਾ ਸਾਨੂੰ ਉਨ੍ਹਾਂ ਜ਼ਾਲਮਾਂ ਤੋਂ ਵੱਖ ਨਹੀਂ ਕਰਦੀ, ਜਿਨ੍ਹਾਂ ਨੂੰ ਅਸੀਂ ਨਫ਼ਰਤ ਕਰਦੇ ਹਾਂ। ਸੱਭਿਅਤਾ ਬੇਰਹਿਮੀ ਨਾਲ ਨਹੀਂ, ਸਗੋਂ ਜਵਾਬਦੇਹੀ ਨਾਲ ਜਿੱਤਦੀ ਹੈ। ਇਸ ਲਈ ਸਮਾਜ ਨੂੰ ਕੁਝ ਬੁਨਿਆਦੀ ਨੁਕਤਿਆਂ 'ਤੇ ਇਕਜੁੱਟ ਹੋਣ ਦੀ ਲੋੜ ਹੈ।

ਪਹਿਲਾ, ਸੁਤੰਤਰ ਅਤੇ ਅੰਤਰਰਾਸ਼ਟਰੀ ਜਾਂਚ, ਕਿਉਂਕਿ ਸਿਰਫ਼ ਰਾਸ਼ਟਰੀ ਏਜੰਸੀਆਂ ਹੀ ਸਰਹੱਦ ਪਾਰ ਅਤੇ ਸ਼ਾਸਨ-ਸਮਰਥਿਤ ਅਪਰਾਧਾਂ ਲਈ ਨਾਕਾਫ਼ੀ ਹਨ। ਦੂਜਾ, ਪੂਰਾ ਖੁਲਾਸਾ—ਨਾਵਾਂ, ਅਹੁਦਿਆਂ, ਨੈੱਟਵਰਕਾਂ ਅਤੇ ਵਿੱਤੀ ਲੈਣ-ਦੇਣ ਦਾ ਜਨਤਕ ਖੁਲਾਸਾ। ਤੀਜਾ, ਕਾਨੂੰਨੀ ਸੁਧਾਰ—ਵਿਸ਼ੇਸ਼ ਅਦਾਲਤਾਂ, ਸਮੇਂ ਸਿਰ ਮੁਕੱਦਮੇ ਅਤੇ ਮਜ਼ਬੂਤ ਗਵਾਹ, ਸੁਰੱਖਿਆ ਕਾਨੂੰਨ। ਚੌਥਾ, ਜ਼ਿੰਮੇਵਾਰ ਮੀਡੀਆ ਜੋ ਪੀੜਤ-ਕੇਂਦ੍ਰਿਤ, ਤੱਥਾਂ 'ਤੇ ਆਧਾਰਿਤ ਅਤੇ ਇਕਸਾਰ ਰਿਪੋਰਟਿੰਗ ਪ੍ਰਦਾਨ ਕਰਦਾ ਹੈ। ਪੰਜਵਾਂ, ਨਾਗਰਿਕ ਏਕਤਾ—ਸ਼ਾਂਤਮਈ, ਸੰਗਠਿਤ ਅਤੇ ਨਿਰੰਤਰ ਦਬਾਅ। ਕਿਉਂਕਿ ਤਬਦੀਲੀ ਕਿਸੇ ਇੱਕ ਅਹੁਦੇ ਤੋਂ ਨਹੀਂ, ਸਗੋਂ ਨਿਰੰਤਰਤਾ ਤੋਂ ਆਉਂਦੀ ਹੈ। ਅੰਤ ਵਿਚ, ਇਹ ਨੈਤਿਕਤਾ ਦੀ ਲੜਾਈ ਹੈ। ਹਰ ਸਮਾਜ ਨੂੰ ਕਿਸੇ ਸਮੇਂ ਇਹ ਫੈਸਲਾ ਕਰਨਾ ਪਵੇਗਾ ਕਿ ਸਹੂਲਤ ਚੁਣਨੀ ਹੈ ਜਾਂ ਸੱਚ। ਸਹੂਲਤ ਸਾਨੂੰ ਨੀਂਦ ਲਿਆਉਂਦੀ ਹੈ, ਜਦੋਂ ਕਿ ਸੱਚ ਸਾਨੂੰ ਬੇਚੈਨ ਕਰਦਾ ਹੈ ਅਤੇ ਇਤਿਹਾਸ ਹਮੇਸ਼ਾ ਉਸ ਬੇਚੈਨੀ ਵਿਚੋਂ ਅੱਗੇ ਵਧਦਾ ਹੈ। ਬੇਰਹਿਮੀ ਨੂੰ ਸਜ਼ਾ ਦਿੱਤੀ ਜਾਵੇ। ਪਰ ਇਤਿਹਾਸ ਸਾਡਾ ਨਿਰਣਾ ਇਸ ਗੱਲ ਤੋਂ ਕਰੇਗਾ ਕਿ ਅਸੀਂ ਆਪਣੇ ਗੁੱਸੇ ਨੂੰ ਪਲ ਭਰ ਦੀ ਨਫ਼ਰਤ ਵਿਚ ਬਰਬਾਦ ਕਰਦੇ ਹਾਂ ਜਾਂ ਇਸਨੂੰ ਤਬਦੀਲੀ ਲਈ ਇੱਕ ਸੰਗਠਿਤ ਸ਼ਕਤੀ ਵਿਚ ਬਦਲਦੇ ਹਾਂ। ਚੁੱਪ ਹੁਣ ਕੋਈ ਵਿਕਲਪ ਨਹੀਂ ਹੈ। ਨਿਆਂ ਦੀ ਜਿੱਤ ਹੋਣੀ ਚਾਹੀਦੀ ਹੈ, ਭਾਵੇਂ ਦੇਰ ਨਾਲ - ਅਤੇ ਨਿਆਂ ਜੋ ਨਾ ਸਿਰਫ਼ ਦੋਸ਼ੀਆਂ ਨੂੰ ਸਜ਼ਾ ਦਿੰਦਾ ਹੈ, ਬਲਕਿ ਭਵਿੱਖ ਨੂੰ ਵੀ ਸੁਰੱਖਿਅਤ ਕਰਦਾ ਹੈ।

ਇਹ ਇਸ ਸਮੇਂ ਦੀ ਸਭ ਤੋਂ ਵੱਡੀ ਮੰਗ ਹੈ। ਅਤੇ ਇਹ ਸਾਡੀ ਸਭ ਤੋਂ ਵੱਡੀ ਜ਼ਿੰਮੇਵਾਰੀ ਵੀ ਹੈ।


---


ਸ਼ਿਵਚਰਨ ਜੱਗੀ ਕੁੱਸਾ
ਪੰਜਾਬ ਮੇਲ USA




# ਬੇਬੇ ਮੈਂ ਬਦਮਾਸ਼ ਬਣੂੰਗਾ

## ਫ਼ਿਲਮ ਸਮੀਖਿਆ




ਇੱਕ ਵਾਰ ਮੇਰਾ ਇੱਕ ਮਿੱਤਰ ਇੰਗਲੈਂਡ ਆਇਆ। ਮੇਰਾ ਉਸ ਦੇ ਬਾਪੂ ਜੀ ਨਾਲ ਬਹੁਤ ਪ੍ਰੇਮ ਸੀ। ਬਾਪੂ ਵੀ ਮੈਨੂੰ ਆਪਣੇ ਪੁੱਤਰਾਂ ਨਾਲੋਂ ਵੱਧ ਮੋਹ ਕਰਦਾ ਸੀ। ਜਦ ਉਹ ਮਿੱਤਰ ਇੰਡੀਆ ਨੂੰ ਵਾਪਸ ਜਾਣ ਲੱਗਿਆ, ਤਾਂ ਮੈਂ ਉਸ ਦੇ ਹੱਥ ਬਲੈਕ ਲੇਬਲ ਵਿਸਕੀ ਦੀ ਇੱਕ ਲੀਟਰ ਦੀ ਬੋਤਲ ਦੇ ਦਿੱਤੀ, "ਇਹ ਬਾਪੂ ਜੀ ਵਾਸਤੇ ਐ, ਤੇ ਜਾਣ ਸਾਰ ਬਾਪੂ ਦੇ ਹੱਥ ਫੜਾ ਦੇਵੀਂ!" ਉਹ ਮਿੱਤਰ ਬੜਾ ਖੁਸ਼ ਹੋਇਆ ਅਤੇ ਬੋਤਲ ਫੜ ਕੇ ਬੈਗ ਵਿਚ ਪਾ ਲਈ। ਉਸ ਦੀ ਖੁਸ਼ੀ ਦਾ ਅੰਦਾਜ਼ਾ ਲਾ ਕੇ ਮੈਂ ਉਸ ਨੂੰ ਫਿਰ ਕਿਹਾ, "ਇਹਨੂੰ ਰਾਹ ਵਿਚ ਹੀ ਨਾ ਸੜ੍ਹਾਕ ਜਾਈਂ! ਇਹ ਬੋਤਲ ਬਾਪੂ ਜੀ ਵਾਸਤੇ ਐ!!" ...ਤਾਂ ਉਹ "ਸਮਝ ਗਿਆ ਬਾਈ...!" ਆਖ ਕੇ ਏਅਰਪੋਰਟ ਦੇ ਅੰਦਰ ਤੁਰ ਗਿਆ। ਤੀਜੇ ਦਿਨ ਮਿੱਤਰ ਦਾ ਠੀਕ-ਠਾਕ ਪਹੁੰਚਣ ਦਾ ਫ਼ੋਨ ਆਇਆ, "ਬਾਪੂ ਦੀ ਅਮਾਨਤ ਬਾਪੂ ਨੂੰ ਫ਼ੜਾ ਦਿੱਤੀ ਸੀ?" ਮੈਂ ਬੋਤਲ ਬਾਰੇ ਪੁੱਛਿਆ, ਤਾਂ ਉਹ ਬੜੇ ਮਿਜ਼ਾਜ਼ ਨਾਲ ਵਿਅੰਗਮਈ ਬੋਲਿਆ, "ਉਹ ਤਾਂ ਬਾਈ ਮੈਂ ਜਹਾਜ਼ ਵਿਚ ਹੀ ਖਿੱਚਤੀ ਸੀ...। ਨਾਲੇ ਬਾਪੂ ਅੱਗੇ ਕਿਹੜਾ ਬਲੈਕ ਲੇਬਲ ਹੀ ਪੀਂਦਾ ਸੀ? ਮੈਂ ਉਹਨੂੰ ਮੋਟੇ ਸੰਤਰੇ ਦੀ ਬੋਤਲ ਲਿਆ ਕੇ ਦੇ ਦਿੱਤੀ ਸੀ।" ਅਚਾਨਕ ਉਹ ਹੱਡਬੀਤੀ "ਬੇਬੇ ਮੈਂ ਬਦਮਾਸ਼ ਬਣੂੰਗਾ" ਫ਼ਿਲਮ ਦੇਖ ਕੇ ਦੁਬਾਰਾ ਮਹਿਸੂਸ ਕੀਤੀ। ਜਦ ਮੈਂ ਸਿਨੇਮਾਂ ਹਾਲ ਵਿਚ ਦਾਖਲ ਹੋਇਆ, ਤਾਂ ਓਥੇ ਵੀਹ-ਪੱਚੀ ਕੁ ਦਰਸ਼ਕ ਸਨ। ਕਰੀਬ ਪੌਣਾਂ ਹਾਲ ਖਾਲੀ ਪਿਆ ਸੀ। ਮੈਂ ਸੋਚਿਆ ਸਾਡੇ ਲੋਕ "ਮੋਟੇ ਸੰਤਰੇ" ਦੇ ਸ਼ੌਕੀਨ ਹਨ, ਭਾਵ ਕੱਚੀ-ਪੱਕੀ ਕੌਮੇਡੀ ਮੂਵੀਆਂ ਦੇ। ਜਿਹੜੇ ਵਾਰ-ਵਾਰ ਸਾਗ ਨਾਲ ਡਬਲਰੋਟੀ ਖਾਈ ਜਾਂਦੇ ਹਨ।

ਇਸ ਫ਼ਿਲਮ ਦਾ ਲੇਖਕ ਅਤੇ ਡਾਇਰੈਕਟਰ ਸੁਖਮਿੰਦਰ ਧੰਜਲ ਮੇਰਾ ਪੁਰਾਣਾ ਜਿਗਰੀ ਯਾਰ ਹੈ। ਸਾਡੀ ਯਾਰੀ ਨੂੰ ਤਾਂ ਕੋਈ ਕਬਾੜੀਆ ਵੀ ਚੁੱਕਣ ਲਈ ਤਿਆਰ ਨਹੀਂ। ਇਸ ਲਈ ਇਹ ਗੱਲ ਸਭ ਤੋਂ ਪਹਿਲਾਂ ਕਹਾਂਗਾ ਕਿ ਹਰ ਬੰਦੇ ਦੀ ਆਪਣੀ-ਆਪਣੀ ਪਸੰਦ ਹੈ। ਹੋ ਸਕਦਾ ਹੈ ਕਿਸੇ ਮਿੱਤਰ ਨੂੰ ਇਹ ਫ਼ਿਲਮ ਨਾ ਪਸੰਦ ਆਈ ਹੋਵੇ। ਪਰ ਇਸ ਫ਼ਿਲਮ ਵਿਚ ਕਮਾਲ ਦੇ ਕਟਾਕਸ਼ ਕੀਤੇ ਹੋਏ ਹਨ ਅਤੇ ਭ੍ਰਿਸ਼ਟ ਸਿਸਟਮ ਉੱਪਰ ਮਿਰਜ਼ੇ ਦੀਆਂ ਕਾਨੀਆਂ ਵਰ੍ਹਾਈਆਂ ਗਈਆਂ ਹਨ। ਕਿਤੇ-ਕਿਤੇ ਜੱਟ ਦੀ ਕੁਤਕੁਤੀ ਵਾਲੀ ਸਲੰਘ ਵੱਖੀ ਵਿਚ ਦੀ ਕੱਢੀ ਹੋਈ ਹੈ। ਇੱਥੇ ਮੈਂ ਫ਼ਿਲਮ ਦੀ ਕਹਾਣੀ ਦਾ ਜ਼ਿਕਰ ਨਹੀਂ ਕਰਾਂਗਾ, ਪਰ ਇਤਨੀ ਗੱਲ ਦਾਅਵੇ ਨਾਲ ਕਹਾਂਗਾ, ਕਿ ਜੇ ਆਪਣੇ ਲੋਕ ਨਾਮ ਉੱਪਰ ਨਾ ਜਾ ਕੇ, ਇਸ ਦੇ ਵਿਸ਼ੇ ਅਤੇ ਫ਼ਿਲਮ ਬਣਾਉਣ ਦੇ ਮਕਸਦ ਉੱਪਰ ਆਪਣਾ ਧਿਆਨ ਇਕਾਗਰ ਕਰਨ, ਤਾਂ ਇਹ ਫ਼ਿਲਮ ਕਿਸੇ ਵੱਡੇ ਇਨਾਮ ਦੀ ਹੱਕਦਾਰ ਹੋਵੇਗੀ। ਇਸ ਫ਼ਿਲਮ ਵਿਚ ਮੈਨੂੰ ਇੱਕ ਵੀ ਸੀਨ ਵਾਧੂ ਜਾਂ ਫ਼ਾਲਤੂ ਨਜ਼ਰ ਨਹੀਂ ਆਇਆ ਅਤੇ ਹਰ ਕਲਾਕਾਰ ਨੇ ਆਪਣਾ ਬਣਦਾ ਯੋਗਦਾਨ ਪਾਇਆ ਅਤੇ ਆਪਣੇ ਕਿਰਦਾਰ ਨੂੰ ਬਾਖ਼ੂਬੀ ਨਿਭਾਇਆ।


ਕਿਸੇ ਨੂੰ ਮਾਂਹ ਬਾਦੀ ਅਤੇ ਕਿਸੇ ਨੂੰ ਮਾਫ਼ਕ ਹੁੰਦੇ ਨੇ। ਜ਼ਰੂਰੀ ਨਹੀਂ ਕਿ ਜੋ ਫ਼ਿਲਮ ਮੈਨੂੰ ਪਸੰਦ ਹੈ, ਉਹ ਹਰ ਇੱਕ ਨੂੰ ਹੀ ਪਸੰਦ ਆਵੇਗੀ। ਜਦ ਕੈਨੇਡਾ ਵੱਸਦੇ ਮੇਰੇ ਦੋਸਤ ਗੁਰਪ੍ਰੀਤ ਸਿੰਘ ਨੇ "ਬੇਬੇ ਮੈਂ ਤਾਂ ਸੰਤ ਬਣੂੰਗਾ" ਗੀਤ ਗਾਇਆ, ਤਾਂ ਸਾਧ ਲਾਣਾ ਬੜਾ ਟੱਪਿਆ ਸੀ। ਪਰ ਉਸ ਦਾ ਉਦੇਸ਼ ਕਿਸੇ ਨੂੰ 'ਸੰਤ' ਬਣਾਉਣਾ ਨਹੀਂ ਸੀ ਅਤੇ ਨਾ ਹੀ ਉਸ ਗੀਤ ਕਾਰਨ ਅੱਜ ਤੱਕ ਕੋਈ ਸੰਤ ਬਣਿਆ। ਉਸ ਦਾ ਮਕਸਦ ਤਾਂ ਉਨ੍ਹਾਂ ਦੇ ਕਾਰਿਆਂ ਉੱਪਰ ਚੋਟ ਕਰਨ ਦਾ ਸੀ। ਉਹੀ ਹਾਲ ਇਸ ਫ਼ਿਲਮ ਦੇ ਨਾਮ ਤੋਂ ਕਈ ਲੋਕਾਂ ਦਾ ਹੋਇਆ ਹੈ। ਇਸ ਫ਼ਿਲਮ ਵਿਚ ਲੇਖਕ ਅਤੇ ਡਾਇਰੈਕਟਰ ਸੁਖਮਿੰਦਰ ਧੰਜਲ ਦਾ ਮਕਸਦ ਉਨ੍ਹਾਂ ਕਾਲੇ ਕਾਰਨਾਮਿਆਂ ਤੋਂ ਪਰਦਾ ਚੁੱਕਣਾ ਸੀ, ਜੋ ਸਾਡੇ ਸਮਾਜ ਵਿਚ ਕੋਹੜ ਵਾਂਗ ਫ਼ੈਲ ਚੁੱਕੇ ਹਨ। ਜੇ ਕਿਸੇ ਦੇ ਕਹਿਣ 'ਤੇ ਕੋਈ ਸਾਧ, ਜਾਂ ਬਦਮਾਸ਼ ਬਣਦਾ ਹੁੰਦਾ, ਤਾਂ ਅੱਜ ਦੁਨੀਆਂ ਦਾ ਮੂੰਹ-ਮੁਹਾਂਦਰਾ ਹੀ ਕੁਝ ਹੋਰ ਹੋਣਾ ਸੀ। ਸਿਆਣੇ ਆਖਦੇ ਹਨ ਕਿ ਜੇ ਕਿਸੇ 'ਸਿਆਣੇ' ਦੇ ਹੱਥ ਜ਼ਹਿਰ ਵੀ ਆ ਜਾਵੇ, ਤਾਂ ਉਹ ਜ਼ਹਿਰ ਨੂੰ 'ਮਾਰ ਕੇ' ਔਸ਼ਧੀ ਬਣਾ ਕੇ ਸੌ ਰੋਗੀ ਨੂੰ ਤੰਦਰੁਸਤ ਕਰ ਦਿੰਦਾ ਹੈ। ਪਰ ਜੇ ਕਿਸੇ ਮੂਰਖ ਦੇ ਹੱਥ ਸ਼ਹਿਦ ਵੀ ਲੱਗ ਜਾਵੇ, ਤਾਂ ਉਹ ਕਿਸੇ ਨੂੰ ਅੰਨ੍ਹੇਵਾਹ ਪਿਆ ਕੇ 'ਮੋਕ' ਵੀ ਲਾ ਦਿੰਦਾ ਹੈ। ਮੇਰਾ ਕਹਿਣ ਦਾ ਮਤਲਬ ਸਾਨੂੰ ਹਰ ਵਿਸ਼ੇ ਵਿਚੋਂ ਕੰਮ ਦੀਆਂ ਗੱਲਾਂ ਚੁਣਨੀਆਂ ਅਤੇ ਗ੍ਰਹਿਣ ਕਰਨੀਆਂ ਚਾਹੀਦੀਆਂ ਹਨ। ਅਸੀਂ ਵਾਰ-ਵਾਰ ਦੁਹਾਈ ਦਿੰਦੇ ਹਾਂ, ਕਿ ਜੀ ਚੰਗੀਆਂ ਫ਼ਿਲਮਾਂ ਨਹੀਂ ਬਣਦੀਆਂ...ਸਾਨੂੰ 'ਚੀਪ ਕੌਮੇਡੀ' ਪਰੋਸੀ ਜਾ ਰਹੀ ਹੈ... ਅਤੇ ਪੰਜਾਬੀ ਸਿਨੇਮਾਂ ਨਿਘਾਰ ਵੱਲ ਧੱਕਿਆ ਜਾ ਰਿਹਾ ਹੈ...। ਪਰ ਜੇ ਕੋਈ ਲੇਖਕ ਅਤੇ ਡਾਇਰੈਕਟਰ ਕੋਈ ਨਵਾਂ ਵਿਸ਼ਾ ਲੈ ਕੇ ਫ਼ਿਲਮ ਬਣਾਉਂਦਾ ਹੈ, ਤਾਂ ਅਸੀਂ ਉਸ ਉੱਪਰ ਵੀ ਨੱਕ-ਬੁੱਲ੍ਹ ਮਾਰਦੇ ਹਾਂ। ਫਿਰ ਪੰਜਾਬੀ ਸਿਨੇਮੇ ਦੇ ਭਵਿੱਖ ਪ੍ਰਤੀ ਅਸੀਂ ਦੱਸੋ ਕਿੰਨੇ ਕੁ ਸੰਜੀਦਾ ਹਾਂ?

ਮੈਂ ਖ਼ੁਦ ਇੱਕ ਨਾਵਲਕਾਰ ਹੋਣ ਦੇ ਨਾਤੇ ਇਹ ਗੱਲ ਦਾਅਵੇ ਅਤੇ ਨਿੱਜੀ ਤਜ਼ਰਬੇ ਤੋਂ ਕਹਾਂਗਾ ਕਿ ਇਸ ਭ੍ਰਿਸ਼ਟ ਸਿਸਟਮ ਅਤੇ ਸਮੇਂ-ਸਮੇਂ ਦੇ ਹਾਕਮਾਂ ਦੇ ਖ਼ਿਲਾਫ਼ ਲਿਖਣਾ, ਜਾਂ ਫ਼ਿਲਮ ਬਣਾਉਣਾ ਕੋਈ ਖਾਲਾ ਜੀ ਦਾ ਵਾੜਾ ਨਹੀਂ, ਸ਼ੇਰ ਦੀ ਅਸਵਾਰੀ ਕਰਨ ਦੇ ਬਰਾਬਰ ਹੈ। ਇਸ ਲਈ ਸਾਨੂੰ ਫ਼ਿਲਮ ਦੇ ਲੇਖਕ, ਡਾਇਰੈਕਟਰ ਅਤੇ ਪ੍ਰੋਡਿਊਸਰ ਦੇ ਪੱਖ ਵਿਚ ਖੜ੍ਹਨਾ ਅਤੇ ਬਣਦਾ ਸਹਿਯੋਗ ਦੇਣਾ ਬਣਦਾ ਹੈ। ਸਮਾਜਿਕ ਮਸਲਿਆਂ ਦੀ ਗੱਲ ਕਰਨ ਵਾਲੇ ਹਿੰਮਤੀ ਬੰਦਿਆਂ ਦੇ ਗਿੱਟੇ 'ਤੇ ਸੋਟੀ ਮਾਰਨਾ ਸਾਡੇ ਲਈ ਕੋਈ ਸ਼ੋਭਾ ਵਾਲੀ ਗੱਲ ਨਹੀਂ ਹੋਵੇਗੀ। ਅੰਤ ਵਿਚ ਮੈਂ ਸਾਡੇ ਮਿੱਤਰ ਸੁਖਮਿੰਦਰ ਧੰਜਲ ਅਤੇ ਉਸ ਦੀ ਸਮੁੱਚੀ ਟੀਮ ਨੂੰ ਇਸ ਉਸਾਰੂ ਵਿਸ਼ੇ ਉੱਪਰ ਬਣਾਈ ਫ਼ਿਲਮ ਲਈ ਹਾਰਦਿਕ ਮੁਬਾਰਕਬਾਦ ਪੇਸ਼ ਕਰਦਾ ਹਾਂ ਅਤੇ ਦਰਸ਼ਕਾਂ ਨੂੰ "ਬੇਬੇ ਮੈਂ ਬਦਮਾਸ਼ ਬਣੂੰਗਾ" ਫ਼ਿਲਮ ਦੇਖਣ ਦੀ ਪੁਰਜ਼ੋਰ ਅਪੀਲ ਕਰੂੰਗਾ।

ਡਾ. ਵਿਜੈ ਗਰਗ
ਸੇਵਾਮੁਕਤ ਪ੍ਰਿੰਸੀਪਲ ਕਾਲਮਨਵੀਸ, ਉੱਘੇ
ਸਿੱਖਿਆ ਸ਼ਾਸਤਰੀ ਗਲੀ ਕੌਰ ਚੰਦ
ਐੱਮ.ਐੱਚ.ਆਰ. ਮਲੋਟ ਪੰਜਾਬ
ਪੰਜਾਬ ਮੇਲ USA



# ਸਰੀਰ, ਆਪਣੇ ਆਪ ਨੂੰ ਠੀਕ ਕਰਦਾ ਹੈ




"ਸਰੀਰ, ਆਪਣੇ ਆਪ ਨੂੰ ਠੀਕ ਕਰਦਾ" ਇਹ ਸਿਰਫ਼ ਇੱਕ ਕਾਵਿਕ ਵਾਕੰਸ਼ ਨਹੀਂ ਹੈ; ਇਹ ਜੀਵ ਵਿਗਿਆਨ, ਦਵਾਈ ਅਤੇ ਪ੍ਰਾਚੀਨ ਬੁੱਧੀ ਵਿਚ ਜੜ੍ਹਾਂ ਵਾਲਾ ਇੱਕ ਡੂੰਘਾ ਸੱਚ ਹੈ। ਮਨੁੱਖੀ ਸਰੀਰ ਕੋਈ ਪੈਸਿਵ ਮਸ਼ੀਨ ਨਹੀਂ ਹੈ, ਜੋ ਬਾਹਰੋਂ ਮੁਰੰਮਤ ਦੀ ਉਡੀਕ ਕਰ ਰਹੀ ਹੋਵੇ। ਇਹ ਇੱਕ ਜੀਵਤ, ਬੁੱਧੀਮਾਨ ਪ੍ਰਣਾਲੀ ਹੈ, ਜਿਸ ਵਿਚ ਸਹੀ ਹਾਲਾਤਾਂ ਦੇ ਬਾਵਜੂਦ ਆਪਣੀ ਰੱਖਿਆ, ਮੁਰੰਮਤ ਅਤੇ ਬਹਾਲ ਕਰਨ ਦੀ ਅਸਾਧਾਰਨ ਸਮਰੱਥਾ ਹੈ।

ਸਾਡੇ ਜਨਮ ਦੇ ਪਲ ਤੋਂ ਹੀ, ਸਰੀਰ ਆਪਣੇ ਆਪ ਨੂੰ ਠੀਕ ਕਰਨ ਦਾ ਇਹ ਚੁੱਪ-ਚਾਪ ਕੰਮ ਸ਼ੁਰੂ ਕਰ ਦਿੰਦਾ ਹੈ। ਚਮੜੀ 'ਤੇ ਇੱਕ ਕੱਟ ਆਪਣੇ ਆਪ ਬੰਦ ਹੋ ਜਾਂਦਾ ਹੈ, ਟੁੱਟੀਆਂ ਹੱਡੀਆਂ ਇਕੱਠੀਆਂ ਬਣ ਜਾਂਦੀਆਂ ਹਨ, ਇਨਫੈਕਸ਼ਨ ਸਾਡੇ ਸੁਚੇਤ ਯਤਨਾਂ ਤੋਂ ਬਿਨਾਂ ਇਮਿਊਨ ਸੈੱਲਾਂ ਦੁਆਰਾ ਲੜਦੇ ਹਨ। ਸੂਖਮ ਪੱਧਰ 'ਤੇ ਵੀ, ਖਰਾਬ ਹੋਏ ਡੀ.ਐੱਨ.ਏ. ਦੀ ਮੁਰੰਮਤ ਕੀਤੀ ਜਾਂਦੀ ਹੈ, ਪੁਰਾਣੇ ਸੈੱਲਾਂ ਨੂੰ ਬਦਲਿਆ ਜਾਂਦਾ ਹੈ ਅਤੇ ਸੰਤੁਲਨ ਲਗਾਤਾਰ ਬਹਾਲ ਕੀਤਾ ਜਾਂਦਾ ਹੈ। ਇਹ ਬਿਲਟ-ਇਨ ਇਲਾਜ ਸ਼ਕਤੀ ਹੀ ਸਾਨੂੰ ਹਰ ਸਕਿੰਟ ਜ਼ਿੰਦਾ ਰੱਖਦੀ ਹੈ।

ਆਧੁਨਿਕ ਦਵਾਈ ਅਕਸਰ ਬਾਹਰੀ ਦਖਲਅੰਦਾਜ਼ੀ - ਦਵਾਈਆਂ, ਸਰਜਰੀਆਂ ਅਤੇ ਤਕਨਾਲੋਜੀਆਂ 'ਤੇ ਕੇਂਦ੍ਰਿਤ ਹੁੰਦੀ ਹੈ। ਇਹ ਅਨਮੋਲ ਹਨ, ਖਾਸ ਕਰਕੇ ਐਮਰਜੈਂਸੀ ਵਿਚ। ਫਿਰ ਵੀ, ਇਹ ਦਖਲਅੰਦਾਜ਼ੀ ਵੀ ਵੱਡੇ ਪੱਧਰ 'ਤੇ ਸਫਲ ਹੁੰਦੀ ਹੈ ਕਿਉਂਕਿ ਸਰੀਰ ਸਹਿਯੋਗ ਕਰਦਾ ਹੈ। ਇੱਕ ਦਵਾਈ ਆਪਣੇ ਆਪ ਵਿਚ ਬਿਮਾਰੀ ਨੂੰ ਠੀਕ ਨਹੀਂ ਕਰਦੀ; ਇਹ ਸਰੀਰ ਦੇ ਆਪਣੇ ਵਿਧੀਆਂ ਦਾ ਸਮਰਥਨ ਕਰਦੀ ਹੈ। ਇੱਕ ਸਰਜਨ ਫ੍ਰੈਕਚਰ ਨੂੰ ਇਕਸਾਰ ਕਰਦਾ ਹੈ, ਪਰ ਇਹ ਸਰੀਰ ਹੀ ਅਸਲ ਵਿਚ ਹੱਡੀ ਨੂੰ ਠੀਕ ਕਰਦਾ ਹੈ। ਇਸ ਅਰਥ ਵਿਚ, ਡਾਕਟਰ ਮਦਦ ਕਰਦੇ ਹਨ; ਸਰੀਰ ਠੀਕ ਹੋ ਜਾਂਦਾ ਹੈ।

ਪ੍ਰਾਚੀਨ ਇਲਾਜ ਪ੍ਰੰਪਰਾਵਾਂ ਨੇ ਮਾਈਕ੍ਰੋਸਕੋਪਾਂ ਅਤੇ ਪ੍ਰਯੋਗਸ਼ਾਲਾਵਾਂ ਦੇ ਮੌਜੂਦ ਹੋਣ ਤੋਂ ਬਹੁਤ ਪਹਿਲਾਂ ਇਸ ਨੂੰ ਪਛਾਣਿਆ ਸੀ। ਆਯੁਰਵੇਦ ਅਤੇ ਯੋਗਾ ਵਰਗੀਆਂ ਪ੍ਰਣਾਲੀਆਂ ਨੇ ਸਰੀਰ, ਮਨ ਅਤੇ ਵਾਤਾਵਰਣ ਵਿਚਕਾਰ ਸਦਭਾਵਨਾ 'ਤੇ ਜ਼ੋਰ ਦਿੱਤਾ। ਉਨ੍ਹਾਂ ਨੇ ਸਿਖਾਇਆ ਕਿ ਜਦੋਂ ਇਹ ਇਕਸੁਰਤਾ ਮਾੜੀ ਖੁਰਾਕ, ਤਣਾਅ, ਨੀਂਦ ਦੀ ਘਾਟ, ਜਾਂ ਨਕਾਰਾਤਮਕ ਭਾਵਨਾਵਾਂ ਦੁਆਰਾ ਵਿਗਾੜ ਦਿੱਤੀ ਜਾਂਦੀ ਹੈ, ਤਾਂ ਬਿਮਾਰੀ ਪੈਦਾ ਹੁੰਦੀ ਹੈ। ਇਸ ਲਈ, ਇਲਾਜ ਰੁਕਾਵਟਾਂ ਨੂੰ ਹਟਾਉਣ ਅਤੇ ਸਰੀਰ ਦੀ ਕੁਦਰਤੀ ਬੁੱਧੀ ਨੂੰ ਸੁਤੰਤਰ ਤੌਰ 'ਤੇ ਕੰਮ ਕਰਨ ਦੀ ਆਗਿਆ ਦੇ ਕੇ ਸ਼ੁਰੂ ਹੁੰਦਾ ਹੈ।

ਇਸ ਪ੍ਰਕਿਰਿਆ ਵਿਚ ਮਨ ਇੱਕ ਮਹੱਤਵਪੂਰਨ ਭੂਮਿਕਾ ਨਿਭਾਉਂਦਾ ਹੈ। ਵਿਗਿਆਨਕ ਅਧਿਐਨ ਹੁਣ ਉਸ ਗੱਲ ਦੀ ਪੁਸ਼ਟੀ ਕਰਦੇ ਹਨ, ਜਿਸਨੂੰ ਕਦੇ ਦਾਰਸ਼ਨਿਕ ਮੰਨਿਆ ਜਾਂਦਾ ਸੀ: ਵਿਚਾਰ, ਭਾਵਨਾਵਾਂ ਅਤੇ ਵਿਸ਼ਵਾਸ ਸਰੀਰਕ ਸਿਹਤ ਨੂੰ ਪ੍ਰਭਾਵਿਤ ਕਰਦੇ ਹਨ। ਪੁਰਾਣਾ ਤਣਾਅ ਇਮਿਊਨਿਟੀ ਨੂੰ ਕਮਜ਼ੋਰ ਕਰਦਾ ਹੈ, ਇਲਾਜ ਨੂੰ ਹੌਲੀ ਕਰ ਦਿੰਦਾ ਹੈ, ਅਤੇ ਜੀਵਨ ਸ਼ੈਲੀ ਦੀਆਂ ਬਿਮਾਰੀਆਂ ਨੂੰ ਵਧਾਉਂਦਾ ਹੈ। ਦੂਜੇ ਪਾਸੇ, ਸ਼ਾਂਤੀ, ਉਮੀਦ ਅਤੇ ਇੱਕ ਸਕਾਰਾਤਮਕ ਦ੍ਰਿਸ਼ਟੀਕੋਣ ਰਿਕਵਰੀ ਨੂੰ ਤੇਜ਼ ਕਰ ਸਕਦਾ ਹੈ। ਪਲੇਸਬੋ ਪ੍ਰਭਾਵ ਖੁਦ ਸਰੀਰ ਦੇ ਵਿਸ਼ਵਾਸ ਪ੍ਰਤੀ ਜਵਾਬ ਦੇਣ ਦੀ ਇੱਕ ਸ਼ਾਨਦਾਰ ਉਦਾਹਰਣ ਹੈ।

ਜੀਵਨ ਸ਼ੈਲੀ ਰੋਜ਼ਾਨਾ ਦੀ ਭਾਸ਼ਾ ਹੈ, ਜਿਸ ਰਾਹੀਂ ਅਸੀਂ ਆਪਣੇ ਸਰੀਰ ਨਾਲ ਸੰਚਾਰ ਕਰਦੇ ਹਾਂ। ਪੌਸ਼ਟਿਕ ਭੋਜਨ ਮੁਰੰਮਤ ਲਈ ਕੱਚਾ ਮਾਲ ਪ੍ਰਦਾਨ ਕਰਦਾ ਹੈ। ਢੁੱਕਵੀਂ ਨੀਂਦ ਸਰੀਰ ਦੀ ਮੁਰੰਮਤ ਵਰਕਸ਼ਾਪ ਹੈ, ਜਿੱਥੇ ਹਾਰਮੋਨਸ ਦੁਬਾਰਾ ਸੰਤੁਲਿਤ ਹੁੰਦੇ ਹਨ ਅਤੇ ਟਿਸ਼ੂ ਪੁਨਰਜਨਮ ਕਰਦੇ ਹਨ। ਸਰੀਰਕ ਗਤੀਵਿਧੀ ਸਰਕੂਲੇਸ਼ਨ ਨੂੰ ਬਿਹਤਰ ਬਣਾਉਂਦੀ ਹੈ, ਹਰ ਸੈੱਲ ਵਿਚ ਆਕਸੀਜਨ ਅਤੇ ਪੌਸ਼ਟਿਕ ਤੱਤ ਪਹੁੰਚਾਉਂਦੀ ਹੈ। ਚੁੱਪ, ਪ੍ਰਤੀਬਿੰਬ ਅਤੇ ਸੁਚੇਤ ਸਾਹ ਦਿਮਾਗੀ ਪ੍ਰਣਾਲੀ ਨੂੰ ਸ਼ਾਂਤ ਕਰਦੇ ਹਨ, ਇੱਕ ਅੰਦਰੂਨੀ ਵਾਤਾਵਰਣ ਬਣਾਉਂਦੇ ਹਨ, ਜਿੱਥੇ ਇਲਾਜ ਵਧ ਸਕਦਾ ਹੈ।

"ਸਰੀਰ, ਆਪਣੇ ਆਪ ਨੂੰ ਠੀਕ ਕਰੋ" ਦਾ ਮਤਲਬ ਡਾਕਟਰੀ ਦੇਖਭਾਲ ਨੂੰ ਰੱਦ ਕਰਨਾ ਜਾਂ ਦੁੱਖ ਦੀ ਵਡਿਆਈ ਕਰਨਾ ਨਹੀਂ ਹੈ। ਇਸਦਾ ਮਤਲਬ ਹੈ ਸਰੀਰ ਨੂੰ ਇੱਕ ਸਰਗਰਮ ਸਾਥੀ ਵਜੋਂ ਪਛਾਣਨਾ, ਨਾ ਕਿ ਇੱਕ ਬੇਵੱਸ ਪੀੜਤ ਵਜੋਂ। ਇਹ ਸ਼ਰਧਾ ਦੀ ਮੰਗ ਕਰਦਾ ਹੈ - ਥਕਾਵਟ, ਦਰਦ, ਜਾਂ ਭਾਵਨਾਤਮਕ ਪਰੇਸ਼ਾਨੀ ਵਰਗੇ ਸ਼ੁਰੂਆਤੀ ਚੇਤਾਵਨੀ ਸੰਕੇਤਾਂ ਨੂੰ ਨਜ਼ਰਅੰਦਾਜ਼ ਕਰਨ ਦੀ ਬਜਾਏ ਸੁਣਨਾ। ਇਸ ਦ੍ਰਿਸ਼ਟੀਕੋਣ ਤੋਂ, ਬਿਮਾਰੀ ਸਿਰਫ਼ ਇੱਕ ਦੁਸ਼ਮਣ ਨਹੀਂ ਹੈ, ਸਗੋਂ ਅਕਸਰ ਸੁਧਾਰ ਅਤੇ ਦੇਖਭਾਲ ਦੀ ਤਾਕੀਦ ਕਰਨ ਵਾਲਾ ਸੁਨੇਹਾ ਹੁੰਦਾ ਹੈ।

ਜਲਦੀ ਹੱਲ ਕਰਨ ਵੱਲ ਭੱਜਦੀ ਦੁਨੀਆਂ ਵਿਚ, ਇਹ ਵਿਚਾਰ ਧੀਰਜ ਅਤੇ ਜ਼ਿੰਮੇਵਾਰੀ ਨੂੰ ਸੱਦਾ ਦਿੰਦਾ ਹੈ। ਸੱਚੀ ਇਲਾਜ ਹਮੇਸ਼ਾ ਤੁਰੰਤ ਨਹੀਂ ਹੁੰਦਾ; ਇਹ ਇੱਕ ਅਲਾਈਨਮੈਂਟ ਦੀ ਪ੍ਰਕਿਰਿਆ ਹੈ। ਜਦੋਂ ਅਸੀਂ ਸਰੀਰ ਨੂੰ ਸਿਹਤਮੰਦ ਆਦਤਾਂ, ਭਾਵਨਾਤਮਕ ਸੰਤੁਲਨ ਅਤੇ ਸਮੇਂ ਸਿਰ ਡਾਕਟਰੀ ਮਦਦ ਨਾਲ ਸਮਰਥਨ ਦਿੰਦੇ ਹਾਂ, ਤਾਂ ਇਸਦੀ ਜਨਮਜਾਤ ਬੁੱਧੀ ਪ੍ਰਗਟ ਹੁੰਦੀ ਹੈ।

ਅੰਤ ਵਿਚ, "**Body, heal yourself**" - ਇਹ ਵਿਸ਼ਵਾਸ ਦੀ ਯਾਦ ਦਿਵਾਉਂਦਾ ਹੈ। ਸਾਡੇ ਅੰਦਰਲੇ ਸ਼ਾਨਦਾਰ ਡਿਜ਼ਾਈਨ 'ਤੇ ਭਰੋਸਾ ਕਰੋ ਅਤੇ ਵਿਸ਼ਵਾਸ ਕਰੋ ਕਿ ਇਸਨੂੰ ਸਮਝਦਾਰੀ ਨਾਲ ਪਾਲਣ-ਪੋਸ਼ਣ ਕਰਕੇ, ਅਸੀਂ ਸਭ ਤੋਂ ਸ਼ਕਤੀਸ਼ਾਲੀ ਇਲਾਜ ਕਰਨ ਵਾਲੇ ਨੂੰ ਆਪਣਾ ਕੰਮ ਕਰਨ ਦੀ ਆਗਿਆ ਦਿੰਦੇ ਹਾਂ।

# ਪੰਜਾਬੀ ਫਿਲਮ 'ਸਨੀ ਦੀ ਹਨੀ' ਰਾਹੀਂ ਆ ਰਿਹਾ ਬਿਨੇ ਜੌੜਾ

ਰਵਿੰਦਰ ਰੰਗੂਵਾਲ
98140-58220
ਪੰਜਾਬ ਮੇਲ USA










ਆਉਣ ਵਾਲੇ ਦਿਨਾਂ ਵਿਚ ਆ ਰਹੀ ਵੱਡੇ ਬੈਨਰ ਦੀ ਪੰਜਾਬੀ ਫਿਲਮ 'ਸਨੀ ਦੀ ਹਨੀ' ਦਾ ਹੀਰੋ ਬਿਨੇ ਜੌੜਾ ਪੰਜਾਬੀ ਫਿਲਮ ਪ੍ਰੇਮੀਆਂ ਦੇ ਦਿਲਾਂ ਵਿਚ ਦਮਦਾਰ ਹੀਰੋ ਵਾਲੀ ਜਗ੍ਹਾ ਬਣਾਏਗਾ, ਇਸ ਗੱਲ ਦੀ ਗਵਾਹੀ ਉਸ ਵੱਲੋਂ ਹੁਣ ਤੱਕ ਵੱਖ-ਵੱਖ ਨਾਟਕਾਂ, ਟੈਲੀਵਿਜ਼ਨ ਲੜੀਵਾਰਾਂ ਅਤੇ ਫਿਲਮਾਂ ਵਿਚ ਨਿਭਾਏ ਕਿਰਦਾਰ ਭਰਦੇ ਹਨ। ਪੰਜਾਬੀ ਵੈੱਬ ਸੀਰੀਜ਼ 'ਯਾਰ ਚੱਲੇ ਬਾਹਰ' ਰਾਹੀਂ ਬਿਨੇ ਜੌੜਾ ਦਰਸ਼ਕਾਂ ਦਾ ਚਹੇਤਾ ਕਲਾਕਾਰ ਇਸ ਕਰਕੇ ਬਣਿਆ ਕਿ ਉਸਨੇ ਕਰਮੇ ਦੀ ਵਰਸੇਟਾਈਲ ਭੂਮਿਕਾ ਨਿਭਾਈ। ਇਸੇ ਤਰਾਂ ਪੀ.ਟੀ.ਸੀ. ਚੈਨਲ ਦੇ ਲਗਭਗ ਪੰਜਾਹ ਕਿਸ਼ਤਾਂ ਵਾਲੇ ਚਰਚਿੱਤ ਲੜੀਵਾਰ 'ਵੰਗਾਂ' ਵਿਚ ਹੀਰੋ ਵਜੋਂ ਉਸਨੇ ਦਰਸ਼ਕਾਂ 'ਤੇ ਆਪਣੀ ਸੋਹਜਮਈ ਅਦਾਕਾਰੀ ਦਾ ਪ੍ਰਭਾਵ ਪਾਇਆ। ਇਸੇ ਕਰਕੇ ਉਸਨੂੰ ਚਾਹੁਣ ਵਾਲੇ ਉਸਦੀ ਫਿਲਮ ਦੀ ਉਡੀਕ ਕਰ ਰਹੇ ਹਨ।

ਮੋਗਾ ਜ਼ਿਲ੍ਹੇ ਦੇ ਪਿੰਡ ਬਿਲਾਸਪੁਰ ਦਾ ਜੰਮਪਲ ਬਿਨੇ ਜੌੜਾ ਸਕੂਲ, ਕਾਲਜ ਅਤੇ ਯੂਨੀਵਰਸਿਟੀ ਵਿਚ ਪੜ੍ਹਦਿਆਂ ਸਟੇਜੀ ਕਲਾ ਨਾਲ ਜੁੜਿਆ ਰਿਹਾ ਹੈ। ਪੰਜਾਬੀ ਯੂਨੀਵਰਸਿਟੀ ਪਟਿਆਲਾ ਤੋਂ ਬੀ ਟੈੱਕ ਦੀ ਡਿਗਰੀ ਕਰਦਿਆਂ ਉਸਨੇ ਯੂਨੀਵਰਸਿਟੀ ਦੇ ਯੁਵਕ ਮੇਲਿਆਂ ਵਿਚ ਆਪਣੀ ਕਲਾ ਦੇ ਜੌਹਰ ਦਿਖਾਏ ਅਤੇ ਉਥੇ ਹੀ ਰੰਗਮੰਚ ਪੇਸ਼ਕਾਰੀਆਂ ਕੀਤੀਆਂ। ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਤੋਂ ਮਾਸ ਕਮਿਊਨੀਕੇਸ਼ਨ ਵਿਚ ਮਾਸਟਰ ਡਿਗਰੀ ਕਰਨ ਵੇਲੇ ਵੀ ਉਸਦਾ ਰੁਝਾਨ ਅਦਾਕਾਰੀ ਵੱਲ ਰਿਹਾ। ਬੇਸ਼ੱਕ ਉਸਨੂੰ ਇਨਫੋਸਿਸ ਵਰਗੀ ਅੰਤਰਰਾਸ਼ਟਰੀ ਕੰਪਨੀ ਵਿਚ ਚੰਗੀ ਪੁਜ਼ੀਸ਼ਨ ਵੀ ਮਿਲ ਗਈ ਸੀ ਪਰ ਉਸਨੇ ਨੋਇਡਾ ਸਥਿਤ ਏਸ਼ੀਅਨ ਟੈਲੀਵਿਜ਼ਨ ਅਤੇ ਫਿਲਮ ਅਕੈਡਮੀ ਵਿਚ ਦਾਖਲਾ ਲੈਣ ਲਈ ਨੌਕਰੀ ਛੱਡ ਦਿੱਤੀ ਅਤੇ ਅਦਾਕਾਰੀ ਦੇ ਖੇਤਰ ਵਿਚ ਕਿਸਮਤ ਅਜ਼ਮਾਈ ਲਈ ਨਿਕਲ ਪਿਆ।

ਜੇਕਰ ਬਿਨੇ ਜੌੜਾ ਦੀ ਆ ਰਹੀ ਫਿਲਮ ਸਨੀ ਦੀ ਹਨੀ ਦੀ ਗੱਲ ਕਰੀਏ, ਤਾਂ ਕਹਿ ਸਕਦੇ ਹਾਂ ਕਿ ਦਰਸ਼ਕਾਂ ਨੂੰ ਨਵਾਂਪਣ ਜ਼ਰੂਰ ਮਿਲੇਗਾ। ਮਨਜਿੰਦਰ ਸਿੰਘ ਦੀ ਨਿਰਦੇਸ਼ਨਾਂ ਵਿਚ ਤਿਆਰ ਹੋਈ ਪੰਜਾਬੀ ਫਿਲਮ 'ਸਨੀ ਦੀ ਹਨੀ' ਦੇ ਨਿਰਮਾਤਾ ਰੋਜ਼ੀ ਨਰੂਲਾ ਅਤੇ ਹਿਤੇਸ਼ ਕੁਮਾਰ ਨਰੂਲਾ ਹਨ ਅਤੇ ਪਰਮ ਸਹਿੰਬੀ ਦੀ ਸਿਨਮੇਟੋਗਰਾਫੀ ਹੈ, ਜਦੋਂਕਿ ਨਵੀ ਫਿਰੋਜ਼ਪੁਰਵਾਲਾ ਨੇ ਗੀਤ ਲਿਖੇ ਹਨ। ਇਸ ਫਿਲਮ ਵਿਚ ਬੀ.ਐੱਨ. ਸ਼ਰਮਾ ਅਤੇ ਰੁਪਿੰਦਰ ਰੂਪੀ ਦੇ ਪਰਿਵਾਰਕ ਕਿਰਦਾਰ ਹਨ, ਜਦੋਂਕਿ ਸਨੀ ਸ਼ਰਮਾ ਦੇ ਕਿਰਦਾਰ ਵਿਚ ਬਿਨੇ ਜੌੜਾ, ਸਨੀ ਬਰਾੜ ਦੇ ਕਿਰਦਾਰ ਵਿਚ ਹਨੀ ਮੱਟੂ ਹੈ ਅਤੇ ਇਨ੍ਹਾਂ ਦੀ ਹਨੀ ਹੈ ਮੁਗਧਾ। ਕਹਾਣੀ ਭਾਵੇਂ ਤਿਕੋਣੀ ਮੁਹੱਬਤ ਹੈ ਪਰ ਰੰਗ ਵੱਖਰਾ ਜਾਪਦਾ, ਬਾਕੀ ਇਹ ਤਾਂ ਫਿਲਮ ਦੇਖਕੇ ਹੀ ਪਤਾ ਲਗੇਗਾ ਕਿ ਇਹ ਹਨੀ ਕਿਸ ਸਨੀ ਦੀ ਬਣਦੀ ਹੈ, ਸਨੀ ਸ਼ਰਮਾ ਦੀ ਜਾਂ ਸਨੀ ਬਰਾੜ ਦੀ।


ਇਕਬਾਲ ਰਾਮੂਵਾਲੀਆ
(ਕੈਨੇਡਾ)



ਪੰਜਾਬ ਮੇਲUSA

# ਮੈਂ ਜਿੱਤਿਆ ਕੈਂਸਰ ਹਾਰ ਗਈ!!!!






ਕੈਂਸਰ ਖ਼ੌਫ਼ਨਾਕ ਬੀਮਾਰੀ ਹੈ: ਏਨੀ ਖ਼ੌਫ਼ਨਾਕ ਕਿ ਡਾਕਟਰ ਦੇ ਕਲੀਨਿਕ 'ਚ ਬੈਠਾ ਆਦਮੀ, ਡਾਕਟਰ ਦੇ ਮੂੰਹੋਂ ਕੈਂਸਰ ਦਾ ਨਾਮ ਸੁਣਦਿਆਂ ਹੀ ਆਪਣੇ-ਆਪ ਨੂੰ ਚਿਤਾ 'ਚ ਬਲਦਾ ਦੇਖਣ ਲੱਗ ਜਾਂਦਾ ਹੈ। ਅਜਿਹੀਆਂ ਮਿਸਾਲਾਂ ਮਿਲਦੀਆਂ ਹਨ ਕਿ ਕਈ ਮਰੀਜ਼ ਡਾਕਟਰ ਮੂੰਹੋਂ ਕੈਂਸਰ ਹੋਣ ਦੀ ਖ਼ਬਰ ਸੁਣਦਿਆਂ ਹੀ, ਹਾਰਟ ਅਟੈਕ ਨਾਲ ਪੂਰੇ ਹੋ ਗਏ। ਮੈਂ ਸਾਰੀ ਜ਼ਿੰਦਗੀ ਰਿਸ਼ਟ-ਪੁਸ਼ਟ ਰਿਹਾ ਹਾਂ; ਕੋਈ ਵੱਡੀ ਬੀਮਾਰੀ ਸਾਰੀ ਜ਼ਿੰਦਗੀ ਮੇਰੇ ਲਾਗਿਓਂ ਵੀ ਨਹੀਂ ਲੰਘੀ ਹਾਂ, ਸੰਨ 2000 ਵਿਚ ਮੇਰੀ ਕਿਡਨੀ 'ਚ ਉੱਗ ਆਈ ਪੱਥਰੀ ਨੇ ਮੇਰੀ ਜ਼ਿੰਦਗੀ ਨੂੰ ਹਲੂਣ ਕੇ ਰੱਖ ਦਿੱਤਾ ਸੀ। ਪੱਥਰੀ ਨੂੰ ਆਪਰੇਸ਼ਨ ਰਾਹੀਂ ਕੱਢਣ ਵੇਲੇ ਡਾਕਟਰ ਦੀ ਅਣਗਹਿਲੀ ਕਾਰਨ ਮੇਰੀ ਸੱਜੀ ਕਿਡਨੀ ਨਾਕਾਰਾ ਹੋ ਗਈ ਸੀ; ਫ਼ਿਰ ਸਾਲ ਕੁ ਬਾਅਦ ਡਾਕਟਰ ਨੇ ਮੈਨੂੰ ਦੱਸਿਆ ਕਿ ਮੇਰਾ ਪੈਨਕਿਰੀਆਜ਼ ਵੀ ਨਿਢਾਲ਼ ਹੋ ਗਿਆ ਸੀ। ਇਸ ਲਈ ਲੋੜੀਂਦੀ ਐਨਸੁਲੀਨ ਪੈਦਾ ਕਰਨ ਤੋਂ ਅਸਮਰੱਥ ਹੋਣ ਕਾਰਨ, ਮੇਰੇ ਖ਼ੂਨ ਵਿਚ ਸ਼ੂਗਰ ਦੀ ਮਾਤਰਾ, ਲੋੜ ਤੋਂ ਜ਼ਿਆਦਾ ਹੋ ਰਹੀ ਸੀ। ਬਲੱਡ ਸ਼ੂਗਰ ਨੂੰ ਕਾਬੂ 'ਚ ਰੱਖਣ ਲਈ 2001 'ਚ, ਡਾਕਟਰ ਵੱਲੋਂ ਮੈਨੂੰ ਹਰ ਰੋਜ਼ ਇੱਕ ਗੋਲੀ ਖਾਣ ਦਾ ਆਦੇਸ਼ ਦੇ ਦਿੱਤਾ ਗਿਆ। ਵੀਹ ਸੌ ਦਸ ਦੀ ਜਨਵਰੀ ਤੀਕ ਸਭ ਕੁਝ ਠੀਕ-ਠਾਕ ਚਲਦਾ ਰਿਹਾ; ਲੇਕਿਨ ਫਰਵਰੀ 2010 ਦੇ ਅੰਗੜਾਈ ਭਰਦਿਆਂ ਹੀ ਮੇਰੇ ਡਾਕਟਰਾਂ ਨੇ ਮੈਨੂੰ ਖ਼ਬਰ ਦਿੱਤੀ ਕਿ ਮੇਰੇ ਪਰਾਸਟੇਟ ਵਿਚ ਕੈਂਸਰ ਜਨਮ ਲੈ ਚੁੱਕੀ ਹੈ।

ਕੈਂਸਰ ਦਾ ਨਾਮ ਸੁਣਦਿਆਂ ਹੀ ਮੇਰੀ ਬੀਵੀ ਤੇ ਦੋ ਜੌੜੀਆਂ ਧੀਆਂ ਦੇ ਚੇਹਰੇ ਉੱਤਰ ਗਏ, ਤੇ ਉਨ੍ਹਾਂ ਦੀਆਂ ਅੱਖਾਂ 'ਚ ਗਹਿਰੇ ਸਹਿਮ ਨੇ ਛਤਰੀਆਂ ਗੱਡ ਲਈਆਂ। ਲੇਕਿਨ ਕੈਂਸਰ ਦੇ ਡਾਇਗਨੋਜ਼ ਨੂੰ ਮੈਂ ਬਿਲਕੁਲ ਹੀ ਵੱਖਰੇ ਅੰਦਾਜ਼ ਵਿਚ ਲਿਆ: ਮੈਂ ਆਪਣੇ-ਆਪ ਨੂੰ ਪਹਿਲੀ ਗੱਲ ਇਹ ਆਖੀ ਕਿ ਦੁਨੀਆਂ ਦੀ ਕੋਈ ਗ਼ੈਬੀ ਸ਼ਕਤੀ ਤੇ ਕੋਈ ਰੱਬ-ਪ੍ਰਮਾਤਮਾ ਮੇਰੇ ਕੈਂਸਰ ਦਾ ਇਲਾਜ ਨਹੀਂ ਕਰ ਸਕਦੇ; ਕੋਈ ਪੂਜਾ-ਪਾਠ, ਕੋਈ ਅਰਦਾਸ ਤੇ ਕੋਈ ਨਾਮ ਸਿਮਰਣ ਮੇਰੇ ਮਾਸ 'ਚ ਜੜ੍ਹਾਂ ਲਾ ਚੁੱਕੀ ਕੈਂਸਰ ਨੂੰ ਮੇਰੇ ਸਰੀਰ ਵਿਚੋਂ ਪੁੱਟਣ ਦੇ ਸਮਰੱਥ ਨਹੀਂ! ਦੂਸਰਾ ਆਪਣੇ ਮਨੋਬਲ ਨੂੰ ਉੱਚਾ ਰੱਖਣ ਲਈ, ਮੈਂ ਆਪਣੇ-ਆਪ ਨੂੰ ਕਹਿਣਾ ਸ਼ੁਰੂ ਕੀਤਾ ਕਿ ਕੈਂਸਰ ਬਾਕੀ ਦੁਨੀਆਂ ਨੂੰ ਤਾਂ ਮਾਰ ਸਕਦੀ ਹੈ, ਪਰ ਮੇਰਾ ਇਹ ਵਾਲ਼ ਵੀ ਵਿੰਗਾ ਨਹੀਂ ਕਰ ਸਕਦੀ! ਕੈਂਸਰੇ, ਤੂੰ ਮੈਨੂੰ ਮਾਰਨ ਨੂੰ ਫਿਰਦੀ ਐਂ? ਲੈ ਸੁਣ ਲੈ ਕੰਨ ਖੋਲ੍ਹ ਕੇ: ਹੁਣ ਮੈਂ ਤੈਨੂੰ ਮਾਰਾਂਗਾ! ਤੀਸਰਾ ਮੈਂ ਆਪਣੇ ਬੀਵੀ-ਬੱਚਿਆਂ ਨੂੰ ਇਹ ਤਰਕ ਦਿੱਤਾ ਕਿ ਅਗਰ ਕੱਲ੍ਹ ਨੂੰ ਐਕਸੀਡੈਂਟ ਹੋ ਕੇ ਇਸ ਸੰਸਾਰ ਤੋਂ ਕੂਚ ਕਰ ਜਾਵਾਂ, ਤਦ ਵੀ ਤਾਂ ਸਬਰ ਕਰੋਗੇ ਹੀ; ਇਸ ਲਈ ਉਦਾਸ ਤੇ ਪ੍ਰੇਸ਼ਾਨ ਹੋਣ ਦੀ ਥਾਂ ਕੈਂਸਰ ਨਾਲ਼ ਲੜਨ ਦੇ ਉਪਰਾਲੇ ਕਰੀਏ। ਇਸ ਤਰ੍ਹਾਂ ਪ੍ਰਵਾਰ ਵਿਚੋਂ ਉਦਾਸੀ ਤੇ ਚਿੰਤਾ ਦੇ ਪਹਾੜ ਖੁਰਨ ਲੱਗੇ। ਜੋਤਸ਼ੀਆਂ, ਬਾਬਿਆਂ ਤੇ ਗ੍ਰਹਿ-ਚਾਲਾਂ ਦੇ ਜਾਲ਼ਾਂ ਵਿਚ ਫ਼ਸਣ ਦੀ ਥਾਂ, ਮੇਰੀਆਂ ਦੋਵੇਂ ਧੀਆਂ, ਕੰਪਿਊਟਰਾਂ ਨੂੰ ਗੋਦ ਵਿਚ ਬਿਠਾਅ ਕੇ, ਮੇਰੇ ਲਾਹਮੀ ਬੈਠ ਗਈਆਂ ਤੇ ਕੈਂਸਰ ਦੇ ਉਪਾਵਾਂ ਦੀ ਖੋਜ ਲਈ ਇੰਟਰਨੈੱਟ ਉੱਪਰ ਵੈੱਬਸਾਈਟਸ ਨੂੰ ਫਰੋਲਣ ਲੱਗੀਆਂ। ਉਧਰੋਂ ਮੇਰੇ ਸਰਜਨ ਨੇ 6 ਅਪ੍ਰੈਲ 2010 ਦੀ ਤਾਰੀਖ਼ ਮੇਰੇ ਵੱਡੇ ਆਪਰੇਸ਼ਨ ਲਈ ਨਿਸ਼ਚਿਤ ਕਰ ਦਿੱਤੀ।

ਆਪਰੇਸ਼ਨ ਦੀ ਤਾਰੀਖ਼ ਤੋਂ ਹਫ਼ਤਾ ਕੁ ਪਹਿਲਾਂ, ਮੇਰੀਆਂ ਧੀਆਂ ਨੇ ਇੱਕ ਜਰਮਨ ਡਾਕਟਰ, ਡਾਕਟਰ ਜੋਹਾਨਾ ਬੁਡਵਿੱਗ (**Johanna Budwig**) ਵੱਲੋਂ ਕਰੜੀ ਖੋਜ ਉਪਰੰਤ ਲੱਭਿਆ ਫਾਰਮੂਲਾ ਤਾਲਾਸ਼ ਲਿਆ। ਮੇਰੇ ਪਵਿਾਰ ਨੂੰ ਮੇਰੇ ਸਰਜਨ ਨੇ ਮਨਾ ਲਿਆ ਕਿ ਕੈਂਸਰ ਕਾਫ਼ੀ ਡੂੰਘਾ ਹੋ ਜਾਣ ਕਾਰਨ, ਸਰਜਰੀ ਕਰ ਕੇ ਪਰਾਸਟੇਟ ਨੂੰ ਜਿਸਮ ਤੋਂ ਅਲਹਿਦਾ ਕਰਨਾ ਜ਼ਰੂਰੀ ਹੈ, ਤਾਂ ਕਿ ਕੈਂਸਰ ਕਿਧਰੇ ਬਾਕੀ ਸਰੀਰ ਵੱਲ ਮੁਹਾਰਾਂ ਨਾ ਮੋੜ ਲਵੇ।

ਆਪਰੇਸ਼ਨ ਤੋਂ ਬਾਅਦ ਮੇਰੀਆਂ ਧੀਆਂ ਨੇ ਡਾਕਟਰ ਨੂੰ ਪੁੱਛਿਆ ਕਿ ਪਰਾਸਟੇਟ ਤਾਂ ਨਿਕਲ਼ ਗਿਆ ਪਰ ਕੀ ਇਸ ਦਾ ਮਤਲਬ ਹੈ ਕਿ ਕੈਂਸਰ ਦੁਬਾਰਾ ਫੇਰਾ ਨਹੀਂ ਆਵੇਗੀ? ਡਾਕਟਰ ਨੇ ਕਿਹਾ ਕਿ ਕੈਂਸਰ ਦਾ ਕੋਈ ਇਤਬਾਰ ਨਹੀਂ; ਇਹ ਦੁਬਾਰਾ ਵੀ ਆ ਸਕਦੀ ਹੈ। ਇਸ ਲਈ ਅਸੀਂ ਫਟਾਫਟ ਡਾਕਟਰ ਬਡਵਿੱਗ ਦਾ ਫਾਰਮੂਲਾ ਇਸਤੇਮਾਲ ਕਰਨਾ ਸ਼ੁਰੂ ਕਰ ਦਿੱਤਾ। ਨਾਲ ਦੀ ਨਾਲ਼ ਰੇਡੀਏਸ਼ਨ ਦੇ 32 ਟਰੀਟਮੈਂਟ ਵੀ ਲੱਗੇ ਤੇ ਹੁਣ ਹਰ ਤੀਸਰੇ ਮਹੀਨੇ ਹੋਰਮੋਨਲ ਥੈਰਪੀ ਦਾ ਇੱਕ ਟੀਕਾ ਵੀ ਲੱਗਦਾ ਹੈ। ਹੋਰਮੋਨਲ ਥੈਰਪੀ ਅਤੇ ਰੇਡੀਏਸ਼ਨ ਤੋਂ ਘਬਰਾਉਣ ਜਾਂ ਤ੍ਰਭਕਣ ਦੀ ਉੱਕਾ ਹੀ ਜ਼ਰੂਰਤ ਨਹੀਂ ਕਿਉਂਕਿ ਇਨ੍ਹਾਂ ਦੇ ਸਾਈਡ-ਅਫ਼ੈਕਟਸ ਬਹੁਤ ਹੀ ਮਾਮੂਲੀ ਹੁੰਦੇ ਨੇ।

ਹੁਣ ਗੱਲ ਏਥੇ ਖਲੋਤੀ ਹੈ ਕਿ ਮੈਂ 90% ਤੰਦਰੁਸਤ ਹਾਂ। 'ਬੁਡਵਿਗ ਫਾਰਮੂਲਾ' ਮੈਂ ਦੋ ਵਾਰ ਸੇਵਨ ਕਰਦਾ ਹਾਂ ਤੇ ਹਰ ਰੋਜ਼ ਸਵੇਰੇ ਢਾਈ ਪਾਊਂਡ ਗਾਜਰਾਂ ਦਾ ਜੂਸ ਘਰੇ ਰੱਖੀ ਮਸ਼ੀਨ ਰਾਹੀਂ ਕੱਢ ਕੇ ਪੀਂਦਾ ਹਾਂ: ਹਲਦੀ ਦਾ ਛੋਟਾ ਚਮਚਾ ਤੇ ਅਨਾਰਾਂ ਦਾ ਖ਼ਾਲਸ ਜੂਸ-ਛੋਟਾ ਅੱਧਾ ਗਲਾਸ- (ਜਾਂ ਇੱਕ ਅਨਾਰ) ਅੰਦਰ ਲੰਘਾਅ ਲੈਂਦਾ ਹਾਂ। ਇਹ ਵਸਤੂਆਂ, ਮੇਰੇ ਕੈਂਸਰ ਦੇ ਬਚਦੇ-ਖੁਚਦੇ ਸੈੱਲਾਂ ਦਾ ਹੌਲੀ-ਹੌਲੀ ਸਫ਼ਾਇਆ ਕਰੀ ਜਾ ਰਹੀਆਂ ਹੈ। ਇਸ ਦੇ ਨਾਲ਼ ਹੀ ਇਸ ਫਾਰਮੂਲੇ ਨੇ ਮੇਰੀ 9 ਸਾਲ ਪੁਰਾਣੀ ਸ਼ੂਗਰ ਨੂੰ ਕਾਬੂ ਵਿਚ ਕਰ ਲਿਆ ਹੈ। ਮਈ 2010 ਤੋਂ ਬਾਅਦ ਮੈਂ ਸ਼ੂਗਰ ਦੀਆਂ ਗੋਲ਼ੀਆਂ ਨੂੰ ਕੂੜੇ ਵਾਲ਼ੀ ਬਾਲ਼ਟੀ 'ਚ ਝਾੜ ਦਿੱਤਾ; ਤੇ ਫ਼ਾਰਮੇਸੀ ਵਾਲ਼ੇ ਮੇਰੀ ਸ਼ੂਗਰ ਵਾਲ਼ੀ ਪਰਚੀ ਦੀ ਉਡੀਕ ਵਿਚ ਮੇਰੇ 'ਤੇ ਦੰਦੀਆਂ ਕਿਰਚ ਰਹੇ ਨੇ। ਮੈਂ ਦੇਖਦਾ ਹਾਂ ਕਿ ਸਵੇਰ ਵੇਲੇ ਖਾਲੀ ਪੇਟ 7-8 'ਤੇ ਰਹਿਣ ਵਾਲ਼ਾ ਮੇਰਾ ਬਲੱਡ-ਸ਼ੂਗਰ ਲੈਵਲ ਲਗਾਤਾਰ 5 ਤੋਂ 6.5 ਚਲਦਾ ਆ ਰਿਹਾ ਹੈ, ਜਿਹੜਾ ਕਿ ਬਿਲਕੁਲ ਉਚਿੱਤ ਹੈ। ਇਸੇ ਫਾਰਮੂਲੇ ਨੇ ਮੇਰਾ ਬਲੱਡ ਪ੍ਰੈਸ਼ਰ ਨੀਚੇ ਲੈ ਆਂਦਾ ਹੈ ਤੇ ਨਾਲ਼ ਹੀ ਮੇਰੇ ਕੋਲੈਸਟ੍ਰਾਲ ਨੂੰ ਵੀ ਟਿਕਾਣੇ ਸਿਰ ਲਿਆ ਖਲ੍ਹਿਆਰਿਆ ਹੈ।

ਇਹ ਫਾਰਮੂਲਾ ਏਡਾ ਕਾਮਯਾਬ ਹੈ ਕਿ ਮੇਰੇ 67 ਸਾਲਾ ਜੀਜੇ ਦੀ 12-13 ਵਰ੍ਹੇ ਪੁਰਾਣੀ ਪਾਰਕਿਨਸਨ (ਝੋਲ਼ੇ ਦੀ ਬੀਮਾਰੀ) 20-22 ਦਿਨਾਂ 'ਚ ਹੀ 75% ਠੀਕ ਹੋ ਗਈ ਹੈ। ਉਸ ਨੂੰ ਰੋਜ਼ਾਨਾ ਪੈਣ ਵਾਲ਼ੇ ਤਿੰਨ ਜ਼ਬਰਦਸਤ ਦੌਰੇ ਉਸ ਦੇ ਸਰੀਰ ਨੂੰ ਅਲਵਿਦਾ ਆਖ ਗਏ ਨੇ। ਮੇਰਾ ਪਰਿਵਾਰ ਹੈਰਾਨ ਹੈ ਕਿ ਮੇਰੇ ਟੋਟਣ ਦਾ ਗੰਜ ਵੀ ਅੱਠ ਮਹੀਨੇ ਬਾਅਦ ਹਲਕੀ-ਹਲਕੀ ਰੌਣਕ ਫੜਨ ਲੱਗ ਪਿਆ ਹੈ। ਇਹ ਫਾਰਮੂਲਾ ਹਰ ਕਿਸਮ ਦੀ ਕੈਂਸਰ ਲਈ ਮੁਫ਼ੀਦ ਹੈ; ਅਜਿਹੀਆਂ ਚਿੱਠੀਆਂ ਵੀ ਇੰਟਰਨੈੱਟ 'ਤੇ ਛਪੀਆਂ ਹਨ, ਜਿਹੜੀਆਂ ਦੱਸਦੀਆਂ ਹਨ ਕਿ ਚੌਥੇ ਸਟੇਜ 'ਚ ਪਹੁੰਚੇ ਬਰੇਨ ਕੈਂਸਰ, ਗਲ਼ੇ ਦੇ ਕੈਂਸਰ, ਤੇ ਕੋਲਨ ਕੈਂਸਰ ਵਾਲ਼ੇ ਲੋਕ ਪੰਜ-ਛੇ ਮਹੀਨਿਆਂ 'ਚ ਬਡਵਿਗ ਫਾਰਮੂਲਾ ਖਾਣ ਤੇ ਗਾਜਰਾਂ ਦਾ ਤਾਜ਼ਾ ਜੂਸ ਪੀਣ ਨਾਲ਼ ਤੰਦਰੁਸਤ ਹੋ ਗਏ।

ਕੈਂਸਰ ਦੀ ਦੋਬਾਰਾ ਆਮਦ ਨੂੰ ਰੋਕਣ ਲਈ ਮੈਂ ਆਪਣੀ ਤਰਜ਼ੇ-ਜ਼ਿੰਦਗੀ ਵਿਚ ਇਨਕਲਾਬੀ ਤਬਦੀਲੀਆਂ ਲੈ ਆਂਦੀਆਂ ਨੇ।

ਮੇਰੀਆਂ ਧੀਆਂ ਦੀ ਖੋਜ ਅਨੁਸਾਰ, ਛੇ ਚੀਜ਼ਾਂ ਕੈਂਸਰ ਲਈ ਖਾਦ ਦਾ ਕੰਮ ਕਰਦੀਆਂ ਨੇ: ਮੀਟ, ਸ਼ਰਾਬ, ਆਂਡਾ, ਦੁੱਧ-ਉਤਪਾਦ, ਮਿੱਠਾ (ਹਰ ਕਿਸਮ ਦਾ) ਤੇ ਰੀਫ਼ਾਇਨਡ ਤੇਲ (ਜਿਹੜੇ ਆਪਾਂ ਸਟੋਰਾਂ ਤੋਂ ਖਰੀਦਦੇ ਹਾਂ); ਇਸ ਲਈ ਇਹ ਸਾਰੇ ਪਦਾਰਥ, ਕਾਲੀ ਚਾਹ ਤੇ ਕਾਫ਼ੀ ਮੈਂ ਆਪਣੀ ਜ਼ਿੰਦਗੀ 'ਚੋਂ ਉੱਕਾ ਹੀ ਮਨਫ਼ੀ ਕਰ ਮਾਰੇ ਨੇ। ਗਰੀਨ ਟੀਅ ਕਿਉਂਕਿ ਕੈਂਸਰ-ਵਿਰੋਧੀ ਹੈ, ਇਸ ਲਈ ਇਸ ਦੇ ਚਾਰ-ਪੰਜ ਕੱਪ ਮੈਂ ਪੂਰੀ ਦਿਹਾੜੀ 'ਚ ਪੀ ਜਾਂਦਾ ਹਾਂ। ਇਸ ਤੋਂ ਇਲਾਵਾ ਮੈਂ ਬਰਾਕਲੀ, ਗੋਭੀ ਤੇ ਟਮਾਟਰਾਂ ਨੂੰ ਆਪਣੇ ਭੋਜਨ ਵਿਚ ਵਿਸ਼ੇਸ਼ ਦਰਜਾ ਦਿੱਤਾ ਹੋਇਆ ਹੈ। ਅਨਾਰਾਂ ਦੇ ਖ਼ਾਲਸ ਜੂਸ ਦਾ ਛੋਟਾ ਅੱਧਾ ਗਲਾਸ ਕੈਂਸਰ ਨੂੰ ਮਾਰਨ 'ਚ ਸਹਾਇਕ ਹੁੰਦਾ ਹੈ। ਅਗਰ ਉਪਲਬਧ ਹੋਣ ਤਾਂ ਅਨਾਰ ਖਾਣੇ, ਜੂਸ ਨਾਲੋਂ ਵੀ ਬਿਹਤਰ ਹਨ। ਹਲਦੀ ਤਾਂ ਕੈਂਸਰ ਦੀਆਂ ਜੜ੍ਹਾਂ 'ਚ ਦਾਤੀ ਦਾ ਕੰਮ ਕਰਦੀ ਹੈ।

## ਕੈਂਸਰ ਤੋਂ ਬਚਣ ਲਈ ਹੁਣੇ ਤਿਆਰ ਹੋਵੋ!

ਡਾਕਟਰੀ ਖੋਜ ਮੁਤਾਬਿਕ ਕੈਂਸਰ ਦੇ ਸੈੱਲ ਹਰ ਵਿਅਕਤੀ ਅੰਦਰ ਕਿਸੇ ਨਾ ਕਿਸੇ ਰੂਪ ਵਿਚ ਮੌਜੂਦ ਹੁੰਦੇ ਹਨ, ਲੇਕਿਨ ਜਿੰਨੀ ਦੇਰ ਇਹ ਸੈੱਲ ਕਮਜ਼ੋਰ ਰਹਿੰਦੇ ਹਨ, ਇਹ ਸਰੀਰ ਵਿਚ ਡੂੰਘੇ ਪੈਰ ਨਹੀਂ ਜਮਾਅ ਸਕਦੇ, ਪ੍ਰੰਤੂ ਇਨ੍ਹਾਂ ਵਿਚ ਤਕੜੇ ਹੋ ਜਾਣ ਦੀ ਸਮਰੱਥਾ ਹਮੇਸ਼ਾ ਰਹਿੰਦੀ ਹੈ। ਇਸ ਲਈ ਪਾਠਕਾਂ ਨੂੰ ਮੇਰੀ ਚੇਤਾਵਨੀ ਹੈ ਕਿ ਉਸ ਦਿਨ ਦੀ ਉਡੀਕ ਨਾ ਕਰੋ, ਜਦੋਂ ਡਾਕਟਰ ਤੁਹਾਨੂੰ ਇਹ ਆਖ ਦੇਵੇ ਕਿ ਤੁਹਾਡੇ ਅੰਦਰ ਕੈਂਸਰ ਨੇ ਆਲ੍ਹਣਾ ਪਾ ਲਿਆ ਹੈ। ਕੈਂਸਰ ਅਗਰ ਇੱਕ ਵਾਰ ਤੁਹਾਡੇ ਜਿਸਮ 'ਚ ਖੁੱਡ ਬਣਾ ਲਵੇ, ਤਾਂ ਪੰਜਾਬ ਦੇ ਭੂ-ਮਾਫ਼ੀਆ ਵਾਂਗ, ਇਸ ਦਾ ਕਬਜ਼ਾ ਹਟਾਉਣਾ ਬਹੁਤ ਮੁਸ਼ਕਿਲ ਹੋ ਜਾਂਦਾ ਹੈ। ਹਰ ਵਿਅਕਤੀ ਨੂੰ ਇਹ ਭੁਲੇਖਾ ਹੈ ਕਿ ਬਾਕੀ ਸੰਸਾਰ ਵਿਚ ਹਰ ਵਿਅਕਤੀ ਨੂੰ ਕੈਂਸਰ ਹੋ ਸਕਦੀ ਹੈ, ਮਗਰ ਇਹ ਮੇਰੇ ਸਰੀਰ ਵਿਚ ਦਾਖ਼ਲ ਨਹੀਂ ਹੋ ਸਕਦੀ, ਪ੍ਰੰਤੂ ਹਕੀਕਤ ਇਹ ਹੈ ਕਿ ਕੈਂਸਰ ਹਰ ਵਿਅਕਤੀ ਦੇ ਸਰੀਰ ਵਿਚ ਕਿਸੇ ਸਮੇਂ ਵੀ ਆਪਣੀਆਂ ਸੂਲ਼ਾਂ ਉਗਾਅ ਸਕਦੀ ਹੈ, ਇਸ ਲਈ ਕੈਂਸਰ ਦੀਆਂ ਸੂਲ਼ਾਂ ਨੂੰ ਉੱਗਣ ਦਾ ਮੌਕਾ ਹੀ ਨਾ ਦਿਓ!

ਯਾਦ ਰੱਖੋ ਕਿ ਤੁਹਾਡਾ ਜਿਸਮ ਉਹ ਹੈ, ਜੋ ਤੁਸੀਂ ਮੂੰਹ ਰਾਹੀਂ, ਸਾਹ ਰਾਹੀਂ, ਜਾਂ ਟੀਕਿਆਂ ਰਾਹੀਂ ਆਪਣੇ ਜਿਸਮ 'ਚ ਭੇਜਦੇ ਹੋ; ਦੂਸਰੇ ਅਰਥਾਂ ਵਿਚ ਅਗਰ ਤੁਸੀਂ ਜੀਭ ਦੇ ਸੁਆਦ ਦੇ ਮਾਰੇ ਅਵਲ਼ਾ-ਸਵਲ਼ਾ ਖਾਂਦੇ ਹੋ, ਤਾਂ ਤੁਸੀਂ ਆਪਣੇ ਸਰੀਰ ਦੀਆਂ ਖਿੜਕੀਆਂ ਨੂੰ ਰੋਗਾਂ ਵਾਸਤੇ ਖੁੱਲ੍ਹਾ ਕਰ ਰਹੇ ਹੁੰਦੇ ਹੋ! ਕੈਂਸਰ ਦੀ ਨਾਮੁਰਾਦ ਬੀਮਾਰੀ ਕਿਸੇ ਵੀ ਔਰਤ ਅਤੇ ਮਰਦ ਨੂੰ ਕਦੇ ਵੀ ਹੋ ਸਕਦੀ ਹੈ। ਔਰਤਾਂ ਨੂੰ ਛਾਤੀਆਂ ਦੇ ਕੈਂਸਰ ਦੀਆਂ ਸ਼ਿਕਾਇਤਾਂ ਲਗਾਤਾਰ ਵਧ ਰਹੀਆਂ ਨੇ। ਇਸ ਲਈ ਕੈਂਸਰ ਤੋਂ ਬਚਣ ਲਈ ਡਾਕਟਰਾਂ, ਸਿਹਤਵਿਗਿਆਨੀਆਂ ਤੇ ਖੋਜਕਾਰਾਂ ਦੀ ਸਲਾਹ ਮੰਨ ਕੇ, ਮੀਟ, ਸ਼ਰਾਬ, ਆਂਡੇ, ਦੁੱਧ-ਉਤਪਾਦ, ਮਿੱਠੇ, ਰੀਫ਼ਾਈਂਡ ਤੇਲਾਂ ਅਤੇ ਤਲ਼ੀਆਂ ਵਸਤੂਆਂ ਨੂੰ ਆਪਣੀ ਤੇ ਆਪਣੇ ਪਰਿਵਾਰਾਂ ਦੀ ਜ਼ਿੰਦਗੀ 'ਚੋਂ ਦੇਸ਼-ਨਿਕਾਲਾ ਦੇ ਦਿਓ। ਤੰਦੂਰੀ ਮੱਛੀ ਦਾ ਸੇਵਨ ਹਫ਼ਤੇ 'ਚ ਤਿੰਨ-ਚਾਰ ਵਾਰ ਕਰਨਾ, ਕੈਂਸਰ ਨੂੰ ਦਬਾਉਣ ਲਈ ਅਤੀ ਲਾਭਦਾਇਕ ਹੈ। ਕੱਚੀ ਗੋਭੀ, ਬਰਾਕਲੀ, ਟਮਾਟਰ ਤੇ ਗਾਜਰਾਂ ਦਾ ਘਰ ਕੱਢਿਆ ਜੂਸ ਕੈਂਸਰ ਰੋਗ ਨੂੰ ਢੁੱਡਾਂ ਮਾਰ ਕੇ, ਸਰੀਰ ਦੇ ਨੇੜੇ ਨਹੀਂ ਫੜਕਣ ਦੇਂਦੇ। ਹਰੀਆਂ ਤੇ ਲਾਲ ਸਬਜ਼ੀਆਂ/ਫਲ ਕੈਂਸਰ ਤੋਂ ਇਲਾਵਾ ਹੋਰ ਅਨੇਕਾਂ ਰੋਗਾਂ ਦਾ ਟਾਕਰਾ ਕਰਨ ਲਈ ਸਰੀਰ ਦੀ ਕਿਲੇਬੰਦੀ ਕਰਦੇ ਨੇ।

ਇਸ ਤੋਂ ਇਲਾਵਾ ਡਾਕਟਰ ਬੁਡਵਿਗ ਦੇ ਫਾਰਮੂਲੇ ਦਾ ਇਸਤੇਮਾਲ ਬਾਕਾਇਦਗੀ ਨਾਲ਼ ਕਰੋ: ਇਸ ਨਾਲ਼ ਜ਼ਿੰਦਗੀ ਵਿਚ ਸ਼ੂਗਰ, ਕੈਂਸਰ, ਪਾਰਕਿਸਨ ਤੇ ਕੋਲੈਸਟ੍ਰਾਲ ਤੁਹਾਨੂੰ ਪ੍ਰੇਸ਼ਾਨ ਨਹੀਂ ਕਰ ਸਕਦੇ। ਇਹ ਫਾਰਮੂਲਾ ਦਵਾਈ ਨਹੀਂ, ਸਗੋਂ ਤੁਹਾਡੇ ਬ੍ਰੇਕਫ਼ਾਸਟ ਦਾ ਬਦਲ ਹੈ: ਪਰੌਠਿਆਂ, ਆਮਲੇਟਾਂ ਤੇ ਸੀਰੀਅਲਾਂ ਦਾ ਖਹਿੜਾ ਛੱਡ ਕੇ ਬੁਡਵਿਗ ਖ਼ੁਰਾਕ ਨੂੰ ਅਪਣਾਵੋ! ਇਸ ਨਾਲ ਅਨੇਕਾਂ ਬੀਮਾਰੀਆਂ ਤੋਂ ਖਹਿੜਾ ਛੁੱਟਣ ਦੇ ਨਾਲ-ਨਾਲ ਸਰੀਰ ਵਿਚ ਥੱਕੀ ਹੋਈ ਤਾਕਤ ਅੰਗੜਾਈਆਂ ਲੈਣ ਲੱਗਦੀ ਹੈ।

ਬੁਡਵਿਗ ਫਾਰਮੂਲੇ ਨੂੰ ਤਿਆਰ ਕਰਨ ਦਾ ਢੰਗ:

ਜਰਮਨ ਡਾਕਟਰ ਜੋਹਾਨਾ ਬੁਡਵਿਗ

(ਸਤੰਬਰ 30, 1908 – ਮਈ 19, 2003)

ਇੱਕ ਵੱਡਾ ਕੌਲਾ (ਬੋਅਲ) ਤੇ ਇੱਕ ਬਿਜਲੀ ਦਾ ਘੋਟਣਾ, ਜਿਸ ਦੀ ਸ਼ਕਲ ਫੂਕਾਂ ਮਾਰਨ ਵਾਲ਼ੇ ਭੂਖਣੇ ਵਰਗੀ ਹੁੰਦੀ ਹੈ ਅਤੇ ਇਸ ਨੂੰ ਅੰਗਰੇਜ਼ੀ ਵਿਚ 'ਹੈਂਡ ਬਲੈਂਡਰ' ਆਖਦੇ ਹਨ, ਖ਼ਰੀਦੋ। ਕਿਸੇ ਵੀ ਸਟੋਰ ਤੋਂ 'ਕੋਲਡ ਪਰੈੱਸਡ ਫ਼ਲੈਕਸ ਆਇਲ' (ਅਲ਼ਸੀ ਦਾ ਤੇਲ) ਖ਼ਰੀਦੋ: ਸਟੋਰਾਂ ਤੋਂ ਮਿਲ਼ਦਾ ਆਮ ਅਲਸੀ-ਤੇਲ, ਕੋਲਡ-ਪ੍ਰੈੱਸਡ ਨਹੀਂ ਹੁੰਦਾ, ਇਸ ਲਈ ਯਕੀਨੀ ਬਣਾਓ ਕਿ ਖ਼ਰੀਦਿਆ ਜਾਣ ਵਾਲਾ ਤੇਲ ਕੋਲਡ-ਪ੍ਰੈੱਸਡ (ਯਾਨੀ ਕੱਚੀ ਘਾਣੀ ਦਾ) ਹੋਵੇ। ਭਾਰਤ ਵਿਚ ਇਹ ਤੇਲ ਕੋਹਲੂ ਤੋਂ ਕਢਵਾਇਆ ਜਾ ਸਕਦਾ ਹੈ। ਕਿਸੇ ਵੀ ਗਰੋਸਰੀ ਸਟੋਰ ਤੋਂ ਫ਼ੈਟ-ਫਰੀ 'ਕਾਟਿਜ ਚੀਜ਼' (ਇੰਡੀਆ ਵਿਚ ਸਪਰੇਟੇ ਦੁੱਧ ਦਾ ਦਾਣੇਦਾਰ ਪਨੀਰ) ਲਵੋ। ਬਦਾਮ, ਅਖਰੋਟ, ਪਿਸਤਾ, ਤੇ ਕਾਜੂ ਆਦਿਕ ਬਰਾਬਰ ਮਾਤਰਾ 'ਚ ਲੈ ਕੇ ਗਰਾਈਂਡਰ ਵਿਚ ਮੋਟੇ-ਮੋਟੇ ਦਲ਼ੋ ਤੇ ਕਿਸੇ ਡੱਬੇ 'ਚ ਸਾਂਭ ਲਵੋ ਤਾਂ ਕਿ ਤੁਸੀਂ ਇਸ ਨੂੰ ਦੋ ਕੁ ਚਮਚੇ ਮਾਤਰਾ ਵਿਚ ਹਰ ਰੋਜ਼ ਵਰਤ ਸਕੋਂ।

ਹਰ ਰੋਜ਼ ਸਵੇਰੇ ਤਿੰਨ ਵੱਡੇ ਚਮਚੇ ਤੇਲ ਤੇ ਛੇ ਚਮਚੇ ਕਾਟਿਜ ਚੀਜ਼ (ਪਨੀਰ), ਕੌਲੇ 'ਚ ਪਾਵੋ: ਚਮਚੇ ਟੀਸੀ-ਕੱਢਵੇਂ ਨਹੀਂ, ਸਗੋਂ ਪੱਧਰੇ ਰੱਖਣੇ ਹਨ। ਇਨ੍ਹਾਂ ਦੋਹਾਂ ਪਦਾਰਥਾਂ ਨੂੰ ਹੈਂਡ ਬਲੈਂਡਰ ਨਾਲ ਤਕਰੀਬਨ 45-50 ਸਕਿੰਟ ਘੋਟੋ, ਤਾਂ ਇਹ ਗਾੜ੍ਹਾ ਪੇਸਟ ਬਣ ਜਾਵੇਗਾ, ਜਿਸ ਵਿਚ ਤੇਲ ਦਾ ਨਾਮੋਨਿਸ਼ਾਨ ਨਹੀਂ ਦਿੱਸਣਾ ਚਾਹੀਦਾ; ਅਗਰ ਪੇਸਟ ਬਹੁਤਾ ਹੀ ਸੰਘਣਾ ਹੋਵੇ, ਤਾਂ ਇਸ ਵਿਚ ਸੋਇਆ ਦਾ ਦੁੱਧ ਜਾਂ ਗਾਜਰ ਦਾ ਜੂਸ ਪਾਇਆ ਜਾ ਸਕਦਾ ਹੈ। ਤੁਹਾਡਾ ਕੈਂਸਰ ਦਾ ਫਾਰਮੂਲਾ ਤਿਆਰ ਹੈ। ਹੁਣ ਇਸ ਵਿਚ ਮਰਜ਼ੀ ਅਨੁਸਾਰ ਬਦਾਮ, ਅਖ਼ਰੋਟ, ਕਾਜੂ ਆਦਿਕ ਦੇ ਚੂਰੇ ਦਾ ਇੱਕ-ਡੇਢ ਚਮਚਾ ਮਿਲਾਵੋ; ਸੇਬ, ਨਾਸ਼ਪਾਤੀ, ਬਲਿਊ ਬੈਰੀ, ਆੜੂ, ਅਲੂਚਾ (ਪਲੱਮ) ਜਾਂ ਆਪਣੀ ਪਸੰਦ ਦੇ ਕੋਈ ਵੀ ਹੋਰ ਫਰੂਟ ਥੋੜ੍ਹੀ-ਥੋੜ੍ਹੀ ਮਾਤਰਾ 'ਚ ਬਰੀਕ-ਬਰੀਕ ਕੱਟ ਕੇ ਸੁੱਟ ਲਵੋ। ਜਿਨ੍ਹਾਂ ਲੋਕਾਂ ਨੂੰ ਸ਼ੂਗਰ/ਕੈਂਸਰ ਦੀ ਸ਼ਿਕਾਇਤ ਹੈ, ਉਹ ਦਿਹਾੜੀ 'ਚ ਦੋ ਵਾਰੀ; ਤੇ ਜਿਨ੍ਹਾਂ ਨੇ ਇਨ੍ਹਾਂ ਬੀਮਾਰੀਆਂ ਤੋਂ ਬਚਣ ਦਾ ਅਗਾਊਂ ਇੰਤਜ਼ਾਮ ਕਰਨਾ ਹੈ, ਉਹ ਸਵੇਰੇ ਇੱਕ ਵਾਰੀ ਖਾਣ। ਇਹ ਫਾਰਮੂਲਾ ਬਣਾਉਣ ਵੇਲੇ ਯਾਦ ਰੱਖੋ ਕਿ ਫ਼ਰੂਟ ਤਾਂ ਰਾਤ ਨੂੰ ਕੱਟ ਕੇ ਰੱਖੇ ਜਾ ਸਕਦੇ ਨੇ, ਮਗਰ ਤੇਲ ਤੇ ਚੀਜ਼ (ਪਨੀਰ) ਨੂੰ ਹਰ ਰੋਜ਼ ਤਾਜ਼ਾ ਇੱਕ-ਜਾਨ ਕਰਨਾ ਹੈ ਅਤੇ ਵੀਹ-ਪੰਝੀ ਮਿੰਟਾਂ ਦੇ ਅੰਦਰ-ਅੰਦਰ ਸੇਵਨ ਕਰ ਲੈਣਾ ਹੈ।

**ਸ਼ੁਕਰੀਆ।**

ਡਾਕਟਰ ਅਜੀਤ ਸਿੰਘ ਕੋਟਕਪੂਰਾ
+1-657-464-4066
ਪੰਜਾਬ ਮੇਲ USA



# ਕਾਰਨਰ

## ਕਹਾਣੀ

ਅਮਰ ਦਾ ਪਿਤਾ ਮੋਹਰ ਸਿੰਘ ਇਕ ਦਫਤਰ ਦਾ ਕਲਰਕ ਸੀ। ਉਹ ਸਵੇਰੇ ਆਪਣੇ ਦਫਤਰ ਵਿਚ ਚਲਾ ਜਾਂਦਾ ਸੀ ਅਤੇ ਪੂਰੀ ਇਮਾਨਦਾਰੀ ਨਾਲ ਕੰਮ ਕਰਿਆ ਕਰਦਾ ਸੀ। ਉਸ ਦੇ ਅਫਸਰ ਉਸ ਦੇ ਕੰਮ ਉਪਰ ਖੁਸ਼ ਸਨ। ਉਸ ਨੂੰ ਇਕ ਵਾਰ ਕੰਮ ਦੱਸ ਦਿੱਤਾ ਜਾਂਦਾ, ਤਾਂ ਜਿੰਨਾ ਚਿਰ ਕੰਮ ਖਤਮ ਕਰਕੇ ਫਾਈਲ ਅਫਸਰ ਤੱਕ ਪੁੱਜ ਨਹੀਂ ਜਾਂਦੀ ਸੀ, ਉਸ ਦੀ ਤਸੱਲੀ ਨਹੀਂ ਹੁੰਦੀ ਸੀ। ਅਮਰ ਦੀ ਮਾਂ ਹਰਜੀਤ ਕੌਰ ਇਕ ਘਰੇਲੂ ਔਰਤ ਸੀ ਅਤੇ ਦੱਸ ਜਮਾਤਾਂ ਪੜ੍ਹੀ ਹੋਈ ਸੀ। ਬਹੁਤ ਥਾਈਂ ਅਰਜ਼ੀਆਂ ਭੇਜਣ ਦੇ ਬਾਵਜੂਦ ਵੀ ਉਸ ਦੀ ਮਿਹਨਤ ਨੂੰ ਬੂਰ ਨਹੀਂ ਪਿਆ ਸੀ। ਸਿਲਾਈ ਦੇ ਕੰਮ ਵਿਚ ਉਹ ਚੰਗੀ ਮਾਹਰ ਸੀ। ਅਮਰ ਨੇ ਜਦੋਂ ਸੱਤਵੇਂ ਵਰ੍ਹੇ ਵਿਚ ਪੈਰ ਧਰਿਆ, ਤਾਂ ਉਸ ਨੂੰ ਸਕੂਲ ਵਿਚ ਦਾਖਲ ਕਰਵਾ ਦਿੱਤਾ ਗਿਆ। ਅਮਰ ਨੂੰ ਸਕੂਲ ਵਿਚ ਦਾਖਲ ਕਰਵਾਉਣ ਤੋਂ ਪਹਿਲਾਂ ਉਸ ਦੀ ਮਾਂ ਨੇ ਅੱਖਰ ਗਿਆਨ ਤੋਂ ਬਿਨਾਂ ਉਸ ਦੀ ਰੁਚੀ ਕਿਤਾਬਾਂ ਪੜ੍ਹਨ ਵੱਲ ਕੇਂਦਰਿਤ ਕਰ ਦਿੱਤੀ ਸੀ। ਉਸ ਦੇ ਅੰਦਰ ਪੁਸਤਕਾਂ ਪੜ੍ਹਨ ਦਾ ਸ਼ੌਂਕ ਜਾਗ ਪਿਆ ਸੀ। ਅਮਰ ਨਿੱਕੀਆਂ-ਨਿੱਕੀਆਂ ਕਿਤਾਬਾਂ ਪੜ੍ਹਨੀਆਂ ਸਿੱਖ ਗਿਆ ਸੀ। ਅਮਰ ਆਪਣੀ ਮਾਂ ਦੀ ਸਹਾਇਤਾ ਨਾਲ ਆਸਾਨੀ ਨਾਲ ਪੜ੍ਹ ਸਕਦਾ ਸੀ। ਉਸ ਨੂੰ ਸੂਰਜ, ਚੰਨ ਅਤੇ ਤਾਰਿਆਂ ਦਾ ਗਿਆਨ ਹੋ ਚੁੱਕਾ ਸੀ। ਆਪਣੀ ਮਨ ਤੋਂ ਉਸ ਨੂੰ ਪੌਦਿਆਂ, ਦਰੱਖਤਾਂ, ਪਸ਼ੂਆਂ ਅਤੇ ਪੰਛੀਆਂ ਬਾਰੇ ਚੰਗਾ ਗਿਆਨ ਹੋ ਗਿਆ ਸੀ। ਉਸ ਦੇ ਅੰਦਰ ਹੋਰ ਗਿਆਨ ਪ੍ਰਾਪਤ ਕਰਨ ਦੀ ਉਤਸਕਤਾ ਪੈਦਾ ਹੋ ਚੁੱਕੀ ਸੀ। ਉਸ ਦੀ ਮਾਂ ਨੇ ਉਸ ਨੂੰ ਲਾਇਬ੍ਰੇਰੀ ਤੋਂ ਛੋਟੀਆਂ-ਛੋਟੀਆਂ ਗਿਆਨਵਰਧਕ ਕਿਤਾਬਾਂ ਲਿਆ ਕੇ ਦਿੱਤੀਆਂ ਸਨ, ਜਿਸ ਨਾਲ ਉਹ ਨਵਾਂ-ਨਵਾਂ ਗਿਆਨ ਪ੍ਰਾਪਤ ਕਰਦਾ ਸੀ ਅਤੇ ਫੇਰ ਉਹ ਆਪਣੀਂ ਮਾਂ ਨੂੰ ਦੱਸ ਕੇ ਖੁਸ਼ੀ ਪ੍ਰਾਪਤ ਕਰਦਾ ਸੀ। ਉਸ ਦੇ ਮਾਪੇ ਉਸ ਦੀ ਇਸ ਆਦਤ ਤੋਂ ਖੁਸ਼ੀ ਪ੍ਰਾਪਤ ਕਰ ਰਹੇ ਸਨ। ਉਹ ਚਾਹੁੰਦੇ ਸਨ, ਉਹ ਹੁਣ ਸਕੂਲ ਵਿਚ ਵਧੇਰੇ ਗਿਆਨ ਪ੍ਰਾਪਤ ਕਰੇ। ਉਹ ਉਸ ਦੇ ਅਧਿਆਪਕਾਂ ਨੂੰ ਸਮੇਂ-ਸਮੇਂ 'ਤੇ ਮਿਲਦੇ ਰਹਿੰਦੇ ਸਨ।

ਜਿਸ ਸਕੂਲ ਵਿਚ ਉਸ ਨੂੰ ਦਾਖਲ ਕਰਵਾਇਆ ਗਿਆ, ਉਸ ਨੂੰ ਦੇਖ ਅਮਰ ਬਹੁਤ ਹੀ ਖੁਸ਼ ਸੀ। ਭਾਵੇਂ ਇਹ ਸਕੂਲ ਵਸੋਂ ਤੋਂ ਥੋੜਾ ਦੂਰ ਸੀ ਪਰ ਉਸ ਸਕੂਲ ਦਾ ਕੁਦਰਤੀ ਵਾਤਾਵਰਨ ਮਨ ਨੂੰ ਲੁਭਾਉਣਾ ਸੀ। ਸਕੂਲ ਦੀਆਂ ਗਰਾਊਂਡਾਂ ਵਿਚ ਫੈਲਿਆ ਮਖਮਲ ਵਰਗਾ ਘਾਹ ਦਿਲ ਨੂੰ ਬਹੁਤ ਚੰਗਾ ਲੱਗਦਾ ਸੀ। ਸਕੂਲ ਗਰਾਊਂਡਾਂ ਦੇ ਆਲੇ-ਦੁਆਲੇ ਬਣੀਆਂ ਕਿਆਰੀਆਂ ਤੇ ਉਨ੍ਹਾਂ ਵਿਚ ਉਗੇ ਹੋਏ ਭਿੰਨ-ਭਿੰਨ ਰੰਗਾਂ ਦੇ ਫੁੱਲ ਹਰ ਵਿਦਿਆਰਥੀ ਅਤੇ ਅਧਿਆਪਕ ਨੂੰ ਆਪਣੇ ਵਲ ਖਿੱਚਦੇ ਸਨ। ਇੰਜ ਜਾਪਦਾ ਸੀ, ਜਿਵੇਂ ਫੁੱਲ ਆਪਣੇ ਨੇੜੇ ਬੱਚਿਆਂ ਦੀ ਰੌਣਕ ਦੇਖ ਮੁਸਕਰਾ ਰਹੇ ਹਨ। ਸਕੂਲ ਭਾਵੇਂ ਵਸੋਂ ਤੋਂ ਦੂਰ ਸੀ ਪ੍ਰੰਤੂ ਅਮਰ ਦੇ ਘਰ ਦੇ ਕਾਫੀ ਨਜ਼ਦੀਕ ਸੀ। ਉਹ ਇਕੱਲਾ ਵੀ ਸਕੂਲ ਜਾ ਸਕਦਾ ਸੀ। ਅਮਰ ਨੇ ਸਕੂਲ ਦਾ ਫੁੱਲਾਂ ਵਾਲਾ ਕਾਰਨਰ ਚੁਣ ਲਿਆ ਸੀ ਅਤੇ ਉਥੇ ਬੈਠ ਕੇ ਕੋਈ ਨਾ ਕੋਈ ਕਿਤਾਬ ਪੜ੍ਹਦਾ ਰਹਿੰਦਾ ਸੀ। ਅਧਿਆਪਕ ਵੀ ਉਸ ਪਾਸੇ ਗੇੜਾ ਮਾਰ ਜਾਇਆ ਕਰਦੇ ਸਨ। ਇਕ ਦਿਨ ਉਸ ਨੇ ਦੋ ਅਧਿਆਪਕਾਂ ਨੂੰ ਫੁੱਲਾਂ ਦੀ ਪ੍ਰਸ਼ੰਸਾ ਕਰਦੇ ਹੋਏ ਸੁਣਿਆ ਸੀ। ਉਨ੍ਹਾਂ ਅਧਿਆਪਕਾਂ ਨੇ ਅਮਰ ਨੂੰ ਸਮਝਾਇਆ ਸੀ ਕਿ ਤੂੰ ਇਥੇ ਬੈਠ ਕੇ ਪੜ੍ਹਦਾ ਹੈਂ ਅਤੇ ਧਿਆਨ ਵੀ ਰੱਖਿਆ ਕਰ ਕਿ ਕੋਈ ਵੀ ਵਿਦਿਆਰਥੀ ਫੁੱਲ ਨਾ ਤੋੜੇ, ਜੇ ਕਰ ਕੋਈ ਅਜਿਹਾ ਕਰਦਾ ਹੈ, ਤਾਂ ਤੂੰ ਮਾਲੀ ਨੂੰ ਜਾਂ ਕਿਸੇ ਵੀ ਅਧਿਆਪਕ ਨੂੰ ਦੱਸ ਦਿਆ ਕਰ। ਉਨ੍ਹਾਂ ਨੇ ਅਮਰ ਨੂੰ ਦੱਸਿਆ ਕਿ ਭਾਈ ਵੀਰ ਸਿੰਘ ਜੀ ਇਕ ਮਹਾਨ ਲੇਖਕ ਹੋਏ ਹਨ, ਜਿਨ੍ਹਾਂ ਨੇ ਫੁੱਲਾਂ ਨੂੰ ਨਾ ਤੋੜਨ ਬਾਰੇ ਫੁੱਲਾਂ ਦੀ ਪੁਕਾਰ ਦੇ ਸਬੰਧ ਵਿਚ ਕੁਝ ਇਸ ਤਰ੍ਹਾਂ ਲਿਖਿਆ ਹੈ ਕਿ:-

ਡਾਲੀ ਨਾਲੋਂ ਤੋੜ ਨਾ ਸਾਨੂੰ ਅਸਾਂ ਹੱਟ ਮਹਿਕ ਦੀ ਲਾਈ,
ਲੱਖ ਗਾਹਕ ਜੇ ਤੱਕੇ ਆ ਕੇ ਖਾਲੀ ਇਕ ਨਾ ਜਾਈ,
ਜੇ ਤੂੰ ਇਕ ਤੋੜ ਕੇ ਲੈ ਗਿਓਂ ਇਕ ਜੋਗਾ ਰਹਿ ਜਾਸਾਂ,
ਉਹ ਵੀ ਪਲਕ ਝਲਕ ਦਾ ਮੇਲਾ ਰੂਪ ਮਹਿਕ ਨਸ ਜਾਈ।

ਜਦੋਂ ਅਮਰ ਨੇ ਇਹ ਕਵਿਤਾ ਸੁਣੀ, ਤਾਂ ਉਸ ਨੇ ਅਧਿਆਪਕ ਤੋਂ ਪੁੱਛ ਕੇ ਇਸ ਨੂੰ ਆਪਣੀ ਕਾਪੀ 'ਤੇ ਲਿਖ ਲਿਆ ਅਤੇ ਹੌਲੀ-ਹੌਲੀ ਯਾਦ ਕਰ ਲਿਆ ਸੀ। ਜਦੋਂ ਘਰ ਜਾ ਕੇ ਉਸ ਨੇ ਆਪਣੀ ਮਾਂ ਨੂੰ ਸੁਣਾਈ ਸੀ, ਉਸ ਦੀ ਮਾਂ ਵੀ ਬਹੁਤ ਹੀ ਖੁਸ਼ ਹੋਈ ਕਿ ਅਮਰ ਸਿਆਣਾ ਹੋ ਰਿਹਾ ਹੈ ਅਤੇ ਅਧਿਆਪਕ ਵੀ ਉਸ ਦਾ ਬਹੁਤ ਹੀ ਧਿਆਨ ਰੱਖ ਰਹੇ ਹਨ।

ਇਕ ਦਿਨ ਸਕੂਲ ਦੇ ਦੋ ਵਿਦਿਆਰਥੀ ਰਾਮ ਤੇ ਸ਼ਾਮ ਉਸ ਦੇ ਕੋਲ ਆ ਗਏ ਤੇ ਉਹ ਫੁੱਲਾਂ ਨੂੰ ਤੋੜਨ ਲੱਗੇ, ਤਾਂ ਅਮਰ ਨੇ ਉਨ੍ਹਾਂ ਨੂੰ ਅਜਿਹਾ ਨਾ ਕਰਨ ਲਈ ਆਖਿਆ। ਉਹ ਕੁਝ ਫੁਲ ਤੋੜ ਚੁੱਕੇ ਸਨ। ਅਮਰ ਨੇ ਉਨ੍ਹਾਂ ਨੂੰ ਆਖਿਆ ਕਿ ਮੈਂ ਅਧਿਆਪਕਾਂ ਨੂੰ ਦੱਸਾਂਗਾ। ਇਹ ਸੁਣ ਕੇ ਉਹ ਡਰ ਗਏ। ਇਸ ਤੋਂ ਪਹਿਲਾਂ ਕਿ ਅਮਰ ਦੱਸਣ ਲਈ ਜਾਂਦਾ, ਰਾਮ ਨੇ ਤੋੜੇ ਹੋਏ ਫੁੱਲ ਉਸ ਦੀ ਝੋਲੀ ਵਿਚ ਸੁੱਟ ਦਿੱਤੇ ਤੇ ਕਹਿਣ ਲੱਗੇ ਕਿ ਇਹ ਫੁਲ ਤੂੰ ਤੋੜੇ ਹਨ, ਅਸੀਂ ਤੈਨੂੰ ਅਧਿਆਪਕਾਂ ਤੋਂ ਸਜ਼ਾ ਦਿਵਾਵਾਂਗੇ। ਅਮਰ ਡਰ ਗਿਆ ਤੇ ਉਨ੍ਹਾਂ ਦੀ ਮਿੰਨਤ ਕਰਨ ਲੱਗਾ ਕਿ ਅਜਿਹਾ ਨਾ ਕਰਨਾ। ਮੈਨੂੰ ਸਜ਼ਾ ਮਿਲੇਗੀ ਤੇ ਮੈਨੂੰ ਇਸ ਤੋਂ ਬਾਅਦ ਇਥੇ ਬੈਠਣ ਨਹੀਂ ਦਿੱਤਾ ਜਾਵੇਗਾ। ਮੈਨੂੰ ਇਹ ਥਾਂ ਬਹੁਤ ਹੀ ਚੰਗੀ ਲੱਗਦੀ ਹੈ। ਮੈਂ ਫੁੱਲਾਂ ਦਾ ਸਾਥ ਮਾਣਦਾ ਹਾਂ। ਉਹ ਰਾਮ ਅਤੇ ਸ਼ਾਮ ਦੋਵੇਂ ਹੀ ਸ਼ਰਾਰਤੀ ਮੁੰਡੇ ਸਨ ਅਤੇ ਅਮਰ ਤੋਂ ਵੱਡੇ ਵੀ ਸਨ। ਉਨ੍ਹਾਂ ਨੇ ਕਿਹਾ ਕਿ ਜੇ ਤੂੰ ਚਾਹੁੰਦਾ ਹੈਂ ਕਿ ਤੇਰੀ ਸ਼ਿਕਾਇਤ ਨਾ ਲਾਈਏ, ਤਾਂ ਇਹ ਵਾਅਦਾ ਕਰ ਕੇ ਤੂੰ ਸਾਡੀ ਕੋਈ ਵੀ ਗੱਲ ਕਿਸੇ ਨੂੰ ਵੀ ਭਾਵ ਨਾ ਘਰੇ ਅਤੇ ਨਾ ਸਕੂਲੇ ਨਹੀਂ ਦੱਸੇਂਗਾ। ਅਮਰ ਨੇ ਉਨ੍ਹਾਂ ਦੀ ਗੱਲ ਮੰਨ ਲਈ ਉਸ ਤੋਂ ਬਾਅਦ ਰਾਮ ਨੇ ਉਸ ਦੀ ਘਰੋਂ ਲਿਆਂਦੀ ਹੋਈ ਰੋਟੀ ਖੋਹ ਲਈ, ਜੋ ਰਾਮ ਅਤੇ ਸ਼ਾਮ ਨੇ ਮਿਲ ਕੇ ਖਾ ਲਈ ਸੀ ਅਤੇ ਸ਼ਾਮ ਨੇ ਉਸ ਤੋਂ ਜੇਬ ਖਰਚੀ ਵੀ ਖੋਹ ਲਈ, ਜੋ ਉਨ੍ਹਾਂ ਨੇ ਮਿਲ ਕੇ ਖਰਚ ਲਈ ਸੀ। ਅਮਰ ਉਸ ਦਿਨ ਭੁੱਖਾ ਹੀ ਰਹਿ ਗਿਆ ਪਰ ਉਸ ਨੇ ਕਿਸੇ ਨੂੰ ਕੁਝ ਨਾ ਕਿਹਾ। ਛੁੱਟੀ ਸਮੇਂ ਜਦੋਂ ਉਹ ਘਰੇ ਜਾ ਰਿਹਾ ਸੀ, ਤਾਂ ਰਾਮ ਅਤੇ ਸ਼ਾਮ ਵੀ ਉਸ ਦੇ ਨਾਲ ਹੀ ਜਾ ਰਹੇ ਸੀ ਉਨ੍ਹਾਂ ਨੇ ਫੇਰ ਅਮਰ ਨੂੰ ਡਰਾ ਦਿੱਤਾ ਕਿ ਜੇ ਕਰ ਘਰ ਦੱਸਿਆ ਤਾਂ ਅਸੀਂ ਕੱਲ੍ਹ ਨੂੰ ਤੈਨੂੰ ਕੁੱਟਾਂਗੇ ਅਤੇ ਅਧਿਆਪਕਾਂ ਨੂੰ ਵੀ ਦੱਸ ਦੇਵਾਂਗੇ ਕਿ ਤੂੰ ਫੁੱਲਾਂ ਦਾ ਨੁਕਸਾਨ ਕਰਦਾ ਹੈਂ। ਉਹ ਡਰ ਗਿਆ। ਉਸ ਨੇ ਘਰ ਜਾ ਕੇ ਰੋਟੀ ਖਾਧੀ ਉਸ ਨੂੰ ਭੁੱਖ ਬਹੁਤ ਲੱਗੀ ਸੀ, ਉਹ ਇਕ ਰੋਟੀ ਵੱਧ ਖਾ ਗਿਆ ਸੀ। ਮਾਂ ਨੇ ਇਸ ਵੱਲ ਕੋਈ ਧਿਆਨ ਨਾ ਦਿੱਤਾ ਕਿ ਬੱਚਾ ਖੇਡਦਾ ਹੋਵੇਗਾ, ਇਸ ਲਈ ਭੁੱਖ ਵੱਧ ਲੱਗੀ ਹੋਵੇਗੀ। ਅਗਲੇ ਦਿਨ ਫਿਰ ਸਕੂਲ ਗਿਆ, ਤਾਂ ਅੱਧੀ ਛੁੱਟੀ ਸਮੇਂ ਉਹ ਜਦ ਪਹਿਲਾਂ ਵਾਲੀ ਥਾਂ 'ਤੇ ਗਿਆ, ਤਾਂ ਰਾਮ ਅਤੇ ਸ਼ਾਮ ਫਿਰ ਉਸ ਕੋਲ ਆ ਗਏ ਤੇ ਉਸ ਨੂੰ ਡਰਾ ਕੇ ਉਸ ਕੋਲੋਂ ਉਸ ਦੀ ਰੋਟੀ ਖੋਹ ਕੇ ਖਾ ਗਏ ਅਤੇ ਉਸ ਦੀ ਜੇਬ ਖਰਚੀ ਵੀ ਲੈ ਗਏ। ਅਮਰ ਬਹੁਤ ਪ੍ਰੇਸ਼ਾਨ ਹੋ ਗਿਆ। ਉਸ ਦਾ ਜੀਅ ਕਿਤਾਬ ਪੜ੍ਹਨ ਵਿਚ ਬਿਲਕੁਲ ਹੀ ਨਹੀਂ ਲੱਗ ਰਿਹਾ ਸੀ। ਇਕ ਹਫਤਾ ਇਹ ਸਭ ਚੱਲਦਾ ਰਿਹਾ। ਅਮਰ ਬਹੁਤ ਹੀ ਡਰਿਆ-ਡਰਿਆ ਰਹਿੰਦਾ ਸੀ। ਸੋਮਵਾਰ ਨੂੰ ਉਸ ਦਾ ਮਨ ਸਕੂਲ ਜਾਣ ਨੂੰ ਨਹੀਂ ਕਰ ਰਿਹਾ ਸੀ। ਅਮਰ ਨੇ ਆਪਣੇ ਪਿਤਾ ਦੇ ਦਫਤਰ ਚਲੇ ਜਾਣ ਤੋਂ ਬਾਅਦ ਆਪਣੀ ਮਾਂ ਨੂੰ ਕਿਹਾ ਕਿ ਮੈਂ ਅੱਜ ਸਕੂਲ ਨਹੀਂ ਜਾਵਾਂਗਾ। ਜਦੋਂ ਮਾਂ ਨੇ ਕਾਰਨ ਪੁੱਛਿਆ ਤਾਂ ਉਸ ਨੇ ਬਹਾਨਾ ਬਣਾਇਆ ਕਿ ਉਸ ਦਾ ਢਿੱਡ ਦੁਖਦਾ ਹੈ। ਮਾਂ ਨੇ ਉਸ ਦੇ ਢਿੱਡ ਨੂੰ ਹੱਥ ਲਾ ਕੇ ਪੁੱਛਿਆ, ਤਾਂ ਉਹ ਦੱਸ ਨਾ ਸਕਿਆ ਕਿ ਕਿੱਥੇ ਦਰਦ ਹੋ ਰਿਹਾ ਹੈ। ਉਸ ਦੀ ਮਾਂ ਨੇ ਸੋਚਿਆ ਕੇ ਇਸ ਨੇ ਸਕੂਲ ਦਾ ਕੰਮ ਨਹੀਂ ਕੀਤਾ ਹੋਣਾ, ਤਾਂ ਹੀ ਇਹ ਬਹਾਨਾ ਬਣਾ ਰਿਹਾ ਹੈ। ਮਾਂ ਨੇ ਪਿਆਰ ਨਾਲ ਸਮਝਾ ਕੇ ਸਕੂਲ ਭੇਜ ਦਿੱਤਾ। ਉਸ ਦਾ ਲੰਚ ਬਾਕਸ ਦੇ ਦਿੱਤਾ ਤੇ ਜੇਬ ਖਰਚੀ ਵੀ ਦਿੱਤੀ ਤੇ ਕਿਹਾ ਕਿ ਚੱਲ ਮੈਂ ਤੈਨੂੰ ਸਕੂਲ ਛੱਡ ਆਉਂਦੀ ਹਾਂ। ਅਮਰ ਨੂੰ ਰਾਮ ਅਤੇ ਸ਼ਾਮ ਦਾ ਡਰ ਸਤਾ ਰਿਹਾ ਸੀ, ਇਸ ਲਈ ਉਹ ਆਪਣੀ ਮਾਂ ਨੂੰ ਨਾਲ ਨਹੀਂ ਲਿਜਾਣਾ ਚਾਹੁੰਦਾ ਸੀ। ਉਸ ਨੇ ਕਿਹਾ ਕਿ ਤੁਸੀਂ ਘਰ ਦਾ ਕੰਮ ਕਰੋ, ਮੈਂ ਆਪੇ ਹੀ ਚਲਾ ਜਾਵਾਂਗਾ। ਅਮਰ ਸਕੂਲ ਚਲਾ ਗਿਆ। ਅੱਧੀ ਛੁਟੀ ਸਮੇਂ ਉਹ ਫੁੱਲਾਂ ਦੇ ਸਾਥ ਵਿਚ ਜਾਣ ਦੀ ਥਾਂ ਜਮਾਤ ਵਿਚ ਹੀ ਬੈਠਾ ਰਿਹਾ। ਜਦੋਂ ਸਾਰੇ ਬੱਚੇ ਬਾਹਰ ਖੇਡਣ ਲਈ ਚਲੇ ਗਏ, ਉਸ ਨੇ ਆਪਣਾ ਲੰਚ ਬਾਕਸ ਕੱਢਿਆ ਤੇ ਖੋਲ੍ਹਣ ਹੀ ਲੱਗਾ ਸੀ ਕਿ ਰਾਮ ਅਤੇ ਸ਼ਾਮ ਉਸ ਕੋਲ ਆ ਗਏ ਤੇ ਉਸ ਨੂੰ ਬਾਹਰ ਲੈ ਗਏ। ਉਹ ਡਰਦਾ ਹੋਇਆ ਉਨ੍ਹਾਂ ਨਾਲ ਚਲਾ ਗਿਆ। ਉਨ੍ਹਾਂ ਨੇ ਗਰਾਉਂਡ ਵਿਚ ਪਹੁੰਚ ਉਸ ਤੋਂ ਉਸ ਦਾ ਡੱਬਾ ਖੋਹ ਲਿਆ ਤੇ ਉਸ ਦੀ ਰੋਟੀ ਖਾ ਗਏ ਅਤੇ ਜੇਬ ਖਰਚੀ ਵੀ ਖੋਹ ਕੇ ਲੈ ਗਏ। ਅਮਰ ਬਹੁਤ ਹੀ ਪ੍ਰੇਸ਼ਾਨ ਹੋ ਗਿਆ। ਹੁਣ ਅਮਰ ਹਰ ਰੋਜ਼ ਆਪਣਾ ਲੰਚ ਬਾਕਸ ਲੈ ਕੇ ਫੁੱਲਾਂ ਦੇ ਕੋਨੇ ਕੋਲ ਪਹੁੰਚ ਜਾਇਆ ਕਰਦਾ ਸੀ ਅਤੇ ਉਥੇ ਹੀ ਰਾਮ ਅਤੇ ਸ਼ਾਮ ਪਹੁੰਚ ਜਾਂਦੇ, ਉਸ ਤੋਂ ਲੰਚ ਬਾਕਸ ਲੈਂਦੇ ਲੰਚ ਖਾ ਜਾਂਦੇ ਤੇ ਉਸ ਤੋਂ ਜੇਬ ਖਰਚੀ ਲੈ ਲੈਂਦੇ ਸਨ। ਅਮਰ ਵਿਰੋਧ ਕਰਨ ਜੋਗਾ ਹੀ ਨਹੀਂ ਸੀ ਕਿਉਂ ਜੋ ਉਹ ਪੂਰੀ ਤਰ੍ਹਾਂ ਡਰਿਆ ਹੋਇਆ ਸੀ ਜਾਂ ਸਮਝੋ ਕਿ ਇਤਨਾ ਡਰਾਇਆ ਹੋਇਆ ਸੀ। ਉਹ ਅੰਦਰੋਂ ਵਿਰੋਧ ਕਰਨਾ ਚਾਹੁੰਦਾ ਸੀ। ਉਹ ਇਸ ਸਮਸਿਆ ਦਾ ਹੱਲ ਸੋਚਣ ਲੱਗਾ। ਪ੍ਰੰਤੂ ਉਸ ਨੂੰ ਉਨ੍ਹਾਂ ਦੋਹਾਂ ਤੋਂ ਡਰ ਲੱਗ ਰਿਹਾ ਸੀ। ਉਸ ਦੀ ਸਮਝ ਵਿਚ ਨਹੀਂ ਆ ਰਿਹਾ ਸੀ ਕਿ ਉਹ ਕਿਵੇਂ ਕਰੇ। ਹੁਣ ਅਮਰ ਨੂੰ ਰਾਮ ਨੇ ਆਖਿਆ ਕਿ ਤੂੰ ਹੁਣ ਲੰਚ ਨਾ ਲਿਆਇਆ ਕਰ, ਆਪਣੀ ਮੰਮੀ ਤੋਂ ਹੋਰ ਪੈਸੇ ਲੈ ਆਇਆ ਕਰ। ਉਸ ਨੇ ਅਗਲੇ ਦਿਨ ਤੋਂ ਹੋਰ ਪੈਸੇ ਲਿਆਉਣੇ ਸ਼ੁਰੂ ਕਰ ਦਿੱਤੇ। ਰਾਮ ਅਤੇ ਸ਼ਾਮ ਨੂੰ ਹੁਣ ਮੌਜਾਂ ਬਣ ਗਈਆਂ ਸਨ। ਉਹ ਜਦ ਵੀ ਅਮਰ ਨੂੰ ਮਿਲਦੇ, ਉਸ ਤੋਂ ਪੈਸੇ ਲੈ ਲੈਂਦੇ ਅਤੇ ਆਪਣੇ ਰਾਹ ਪੈਂਦੇ। ਹੁਣ ਤਾਂ ਉਹ ਕਿਸੇ ਦੇ ਹੋਣ ਜਾਂ ਨਾ ਹੋਣ ਦੀ ਪ੍ਰਵਾਹ ਨਹੀਂ ਕਰਦੇ ਸਨ। ਉਹ ਸਭ ਦੇ ਸਾਹਮਣੇ ਹੀ ਪੈਸੇ ਲੈ ਲਿਆ ਕਰਦੇ ਸਨ। ਅਮਰ ਵੀ ਡਰਦਾ ਹੋਇਆ ਬਿਨਾ ਹੀਲ ਹੁਜਤ ਦੇ ਪੈਸੇ ਦੇ ਕੇ ਉਨ੍ਹਾਂ ਤੋਂ ਖਹਿੜਾ ਛੁਡਾਉਣ ਦੀ ਕਰਦਾ ਸੀ। ਉਸ ਨੇ ਮੰਨ ਬਣਾਇਆ ਕਿ ਉਹ ਸਾਰੀ ਘਟਨਾ ਦਾ ਵੇਰਵਾ ਆਪਣੇ ਅਧਿਆਪਕ ਨੂੰ ਦੱਸ ਦੇਵੇ। ਉਸ ਨੇ ਡਰ ਕਾਰਨ ਅਜਿਹਾ ਨਾ ਕੀਤਾ।

ਜਦੋਂ ਉਹ ਇਕ ਦੋ ਦਿਨ ਫੁੱਲਾਂ ਕੋਲ ਨਾ ਗਿਆ, ਤਾਂ ਅਧਿਆਪਕ ਕਸ਼ਮੀਰ ਸਿੰਘ ਜਿਸ ਨੇ ਉਸ ਨੂੰ ਫੁੱਲਾਂ ਕੋਲ ਬੈਠਿਆਂ ਕਈ ਵਾਰ ਦੇਖਿਆ ਸੀ, ਨੇ ਕਿਹਾ, ਅਮਰ ਅੱਜਕੱਲ੍ਹ ਫੁੱਲਾਂ ਦੀਆਂ ਕਿਆਰੀਆਂ ਕੋਲ ਨਜ਼ਰ ਨਹੀਂ ਆਇਆ। ਉਨ੍ਹਾਂ ਨੇ ਕਾਰਨ ਜਾਣਨ ਲਈ ਉਸ ਨੂੰ ਆਪਣੇ ਕੋਲ ਬੁਲਾਇਆ। ਜਦੋਂ ਉਸ ਨੂੰ ਪੁੱਛਿਆ ਗਿਆ ਕਿ ਹੁਣ ਤੂੰ ਉਥੇ ਫੁੱਲਾਂ ਕੋਲ ਕਿਉਂ ਨਹੀਂ ਜਾਂਦਾ? ਪਹਿਲਾਂ ਤਾਂ ਉਸ ਨੇ ਕਿਹਾ ਕਿ ਮੈਂ ਹੁਣ ਹੋਰ ਬੱਚਿਆਂ ਨਾਲ ਖੇਡਦਾ ਹਾਂ। ਜਦੋਂ ਫੇਰ ਪੁੱਛਿਆ ਕਿ ਤੈਨੂੰ ਤਾਂ ਅਸੀਂ ਖੇਡਦਾ ਨਹੀਂ ਦੇਖਿਆ, ਤਾਂ ਉਹ ਫੁੱਟ-ਫੁੱਟ ਕੇ ਰੋਣ ਲੱਗ ਪਿਆ। ਅਧਿਆਪਕ ਨੇ ਅੰਦਾਜ਼ਾ ਲਾਇਆ ਕਿ ਕੋਈ ਖਾਸ ਗੱਲ ਹੈ। ਉਸ ਨੇ ਉਸ ਨੂੰ ਪਿਆਰ ਕੀਤਾ ਤੇ ਬਿਠਾਇਆ ਅਤੇ ਕਿਹਾ ਕਿ ਘਬਰਾ ਨਾ। ਜੇ ਕਰ ਕੋਈ ਸਮੱਸਿਆ ਹੈ, ਤਾਂ ਮੈਨੂੰ ਦੱਸ, ਮੈਂ ਤੇਰੇ ਬਾਪ ਜਿਹਾ ਹਾਂ। ਮੈਂ ਤੇਰੀ ਸਮੱਸਿਆ ਦਾ ਹੱਲ ਕਰਾਂਗਾ। ਮੈਂ ਤੇਰੀ ਹਰ ਪ੍ਰੇਸ਼ਾਨੀ ਦੂਰ ਕਰਨ ਦਾ ਯਤਨ ਕਰਾਂਗਾ। ਅਮਰ ਨੂੰ ਧਰਵਾਸ ਮਿਲਿਆ। ਉਸ ਨੇ ਕੁਝ ਸਮਾਂ ਪਹਿਲਾਂ ਰਾਮ ਅਤੇ ਸ਼ਾਮ ਦੀ ਫੁਲ ਤੋੜਨ ਵਾਲੀ ਘਟਨਾ ਇੰਨ-ਬਿੰਨ ਦੱਸ ਦਿੱਤੀ ਅਤੇ ਬਾਅਦ ਵਿਚ ਉਸ ਦੀ ਰੋਟੀ ਖੋਹ ਲੈਣ ਵਾਲੀ ਅਤੇ ਜੇਬ ਖਰਚੀ ਵੀ ਖੋਹ ਲੈਣ ਬਾਰੇ ਸਾਰਾ ਵੇਰਵੇ ਸਹਿਤ ਦੱਸ ਦਿੱਤਾ ਅਤੇ ਇਹ ਵੀ ਦੱਸਿਆ ਕਿ ਉਹ ਮੈਨੂੰ ਰੋਜ਼ ਹੀ ਡਰਾਉਂਦੇ ਹਨ ਕਿ ਤੈਨੂੰ ਅਧਿਆਪਕਾਂ ਤੋਂ ਮਾਰ ਪੁਆਵਾਂਗੇ। ਮੈਂ ਡਰ ਗਿਆ ਸੀ ਅਤੇ ਘਰੇ ਜਾਂ ਸਕੂਲ ਵਿਚ ਕਿਸੇ ਨੂੰ ਨਹੀਂ ਦੱਸਿਆ ਹੈ। ਮੈਂ ਤੁਹਾਨੂੰ ਦੱਸ ਦਿੱਤਾ ਹੈ, ਮੈਨੂੰ ਲੱਗਦਾ ਹੈ ਕਿ ਉਹ ਮੈਨੂੰ ਅੱਜ ਕੁੱਟਣਗੇ। ਮੈਨੂੰ ਬਹੁਤ ਹੀ ਡਰ ਲੱਗ ਰਿਹਾ ਹੈ। ਅਧਿਆਪਕ ਨੇ ਅਮਰ ਨੂੰ ਪੂਰਨ ਦਿਲਾਸਾ ਦਿੱਤਾ ਕਿ ਤੈਨੂੰ ਡਰਨ ਦੀ ਲੋੜ ਨਹੀਂ। ਮੈਂ ਤੇਰੇ ਇਸ ਮਸਲੇ ਦਾ ਹੱਲ ਕਰਾਂਗਾ। ਜਿੰਨਾ ਚਿਰ ਤੱਕ ਤੇਰੀ ਤਸੱਲੀ ਨਹੀਂ ਹੁੰਦੀ, ਉਦੋਂ ਤੱਕ ਤੈਨੂੰ ਮੈਂ ਘਰ ਤੋਂ ਲੈ ਕੇ ਆਵਾਂਗਾ ਅਤੇ ਛੁਟੀ ਸਮੇਂ ਘਰ ਵੀ ਛੱਡ ਕੇ ਆਵਾਂਗਾ। ਸਕੂਲ ਵਿਚ ਤੇਰਾ ਧਿਆਨ ਰੱਖਾਂਗਾ। ਅੱਧੀ ਛੁਟੀ ਸਮੇਂ ਮੈਂ ਤੇਰੇ ਕੋਲ ਹੀ ਕਿਆਰੀਆਂ ਵਿਚ ਹੀ ਬੈਠਿਆਂ ਕਰਾਂਗਾ ਅਤੇ ਤੈਨੂੰ ਫੁੱਲਾਂ ਬਾਰੇ ਜਾਣਕਾਰੀ ਦਿਆ ਕਰਾਂਗਾ। ਰਾਮ ਅਤੇ ਸ਼ਾਮ ਨੂੰ ਬਿਲਕੁਲ ਵੀ ਪਤਾ ਨਹੀਂ ਲੱਗੇਗਾ ਕਿ ਤੂੰ ਉਨ੍ਹਾਂ ਦੀ ਸ਼ਿਕਾਇਤ ਲਗਾਈ ਹੈ। ਤੂੰ ਬਿਲਕੁਲ ਵੀ ਫਿਕਰ ਨਹੀਂ ਕਰਨਾ ਹੈ। ਉਸ ਦਿਨ ਤੋਂ ਬਾਅਦ ਅਧਿਆਪਕ ਕਸ਼ਮੀਰ ਸਿੰਘ ਨੇ ਅਮਰ ਨਾਲ ਦੋਸਤੀ ਪਾ ਲਈ ਤੇ ਉਸ ਦਾ ਪੂਰਾ ਧਿਆਨ ਰੱਖਣ ਲੱਗ ਪਿਆ। ਛੁਟੀ ਸਮੇਂ ਕਸ਼ਮੀਰ ਸਿੰਘ ਉਸ ਨੂੰ ਆਪਣੇ ਨਾਲ ਹੀ ਸਕੂਟਰ 'ਤੇ ਲੈ ਗਿਆ। ਅਗਲੇ ਦਿਨ ਛੁੱਟੀ ਸੀ। ਅਗਲੇਰੇ ਦਿਨ ਸਕੂਲ ਸਮੇਂ 'ਤੇ ਅਮਰ ਨੂੰ ਕਸ਼ਮੀਰ ਸਿੰਘ ਨਾਲ ਲੈ ਆਇਆ ਸੀ। ਅੱਧੀ ਛੁੱਟੀ ਸਮੇਂ ਅਮਰ ਆਪਣੇ ਕੋਨੇ ਵਿਚ ਜਾ ਬੈਠਾ। ਜਦੋਂ ਰਾਮ ਅਤੇ ਸ਼ਾਮ ਨੇ ਉਸ ਨੂੰ ਇਕੱਲੇ ਨੂੰ ਕਿਆਰੀਆਂ ਕੋਲ ਬੈਠਿਆਂ ਦੇਖਿਆ, ਤਾਂ ਉਹ ਉਸਦੇ ਵੱਲ ਨੂੰ ਤੁਰ ਪਏ। ਹਾਲੇ ਉਨ੍ਹਾਂ ਨੇ ਕੁਝ ਕਦਮ ਹੀ ਪੁੱਟੇ ਸਨ ਕਿ ਉਨ੍ਹਾਂ ਦੀ ਨਜ਼ਰ ਅਧਿਆਪਕ 'ਤੇ ਪਈ, ਜਿਹੜਾ ਫੁੱਲਾਂ ਨੂੰ ਦੇਖ ਰਿਹਾ ਸੀ ਅਤੇ ਉਥੇ ਖੜੋਤਾ ਹੋਇਆ ਮਾਲੀ ਨਾਲ ਗੱਲਾਂ ਕਰ ਰਿਹਾ ਸੀ। ਮਾਲੀ ਕਿਆਰੀਆਂ ਨੂੰ ਪਾਣੀ ਲਗਾ ਰਿਹਾ ਸੀ। ਅਮਰ ਵੀ ਉਨ੍ਹਾਂ ਕੋਲ ਹੀ ਖੜ੍ਹਾ ਸੀ। ਰਾਮ ਅਤੇ ਸ਼ਾਮ ਉਥੋਂ ਹੀ ਵਾਪਿਸ ਮੁੜ ਗਏ। ਭਾਵੇਂ ਕਸ਼ਮੀਰ ਸਿੰਘ ਨੇ ਉਨ੍ਹਾਂ ਨੂੰ ਦੇਖ ਲਿਆ ਸੀ ਪਰ ਉਸ ਨੇ ਇਹ ਦਿਖਾਇਆ ਕਿ ਉਸ ਨੂੰ ਕੁਝ ਵੀ ਪਤਾ ਨਹੀਂ ਹੈ।

ਕਸ਼ਮੀਰ ਸਿੰਘ ਅਮਰ ਨੂੰ ਦੱਸਣ ਲੱਗਾ ਕਿ ਫੁੱਲ ਸਾਨੂੰ ਸਭ ਨੂੰ ਪਿਆਰੇ ਲੱਗਦੇ ਹਨ। ਫੁੱਲ ਸਾਡੀਆਂ ਖੁਸ਼ੀਆਂ ਅਤੇ ਗਮੀਆਂ ਵਿਚ ਸ਼ਰੀਕ ਹੁੰਦੇ ਹਨ। ਸਾਡੇ ਜੀਵਨ ਵਿਚ ਜਨਮ ਤੋਂ ਮੌਤ ਤੱਕ ਫੁਲ ਵੱਖੋ-ਵੱਖਰੀਆਂ ਭਾਵਨਾਵਾਂ ਨੂੰ ਪ੍ਰਗਟ ਕਰਦੇ ਦਿਖਾਈ ਦਿੰਦੇ ਹਨ। ਜਨਮ ਦਿਨ ਦੇ ਸਮੇਂ ਫੁਲ ਖੁਸ਼ੀਆਂ ਦਾ ਮੀਂਹ ਵਰਸਾਉਂਦੇ ਪ੍ਰਤੀਤ ਹੁੰਦੇ ਹਨ, ਜਦੋਂ ਕਿ ਵਿਆਹ ਸ਼ਾਦੀ ਸਮੇਂ ਫੁੱਲ ਸਾਡੇ ਸੁਪਨਿਆਂ ਦੀ ਸਜਾਵਟ ਬਣ ਸਾਨੂੰ ਖੁਸ਼ੀਆਂ ਦਿੰਦੇ ਹਨ। ਮੌਤ ਸਮੇਂ ਦੇ ਵੇਲੇ ਓਹੀ ਫੁੱਲ ਜਾਣ ਵਾਲੇ ਨੂੰ ਵਿਦਾਈ ਦੇ ਰਹੇ ਹੁੰਦੇ ਹਨ। ਫੁੱਲ ਤਾਂ ਓਹੀ ਹੁੰਦੇ ਹਨ ਪਰ ਹਰ ਸਮੇਂ ਅਨੁਸਾਰ ਆਪਣਾ ਵੱਖਰਾ ਅਹਿਸਾਸ ਦਿਆ ਕਰਦੇ ਹਨ। ਹਰੇਕ ਫੁੱਲ ਆਪਣੀ ਕਹਾਣੀ ਵੱਖਰੀ ਤਰ੍ਹਾਂ ਨਾਲ ਬਿਆਨ ਕਰਦਾ ਹੈ। ਗੇਂਦੇ ਦੇ ਫੁਲ ਸਾਦਗੀ ਅਤੇ ਆਮ ਲੋਕਾਂ ਨਾਲ ਜੁੜੇ ਰਹਿਣ ਦਾ ਅਹਿਸਾਸ ਦਿੰਦੇ ਹਨ, ਜਦੋਂਕਿ ਗੁਲਾਬ ਦੇ ਫੁਲ ਦੀਆਂ ਪੰਖੜੀਆਂ ਪਿਆਰ ਦੀ ਗਰਮੀ ਝਲਕਦੀ ਹੈ ਅਤੇ ਕੰਵਲ ਦਾ ਫੁੱਲ ਪਵਿੱਤਰਤਾ ਦਾ ਪ੍ਰਤੀਕ ਬਣਦਾ ਹੈ। ਆਪਣੇ ਆਪ ਖਿੜਨ ਵਾਲੇ ਜੰਗਲੀ ਫੁੱਲ ਸਾਨੂੰ ਸਵੈ-ਹੋਂਦ ਅਤੇ ਆਜ਼ਾਦ ਰਹਿਣ ਦਾ ਸੰਦੇਸ਼ ਦਿੰਦੇ ਹਨ। ਵੱਖ-ਵੱਖ ਰੰਗਾਂ ਵਿਚ ਗੁੰਦੇ ਹੋਏ ਫੁਲ ਵੱਖਰੀ-ਵੱਖਰੀ ਭਾਸ਼ਾ ਰਾਹੀਂ ਆਪਣੀ-ਆਪਣੀ ਨਜ਼ਮਾਂ ਗਾਉਂਦੇ ਹਨ, ਜਿਸ ਦੀ ਆਵਾਜ਼ ਨਹੀਂ ਸੁਣਦੀ ਪ੍ਰੰਤੂ ਅਹਿਸਾਸ ਹੋਇਆ ਕਰਦਾ ਹੈ। ਨੀਲਾ ਰੰਗ ਡੂੰਘੇ ਵਿਚਾਰਾਂ ਅਤੇ ਗੰਭੀਰਤਾ ਨੂੰ ਦਰਸਾਉਂਦਾ ਹੈ, ਜਦੋਂਕਿ ਪੀਲਾ ਰੰਗ ਆਸਾਂ, ਉਮੀਦਾਂ ਅਤੇ ਮਿੱਤਰਤਾ ਦਾ ਸੁਨੇਹਾ ਦਿੰਦਾ ਹੈ। ਜਾਮਣੀ ਰੰਗ ਨੂੰ ਆਤਮਿਕ ਅਤੇ ਰਾਜ਼ ਨੂੰ ਆਪਣੇ ਅੰਦਰ ਸਮੇਟ ਰੱਖਣ ਦੀ ਨਿਸ਼ਾਨੀ ਵਜੋਂ ਗਿਣਿਆ ਗਿਆ ਹੈ। ਬਸੰਤੀ ਰੰਗ ਦੀ ਵਿਰਾਸਤ ਨੂੰ ਸਾਰੇ ਹੀ ਜਾਣਦੇ ਹਨ, ਕਿਵੇਂ ਕੁਰਬਾਨੀ ਦੇਣ ਵਾਲੇ ਆਖਿਆ ਕਰਦੇ ਸਨ – – "ਸਾਡਾ ਰੰਗ ਦੇ ਬਸੰਤੀ ਚੋਲਾ, ਸਾਡਾ ਰੰਗ ਦੇ ਬਸੰਤੀ ਚੋਲਾ।"

ਬਸੰਤੀ ਰੰਗ ਦੇ ਅੰਦਰ ਸਿਦਕ, ਤਿਆਗ ਅਤੇ ਕੁਰਬਾਨੀ ਦਾ ਰੰਗ ਖੂਬ ਝਲਕਾਂ ਮਾਰਦਾ ਹੈ। ਸਰ੍ਹੋਂ ਦੇ ਖਿੜੇ ਹੋਏ ਬਸੰਤੀ ਫੁੱਲ ਪਹੁ ਫੁਟਾਲੇ ਦੀ ਤਰ੍ਹਾਂ ਚਾਨਣ ਦਾ ਦੂਤ ਲੱਗਿਆ ਕਰਦੀ ਹੈ। ਆਪਣੇ ਖੇਤਾਂ ਦੇ ਵਿਚ ਬਸੰਤੀ ਰੰਗ ਭਰਿਆ ਦੇਖ ਕਿਰਸਾਨ ਖੁਸ਼ ਹੋ ਨੱਚਣ ਲੱਗਦਾ ਹੈ। ਇਸ ਤਰ੍ਹਾਂ ਵੱਖਰੇ-ਵੱਖਰੇ ਰੰਗ ਮਨੁੱਖ ਦੇ ਵੱਖ-ਵੱਖ ਪਹਿਲੂਆਂ ਨੂੰ ਦਰਸਾਉਂਦੇ ਹਨ। ਇਕ ਬੀਜ ਧਰਤੀ ਦੇ ਗਰਭ ਵਿਚ ਰਹਿ ਕੇ, ਕਾਫੀ ਮੁਸ਼ਕਿਲਾਂ ਸਹਿਣ ਤੋਂ ਬਾਅਦ ਰੰਗ-ਬਰੰਗੇ ਫੁੱਲ ਦੇ ਰੂਪ ਵਿਚ ਨਜ਼ਰ ਆਉਂਦਾ ਹੈ। ਇਸ ਦੌਰਾਨ ਪੌਦਾ ਧੁੱਪ ਦੀ ਗਰਮੀ, ਹਵਾ ਦੇ ਝੌਂਕੇ ਅਤੇ ਮੀਂਹ ਦੇ ਛਿੱਟੇ ਸਹਾਰ ਕੇ ਵੀ ਨਰਮ ਹੀ ਰਹਿੰਦਾ ਹੈ ਅਤੇ ਮਨੁੱਖੀ ਮਨ ਨੂੰ ਸ਼ਾਂਤੀ ਪ੍ਰਦਾਨ ਕਰਦਾ ਹੈ। ਮਨੁੱਖ ਨੂੰ ਇਹ ਨਿਕਤੂ ਜਿਹਾ ਫੁੱਲ ਸਿਖਾਉਂਦਾ ਹੈ ਕਿ ਦੁੱਖ ਅਤੇ ਤਕਲੀਫ਼ਾਂ ਸਾਡੇ ਜੀਵਨ ਦਾ ਹਿੱਸਾ ਹਨ। ਫੁੱਲ ਬਰਾਬਰੀ ਦੇ ਸੰਦੇਸ਼ਵਾਹਕ ਹੁੰਦੇ ਹਨ, ਉਨ੍ਹਾਂ ਦੀ ਮਹਿਕ ਬਿਨਾਂ ਕਿਸੇ ਵਿਤਕਰੇ ਦੇ ਸਭਨਾਂ ਦੀਆਂ ਨਜ਼ਰਾਂ ਦਾ ਨੂਰ ਬਣਦੀ ਹੈ। ਫੁੱਲ ਭਾਵੇਂ ਥੁੜ ਚਿਰਾ ਜੀਵਨ ਜਿਉਂਦੇ ਹਨ ਪ੍ਰੰਤੂ ਮੜ੍ਹਕ ਨਾਲ ਸਿਰ ਉਠਾ ਕੇ ਰਹਿੰਦੇ ਹਨ। ਉਹ ਹੁਲਾਰੇ ਦਿੰਦੀ ਪੌਣ ਨਾਲ ਬੋਲਾਂ ਦੀ ਸਾਂਝ ਪਾ ਲੈਂਦੇ ਹਨ। ਪਹੁ ਫੁਟਾਲੇ 'ਤੇ ਤ੍ਰੇਲ ਨਾਲ ਨਹਾ ਕੇ ਆਏ ਫੁੱਲ ਜ਼ਿੰਦਗੀ ਦਾ ਸਬਕ ਬਣਦੇ ਹਨ। ਇਕ ਦੂਜੇ ਦਾ ਸੰਗ ਸਾਥ ਜਿਊਣ ਦਾ ਬਲ ਹੁੰਦਾ ਹੈ। ਖੁਸ਼ੀ ਨੂੰ ਦੁੱਗਣਾ ਕਰਦੇ ਹਨ ਅਤੇ ਦੁੱਖ ਤੇ ਔਕੜ ਦੇ ਵਿਚ ਸਹਾਰਾ ਬਣਦੇ ਹਨ। ਇਸ ਲਈ ਸਾਨੂੰ ਮੁਸ਼ਕਲਾਂ ਤੋਂ ਬਿਲਕੁਲ ਵੀ ਘਬਰਾਉਣਾ ਨਹੀਂ ਚਾਹੀਦਾ ਅਤੇ ਦਲੇਰੀ ਨਾਲ ਜੀਵਨ ਅੰਦਰ ਆਈਆਂ ਤਕਲੀਫ਼ਾਂ ਦਾ ਮੁਕਾਬਲਾ ਕਰਨਾ ਚਾਹੀਦਾ ਹੈ। ਫੁੱਲ ਤਾਂ ਇਹ ਆਖਦੇ ਹੋਏ ਪ੍ਰਤੀਤ ਹੁੰਦੇ ਹਨ ਕਿ ਦੂਸਰਿਆਂ ਲਈ ਜਿਊਣਾ ਅਕਾਸ਼ ਵਿਚ ਸੋਂਹਦੇ ਚੰਨ ਜਿਹਾ ਹੁੰਦਾ ਹੈ, ਜਿਸ ਦੀ ਠੰਡੀ ਰੌਸ਼ਨੀ ਹਨੇਰੇ ਰਾਹਾਂ ਵਿਚ ਚਾਨਣ ਦਿਖਾਉਂਦੀ ਹੈ। ਜੇਕਰ ਤਕਲੀਫ਼ਾਂ ਇਕੱਲਿਆਂ ਤੋਂ ਹੱਲ ਨਾ ਕੀਤੀਆਂ ਜਾਣ, ਤਾਂ ਆਪਣੇ ਵੱਡਿਆਂ ਦੀ ਮਦਦ ਲੈ ਲੈਣ ਵਿਚ ਕੋਈ ਹਰਜ਼ ਨਹੀਂ ਹੁੰਦਾ ਹੈ। ਇਹ ਗੱਲਾਂ ਕਰ ਹੀ ਰਹੇ ਸਨ ਕਿ ਅੱਧੀ ਛੁੱਟੀ ਬੰਦ ਹੋਣ ਦੀ ਘੰਟੀ ਵੱਜ ਗਈ ਤੇ ਅਮਰ ਆਪਣੀ ਕਲਾਸ ਵਿਚ ਚਲਾ ਗਿਆ ਅਤੇ ਕਸ਼ਮੀਰ ਸਿੰਘ ਆਪਣੀ ਜਮਾਤ ਦੇ ਬੱਚਿਆਂ ਨੂੰ ਪੜ੍ਹਾਉਣ ਵਿਚ ਰੁੱਝ ਗਏ। ਇਸ ਤਰ੍ਹਾਂ ਇਕ ਹਫਤਾ ਗੁਜ਼ਰ ਗਿਆ। ਰਾਮ ਅਤੇ ਸ਼ਾਮ ਨੂੰ ਮੌਕਾ ਨਾ ਮਿਲਿਆ ਕਿ ਉਹ ਅਮਰ ਨੂੰ ਕੁਝ ਕਹਿ ਸਕਦੇ, ਸਗੋਂ ਉਨ੍ਹਾਂ ਨੂੰ ਡਰ ਲੱਗਣ ਲੱਗ ਪਿਆ ਸੀ ਕਿ ਹੁਣ ਅਮਰ ਮਾਸਟਰ ਕਸ਼ਮੀਰ ਸਿੰਘ ਨੂੰ ਸਾਡੀ ਕਰਤੂਤ ਦੱਸ ਦੇਵੇਗਾ ਅਤੇ ਸਾਨੂੰ ਸਜ਼ਾ ਮਿਲੇਗੀ। ਉਹ ਅਮਰ ਤੋਂ ਟਲਣ ਲੱਗ ਪਏ ਸਨ। ਉਹ ਚਾਹੁੰਦੇ ਸਨ ਕਿ ਉਹ ਅਮਰ ਨਾਲ ਕਿਵੇਂ ਨਾ ਕਿਵੇਂ ਦੋਸਤੀ ਕਰ ਲੈਣ। ਪਰ ਕਸ਼ਮੀਰ ਸਿੰਘ ਜੀ ਦੀ ਹਾਜ਼ਰੀ ਵਿਚ ਉਨ੍ਹਾਂ ਦਾ ਹੌਂਸਲਾ ਨਹੀਂ ਪੈ ਰਿਹਾ ਸੀ। ਅਮਰ ਦਾ ਡਰ ਵੀ ਹੌਲੀ-ਹੌਲੀ ਖਤਮ ਹੋ ਰਿਹਾ ਸੀ ਕਿਉਂਕਿ ਕਸ਼ਮੀਰ ਸਿੰਘ ਜੀ ਉਸਦਾ ਸਾਥ ਦੇ ਰਹੇ ਸਨ। ਸਮਾਂ ਤਾਂ ਕਿਸੇ ਲਈ ਵੀ ਰੁਕ ਕੇ ਇੰਤਜ਼ਾਰ ਨਹੀਂ ਕਰਦਾ ਹੈ, ਇਸ ਤਰ੍ਹਾਂ ਸਮਾਂ ਅੱਗੇ ਵਲ ਵੱਧ ਰਿਹਾ ਸੀ।

ਅਮਰ ਜਿਹੜਾ ਭੈ-ਸਾਗਰ ਦਾ ਵਾਸੀ ਹੋ ਚੁੱਕਿਆ ਸੀ ਅਤੇ ਉਸ ਦਾ ਕਿਸੇ ਕਿਤਾਬ ਪੜ੍ਹਨ ਨੂੰ ਮਨ ਨਹੀਂ ਕਰਦਾ ਸੀ। ਅਧਿਆਪਕ ਦੇ ਦਿਲਾਸੇ ਅਤੇ ਸਾਥ ਸਦਕਾ ਫਿਰ ਲਾਇਬ੍ਰੇਰੀ ਤੋਂ ਨਵੀਆਂ ਕਿਤਾਬਾਂ ਲਿਆ ਕੇ ਪੜ੍ਹਨ ਵਲ ਆਪਣੇ ਆਪ ਨੂੰ ਮੋੜ ਰਿਹਾ ਸੀ। ਉਸ ਦਾ ਮਨ ਪੜ੍ਹਾਈ ਵੱਲ ਆਕਰਸ਼ਿਤ ਹੋ ਰਿਹਾ ਸੀ। ਉਹ ਬਾਕੀ ਵਿਦਿਆਰਥੀਆਂ ਤੋਂ ਬਹੁਤ ਅੱਗੇ ਨਿਕਲ ਰਿਹਾ ਸੀ।

ਇਕ ਦਿਨ ਰੈਡੀਮੇਡ ਕੱਪੜਿਆਂ ਦਾ ਮਾਲਕ ਮਲਕੀਤ, ਅਮਰ ਦੇ ਘਰ ਆਇਆ। ਉਸ ਨੇ ਹਰਜੀਤ ਕੌਰ ਨੂੰ ਹੁਣ ਸਿਲਾਈ ਦਾ ਕੰਮ ਫੇਰ ਤੋਂ ਸ਼ੁਰੂ ਕਰਨ ਲਈ ਆਖਿਆ। ਉਸ ਨੇ ਕਿਹਾ ਕਿ ਹੁਣ ਅਮਰ ਤਾਂ ਕਾਫੀ ਵੱਡਾ ਹੋ ਚੁੱਕਾ ਹੈ ਤੇ ਤੁਸੀਂ ਘਰ ਦਾ ਕੰਮ ਨਬੇੜ ਕੇ ਛੇਤੀ ਵੇਹਲੇ ਹੋ ਜਾਂਦੇ ਹੋ। ਸਿਲਾਈ ਕਰਿਆ ਕਰੋ, ਕੁਝ ਪੈਸੇ ਇਕੱਠੇ ਹੋ ਜਾਣਗੇ, ਜੋ ਅਮਰ ਦੀ ਉਚੇਰੀ ਪੜ੍ਹਾਈ ਲਈ ਤੁਹਾਡੇ ਕੰਮ ਆਉਣਗੇ। ਮੈਨੂੰ ਵਿਸ਼ਵਾਸ ਹੈ ਕਿ ਤੁਹਾਡਾ ਬੱਚਾ ਪੜ੍ਹਾਈ ਵਿਚ ਹੁਸ਼ਿਆਰ ਹੋਵੇਗਾ। ਤੁਹਾਡੇ ਘਰ ਇਮਾਨਦਾਰੀ ਦੀ ਕਮਾਈ ਆਉਂਦੀ ਹੈ। ਇਸ ਤਰ੍ਹਾਂ ਪ੍ਰਮਾਤਮਾ ਵੀ ਤੁਹਾਡੀ ਮਦਦ ਕਰੇਗਾ। ਹਰਜੀਤ ਕੌਰ ਨੇ ਸਿਲਾਈ ਦੇ ਕੰਮ ਲਈ ਮਲਕੀਤ ਨੂੰ ਸਹਿਮਤੀ ਦੇ ਦਿੱਤੀ। ਅਗਲੇ ਦਿਨ ਆ ਕੇ ਮਲਕੀਤ ਉਨ੍ਹਾਂ ਦੇ ਘਰ ਸਿਲਾਈ ਲਈ ਕੱਪੜੇ ਦੇ ਗਿਆ ਅਤੇ ਚੰਗੀ ਤਰ੍ਹਾਂ ਸਮਝਾ ਗਿਆ। ਹਰਜੀਤ ਨੇ ਅਗਲੇ ਦਿਨ ਤੋਂ ਮਸ਼ੀਨ ਦਾ ਕੰਮ ਸ਼ੁਰੂ ਕਰ ਲਿਆ। ਅਮਰ ਵੀ ਉਸ ਦੇ ਕੰਮ ਵਿਚ ਥੋੜੀ ਬਹੁਤ ਸਹਾਇਤਾ ਕਰ ਦਿਆ ਕਰਦਾ ਸੀ।

# ਦੂਜਿਆਂ ਦੇ ਕੰਮ ਆਉਣ ਦਾ ਚਾਅ





ਮਾਸਟਰ ਨਿਰਮਲ ਸਿੰਘ ਲਾਲੀ
ਯੂਬਾ ਸਿਟੀ
ਪੰਜਾਬ ਮੇਲ USA


ਉਹ ਬੰਦੇ ਮਰ ਕੇ ਵੀ ਮੌਤ ਨੂੰ ਜ਼ਿੰਦਗੀ ਦੇ ਜਾਂਦੇ ਹਨ, ਜਿਹੜੇ ਹੱਕ, ਸੱਚ ਤੇ ਇਨਸਾਫ ਲਈ ਆਪਾ ਵਾਰ ਜਾਂਦੇ ਹਨ। ਆਪਣੇ ਆਪ ਲਈ ਤਾਂ ਹਰ ਇਨਸਾਨ ਜੀਊਂਦਾ ਹੈ, ਪਰ ਮਹਾਨ ਮਨੁੱਖ ਉਹ ਹੁੰਦੇ ਹਨ, ਜਿਹੜੇ ਦੂਜਿਆਂ ਦੀ ਖਾਤਰ ਸ਼ਹਾਦਤ ਦਾ ਜਾਮ ਪੀ ਜਾਂਦੇ ਹਨ। ਉਨ੍ਹਾਂ ਸ਼ਹੀਦਾਂ ਦੀਆਂ ਮੜ੍ਹੀਆਂ 'ਤੇ ਸਦਾ ਹੀ ਮੇਲੇ ਲੱਗਦੇ ਹਨ, ਜਿਹੜੇ ਆਪਣੇ ਧਰਮ ਤੇ ਦੇਸ਼ ਦੀ ਖਾਤਰ ਸ਼ਹੀਦੀਆਂ ਪਾ ਜਾਂਦੇ ਹਨ। ਇਥੇ ਭੇਡਾਂ ਬੱਕਰੀਆਂ ਨੂੰ ਕਿਸੇ ਪੁੱਛਣਾ ਨਹੀਂ, ਨਾਂ ਉਨ੍ਹਾਂ ਦਾ ਹੀ ਧੰਨ ਅਪਾਰ ਹੁੰਦਾ ਹੈ, ਜਿਹੜੇ ਸਮਾਜ ਤੇ ਮਨੁੱਖਤਾ ਲਈ ਕੁਝ ਕਰ ਜਾਂਦੇ ਹਨ।

ਪਰ ਦੁੱਖ ਦੀ ਗੱਲ ਇਹ ਹੈ ਕਿ ਕੁਝ ਲੋਕ ਦੂਜਿਆਂ ਦੀ ਖਾਤਰ ਆਪਣਾ ਸਭ ਕੁਝ ਵਾਰ ਜਾਂਦੇ ਹਨ ਤੇ ਕੁਝ ਉਹ ਲੋਕ ਹਨ, ਜਿਹੜੇ ਆਪਣੇ ਆਪ ਲਈ ਦੂਜਿਆਂ ਦਾ ਸਭ ਕੁਝ ਨਸ਼ਟ ਕਰ ਜਾਂਦੇ ਹਨ, ਭਾਵ ਆਪਣੀ ਖੁਦਗਰਜ਼ੀ ਲਈ ਉਹ ਕੁਝ ਵੀ ਕਰ ਸਕਦੇ ਹਨ। ਦੁਨੀਆਂ ਵਿਚ ਜੋ ਕੁਝ ਵੀ ਮਾੜਾ ਜਾਂ ਚੰਗਾ ਹੋਇਆ ਹੈ, ਜੋ ਹੋ ਰਿਹਾ ਹੈ ਅਤੇ ਜਾਂ ਹੋਵੇਗਾ, ਉਹ ਚੰਗੇ ਮਾੜੇ ਬੰਦਿਆਂ ਕਰਕੇ ਹੀ ਹੋਇਆ ਹੈ। ਅੱਜ ਦੁਨੀਆਂ ਵਿਚ ਜੋ ਕੁਝ ਵੀ ਚੰਗਾ ਹੈ, ਉਹ ਚੰਗੇ ਬੰਦਿਆਂ ਕਰਕੇ ਹੀ ਹੋਇਆ ਹੈ ਅਤੇ ਜੋ ਮਾੜਾ ਹੈ ਉਹ ਮਾੜੇ ਬੰਦਿਆਂ ਕਰਕੇ ਹੀ ਹੋਇਆ ਹੈ। ਜਿਵੇਂ ਸਮਾਜ ਵਿਚ ਸੱਚ, ਇਨਸਾਫ, ਆਜ਼ਾਦੀ, ਖੁਸ਼ਹਾਲੀ, ਅਮਨ ਹੈ, ਤਾਂ ਇਹ ਸਭ ਕੁਝ ਚੰਗੇ ਬੰਦਿਆਂ ਕਰਕੇ ਹੀ ਹੈ। ਜਿਨ੍ਹਾਂ ਲੋਕਾਂ ਨੂੰ ਅਸੀਂ ਮਾਨਵਵਾਦੀ ਤੇ ਨੈਤਿਕਤਾਵਾਦੀ, ਭਾਵ ਪਰਉਪਕਾਰੀ ਆਖਦੇ ਹਾਂ। ਇਸਦੇ ਉਲਟ ਜੋ ਕੁਝ ਵੀ ਸਮਾਜ ਵਿਚ ਮਾੜਾ ਵਾਪਰ ਰਿਹਾ ਹੈ, ਉਹ ਮਾੜੇ ਬੰਦਿਆਂ ਕਰਕੇ ਹੀ ਹੈ। ਜਿਵੇਂ ਕਤਲੋਗਾਰਤ, ਲੁੱਟ-ਖਸੁੱਟ, ਬਲਾਤਕਾਰ, ਭ੍ਰਿਸ਼ਟਾਚਾਰ, ਬੇਈਮਾਨੀ, ਬਦਅਮਨੀ। ਇਹ ਸਭ ਕੁਝ ਆਰੰਭ ਤੋਂ ਹੀ ਬਦੀ-ਨੇਕੀ ਦੀ ਲੜਾਈ ਚਲਦੀ ਆ ਰਹੀ ਹੈ। ਜੇਕਰ ਇਸ ਸੰਸਾਰ ਵਿਚ ਮਾੜੇ ਬੰਦੇ ਨਾ ਹੁੰਦੇ ਅਤੇ ਚੰਗੇ ਬੰਦੇ ਹੀ ਹੁੰਦੇ, ਤਾਂ ਅੱਜ ਦੀ ਦੁਨੀਆਂ ਕੁਝ ਹੋਰ ਹੀ ਹੁੰਦੀ, ਭਾਵ ਇਹ ਦੁਨੀਆਂ ਸਵਰਗ ਹੁੰਦੀ, ਜਿਸ ਵਿਚ ਹਰ ਇੱਕ ਨੂੰ ਕੁੱਲੀ, ਗੁੱਲੀ ਤੇ ਜੁੱਲੀ, ਇਨਸਾਨ ਆਜ਼ਾਦੀ, ਬਰਾਬਰਤਾ, ਸਾਂਝੀਵਾਲਤਾ, ਅਮਨ, ਸ਼ਾਂਤੀ ਤੇ ਖੁਸ਼ਹਾਲੀ ਪ੍ਰਾਪਤ ਹੁੰਦੀ ਪਰ ਅਜਿਹਾ ਹੋਣਾ ਸੌਖੀ ਗੱਲ ਨਹੀਂ ਹੈ, ਭਾਵ ਇੱਕ ਮਨੁੱਖ ਪੂਰਨ ਮਨੁੱਖ ਹੋਣਾ ਬਹੁਤ ਔਖਾ ਹੈ।

ਹਜ਼ਾਰਾਂ ਸਾਲ ਰੋਤੀ ਹੈ ਨਰਗਿਸ ਅਪਨੀ ਬੇਨੂਰੀ ਪੇ

ਬੜੀ ਮੁਸ਼ਕਲ ਸੇ ਹੋਤਾ ਹੈ ਚਮਨ ਮੇਂ ਦੀਦਾਵਰ ਪੈਦਾ।

ਗੁਰਬਾਣੀ ਵਿਚ ਵੀ ਮਨੁੱਖਾਂ ਦੀਆਂ ਦੋ ਵੱਡੀਆਂ ਕਿਸਮਾਂ ਦੱਸੀਆਂ ਗਈਆਂ ਹਨ, ਜਿਵੇਂ ਮਨਮੁਖ ਤੇ ਗੁਰਮੁਖਿ, ਭਾਵ ਕਿਰਦਾਰ ਪੱਖੋਂ ਚੰਗੇ ਤੇ ਮਾੜੇ ਮਨੁੱਖ, ਜਿਨ੍ਹਾਂ ਦਾ ਸੰਬੰਧ ਬਦੀ ਤੇ ਨੇਕੀ ਨਾਲ ਹੈ, ਜਿਸ ਨੂੰ ਅਸੀਂ ਅੰਗਰੇਜ਼ੀ ਵਿਚ Evel ਤੇ Good ਆਖਦੇ ਹਾਂ। ਹੁਣ ਜੇਕਰ ਮਾੜਿਆਂ ਬੰਦਿਆਂ ਭਾਵ ਮਨਮੁਖਾਂ ਦੀ ਲਿਸਟ ਬਣਾਈ ਜਾਵੇ, ਤਾਂ ਇਸ ਵਿਚ ਮੁੱਖ ਤੌਰ 'ਤੇ ਇਹ ਹਨ - ਮੂਰਖ, ਅਗਿਆਨੀ, ਖੁਦਗਰਜ਼, ਈਰਖਾਵਾਦੀ, ਅਹੰਕਾਰੀ, ਦੁਸ਼ਟ, ਪਾਪੀ, ਪਾਖੰਡੀ, ਫਰੇਬੀ, ਪੱਖਪਾਤੀ ਅਤੇ ਅਕ੍ਰਿਤਘਣ।

ਇਨ੍ਹਾਂ ਵਿਚੋਂ ਮੂਰਖ ਅਗਿਆਨੀ ਤੇ ਬੇਸਮਝ ਮਨੁੱਖਾਂ ਨੇ ਮਨੁੱਖੀ ਘਾਣ ਇੰਨਾ ਨਹੀਂ ਕੀਤਾ, ਜਿਨ੍ਹਾਂ ਖੁਦਗਰਜ਼ ਭਾਵ ਸਵਾਰਥੀ ਤੇ ਪਾਖੰਡੀਆਂ ਨੇ ਕੀਤਾ ਹੈ। ਮਾੜਾ ਆਦਮੀ ਸਿੱਧਾ ਮਨੁੱਖ ਨੂੰ ਹਾਨੀ ਪਹੁੰਚਾਉਂਦਾ ਹੈ ਅਤੇ ਉਸਦਾ ਪਤਾ ਹੁੰਦਾ ਹੈ ਕਿ ਉਹ ਬੁਰਾ ਹੀ ਹੈ, ਉਸ ਉਪਰ ਆਦਮੀ ਵਿਸ਼ਵਾਸ ਨਹੀਂ ਕਰਦਾ। ਪਾਖੰਡੀ, ਅਖੌਤੀ ਤੇ ਭੇਖੀ ਮਨੁੱਖ ਲੁੱਕ ਕੇ ਸਮਾਜ ਨੂੰ ਹਾਨੀ ਪਹੁੰਚਾਉਂਦਾ ਹੈ। ਉਹ ਸ਼ਕਲ ਮੋਮਨਾ ਤੇ ਕਰਤੂਤਿ ਕਾਫਰਾਂ ਹੁੰਦਾ ਹੈ। ਇਹ ਲੋਕ ਸਮਾਜ ਲਈ ਬਹੁਤ ਹਾਨੀਕਾਰਕ ਹੁੰਦੇ ਹਨ। ਇਹ ਲੋਕ ਮੂੰਹ ਦੇ ਮਿੱਠੇ ਤੇ ਦਿਲ ਦੇ ਮਾੜੇ ਹੁੰਦੇ ਹਨ। ਇਸੇ ਤਰ੍ਹਾਂ ਹੀ ਅਹੰਕਾਰੀ ਤੇ ਈਰਖਾਵਾਦੀ ਲੋਕ ਵੀ ਸਮਾਜ ਲਈ ਬਹੁਤ ਹਾਨੀਕਾਰਕ ਹੁੰਦੇ ਹਨ। ਅਹੰਕਾਰੀ ਮਨੁੱਖ ਸਮਾਜ ਵਿਚ ਘ੍ਰਿਣਾ ਤੇ ਬਦਅਮਨੀ ਉਤਪੰਨ ਕਰਦੇ ਹਨ, ਜਿਸ ਵਿਚੋਂ ਈਰਖਾ ਦਾ ਜਨਮ ਹੁੰਦਾ ਹੈ ਅਤੇ ਕਈ ਵਾਰੀ ਈਰਖਾ ਦੂਜੇ ਦੀ ਚੰਗਿਆਈ ਨੂੰ ਦੇਖਦੇ ਹੀ ਉਤਪੰਨ ਹੁੰਦੀ ਹੈ ਪਰ ਈਰਖਾ ਕਿਸੇ ਪ੍ਰਕਾਰ ਦੀ ਵੀ ਹੋਵੇ, ਬਹੁਤ ਭੈੜੀ ਹੈ। ਈਰਖਾਵਾਦੀ ਮਨੁੱਖ ਦੂਜੇ ਨੂੰ ਮਾੜਾ ਬਣਾਉਣ ਲਈ ਤੇ ਆਪ ਚੰਗਾ ਬਣਨ ਲਈ ਪਤਾ ਨਹੀਂ ਕੀ-ਕੀ ਪਾਪੜ ਵੇਲਦਾ ਹੈ।

ਇਸੇ ਤਰ੍ਹਾਂ ਹੀ ਦੁਸ਼ਟ ਤੇ ਪਾਪੀ ਲੋਕਾਂ ਨਾਲ ਵੀ ਇਤਿਹਾਸ ਭਰਿਆ ਪਿਆ ਹੈ, ਜਿਵੇਂ ਦੁਸ਼ਟ ਪਾਪੀ ਔਰੰਗਜ਼ੇਬ, ਚੰਗੇਜ਼ ਤੇ ਹਿਟਲਰ ਆਦਿ। ਵਰਤਮਾਨ ਸਮੇਂ ਵਿਚ ਭਾਰਤ ਦੀ 1947 ਦੀ ਵੰਡ, 1984 ਦਾ ਸਿੱਖਾਂ ਦਾ ਘੱਲੂਘਾਰਾ ਅਤੇ ਗੁਜਰਾਤ ਦਾ ਕਾਂਡ ਆਦਿ ਦੁਸ਼ਟ ਪਾਪੀ ਲੋਕਾਂ ਦੀ ਹੀ ਦੇਣ ਹੈ।

ਮਹਾਰਾਜਾ ਰਣਜੀਤ ਸਿੰਘ ਵਰਗੀ ਵਿਲੱਖਣ ਸ਼ਖਸੀਅਤ ਨੂੰ ਵੀ ਇਨ੍ਹਾਂ ਖੁਦਗਰਜ਼, ਗੱਦਾਰ ਤੇ ਪੱਥਰ ਦਿਲ ਲੋਕਾਂ ਨੇ ਨਹੀਂ ਬਖਸ਼ਿਆ ਅਤੇ ਸਿੱਖ ਰਾਜ ਦੇ ਪਤਨ ਦਾ ਕਾਰਣ ਵੀ ਅਜਿਹੇ ਲੋਕ ਸਿੱਧ ਹੋਏ। ਅਜਿਹੇ ਲੋਕਾਂ ਨੂੰ ਗੁਰੂ ਅਰਜਨ ਦੇਵ ਜੀ ਨੇ ਕਰਤੂਤਿ ਪਸੂ ਕੀ ਮਾਨਸ ਜਾਤਿ ਆਖਿਆ ਹੈ। ਖੁਦਗਰਜ਼ ਆਦਮੀਆਂ ਬਾਰੇ ਇੱਕ ਘਟਨਾ ਜਰਮਨੀ ਵਿਚ ਹਿਟਲਰ ਵੇਲੇ ਦੀ ਬੜੀ ਪ੍ਰਸਿੱਧ ਹੈ। ਜਦੋਂ ਹਿਟਲਰ ਲੋਕਾਂ ਤੇ ਅਕਹਿ ਤੇ ਅਸਹਿ ਅੱਤਿਆਚਾਰ ਕਰ ਰਿਹਾ ਸੀ, ਤਾਂ ਇਹ ਘਟਨਾਂ ਇੱਕ ਗਿਰਜਾਘਰ ਪਾਦਰੀ ਦੀ ਹੈ। ਹਿਟਲਰ ਨੇ ਯਹੂਦੀਆਂ 'ਤੇ ਅੱਤਿਆਚਾਰ ਕੀਤੇ। ਪਾਦਰੀ ਕਹਿਣ ਲੱਗਾ ਕਿ ਮੈਂ ਕਿਹੜਾ ਯਹੂਦੀ ਹਾਂ, ਮੈਨੂੰ ਕੀ ਹੈ? ਫਿਰ ਟਰੇਡ ਯੂਨੀਅਨਜ਼ ਨਾਲ ਵੀ ਅਜਿਹਾ ਹੋਇਆ। ਪਾਦਰੀ ਫਿਰ ਵੀ ਚੁੱਪ ਰਿਹਾ। ਫਿਰ ਕਮਿਊਨਿਸਟਾਂ 'ਤੇ ਅੱਤਿਆਚਾਰ ਹੋਏ ਅਤੇ ਪਾਦਰੀ ਦਾ ਕਹਿਣਾ ਸੀ ਕਿ ਮੈਂ ਕਿਹੜਾ ਕਮਿਊਨਿਸਟ ਹਾਂ, ਮੈਨੂੰ ਕੀ? ਸੋ ਮੈਨੂੰ ਕੀ ਗੱਲ ਬਹੁਤ ਭੈੜੀ ਹੈ। ਇਹ ਆਮ ਜ਼ਿੰਦਗੀ ਵਿਚ ਵੀ ਸੁਣਨ ਨੂੰ ਆਉਂਦੀ ਹੈ ਕਿ ਸਾਨੂੰ ਕੀ? ਇਹ ਇਸ ਤਰ੍ਹਾਂ ਦੀ ਜਿਵੇਂ ਘਰ ਲੱਗੀ ਤਾਂ ਅੱਗ, ਬਾਹਰ ਲੱਗੇ ਤਾਂ ਬਸੰਤਰ। ਇਹ ਲੋਕ ਜਦੋਂ ਜ਼ੁਲਮ ਹੁੰਦਾ ਹੈ, ਤਾਂ ਸ਼ੁਗਲ ਸਮਝਦੇ ਹਨ, ਪਰ ਜਦੋਂ ਆਪਣੀ ਵਾਰੀ ਆਉਂਦੀ ਹੈ, ਤਾਂ ਫਿਰ ਪਤਾ ਲੱਗਦਾ ਹੈ। ਇਸੇ ਤਰ੍ਹਾਂ ਇਸ ਪਾਦਰੀ ਨਾਲ ਹੋਈ। ਜਦੋਂ ਉਸ ਦੀ ਵਾਰੀ ਆਈ, ਤਾਂ ਉਸਦਾ ਕੋਈ ਵੀ ਨਹੀਂ ਰਿਹਾ ਸੀ, ਉਸ ਨੂੰ ਬਚਾਉਣ ਲਈ।

ਇਸ ਲਈ ਮਨੁੱਖ ਨੂੰ ਸੁਆਰਥੀ ਨਹੀਂ ਹੋਣਾ ਚਾਹੀਦਾ, ਸਗੋਂ ਹਮਦਰਦ, ਦਿਆਲੂ, ਕ੍ਰਿਪਾਲੂ, ਪਰਉਪਕਾਰੀ ਭਾਵ ਮਾਨਵਵਾਦੀ ਤੇ ਨੈਤਿਕਤਾਵਾਦੀ ਹੋਣਾ ਚਾਹੀਦਾ ਹੈ। Be humanitarian, ਦੂਜਿਆਂ ਦੇ ਦੁੱਖ ਨੂੰ ਆਪਣਾ ਦੁੱਖ ਸਮਝਣਾ ਚਾਹੀਦਾ ਹੈ। ਜਿੰਨੀ ਵੀ ਅਸੀਂ ਦੂਜਿਆਂ ਦੀ ਸਹਾਇਤਾ ਕਰ ਸਕਦੇ ਹਾਂ, ਕਰੀਏ। ਆਪਣੇ ਲਈ ਘੱਟ, ਦੂਜਿਆਂ ਲਈ ਜ਼ਿਆਦਾ ਜਿਊਣਾ ਸਿੱਖੋ। ਕੋਈ ਮਨੁੱਖ ਕਿਵੇਂ ਮਰਿਆ, ਪ੍ਰਸ਼ਨ ਇਹ ਨਹੀਂ, ਪ੍ਰਸ਼ਨ ਇਹ ਹੈ ਕਿ ਕੋਈ ਮਨੁੱਖ ਜੀਵਿਆ ਕਿਵੇਂ ਹੈ? ਦੂਜਿਆਂ ਨਾਲ ਅਜਿਹਾ ਵਤੀਰਾ ਕਰੋ, ਜਿਵੇਂ ਤੁਸੀਂ ਚਾਹੁੰਦੇ ਹੋ ਕਿ ਉਹ ਤੁਹਾਡੇ ਨਾਲ ਕਰਨ।

ਜਿਵੇਂ ਸ੍ਰੀ ਗੁਰੂ ਅਮਰਦਾਸ ਜੀ ਫੁਰਮਾਉਂਦੇ ਹਨ:

"ਐਸਾ ਕੰਮੁ ਮੂਲੇ ਨ ਕੀਚੈ, ਜਿਤੁ ਅੰਤਿ ਪਛੋਤਾਈਐ ॥"

ਗਲਤ ਕੰਮ ਨਾ ਕਰੋ, ਕਿਸੇ ਦਾ ਬੁਰਾ ਨਾ ਕਰੋ, ਕਿਸੇ ਦਾ ਦਿਲ ਨਾ ਦੁਖਾਓ, ਕਿਸੇ ਨਾਲ ਧੋਖਾ ਨਾ ਕਰੋ, ਭੈੜੀ ਸੰਗਤ ਨਾ ਕਰੋ, ਅਹੰਕਾਰ ਤੇ ਈਰਖਾ ਦਾ ਤਿਆਗ ਕਰੋ। ਪਿਆਰ, ਸਤਿਕਾਰ, ਸਹਿਣਸ਼ੀਲਤਾ, ਨਿਮਰਤਾ ਦੇ ਧਾਰਨੀ ਬਣੋ। ਕਿਸੇ ਦੀ ਇੱਛਾ ਅਤੇ ਸ਼ਾਨ ਦੇ ਵਿਰੁੱਧ ਕੋਈ ਗੱਲ ਨਾ ਕਰੋ।

"ਸਚਹੁ ਓਰੈ ਸਭੁ ਕੋ ਉਪਰਿ ਸਚੁ ਆਚਾਰੁ ॥"

"ਮਿਠਤੁ ਨੀਵੀ ਨਾਨਕਾ ਗੁਣ ਚੰਗਿਆਈਆ ਤਤੁ ॥"

"ਹਕੁ ਪਰਾਇਆ ਨਾਨਕਾ ਉਸੁ ਸੂਅਰ ਉਸੁ ਗਾਇ ॥"

"ਸੀਸਿ ਨਿਵਾਇਐ ਕਿਆ ਥੀਐ ਜਾ ਰਿਦੈ ਕੁਸੁਧੇ ਜਾਹਿ ॥"

ਮਨੁੱਖ ਨੂੰ ਬੁਰੇ ਕੰਮਾਂ ਤੋਂ ਬਚਣ ਲਈ ਰੱਬ ਦਾ ਡਰ, ਸਮਾਜ ਦੀ ਸ਼ਰਮ, ਇੱਜ਼ਤ ਤੇ ਅਣਖ ਦਾ ਖਿਆਲ ਰੱਖਣਾ ਚਾਹੀਦਾ ਹੈ।

# ਪੰਜਾਬੀ ਸੱਭਿਆਚਾਰ ਵਿਚ 'ਮੂਸਲ': ਵਿਸਰਦਾ ਹੋਇਆ ਲੋਕ-ਵਿਰਾਸਤੀ ਚਿੰਨ੍ਹ





ਡਾ. ਸੁਖਵਿੰਦਰ ਕੌਰ
ਮੁਖੀ ਪੰਜਾਬੀ ਵਿਭਾਗ
ਪੰਡਿਤ ਮੋਹਨ ਲਾਲ ਐੱਸ.ਡੀ. ਕਾਲਜ
ਫਾਰ ਵੂਮੇਨ ਗੁਰਦਾਸਪੁਰ
ਮੋਬਾਇਲ ਨੰਬਰ : 73550-83007
ਈਮੇਲ: drsukhwinderkaur2004@gmail.com
ਪੰਜਾਬ ਮੇਲ USA


ਪੰਜਾਬੀ ਸੱਭਿਆਚਾਰ ਆਪਣੇ ਅੰਦਰ ਅਨੇਕਾਂ ਅਜਿਹੇ ਸ਼ਬਦਾਂ, ਵਸਤੂਆਂ ਅਤੇ ਰਿਵਾਇਤਾਂ ਨੂੰ ਸਮੇਟੀ ਬੈਠਾ ਹੈ, ਜੋ ਸਮੇਂ ਦੀ ਤੇਜ਼ ਰਫ਼ਤਾਰ ਵਿਚ ਅੱਜ ਹੌਲੀ-ਹੌਲੀ ਵਿਸਰਦੇ ਜਾ ਰਹੇ ਹਨ। ਅਜੋਕੀ ਪੀੜ੍ਹੀ, ਜੋ ਆਧੁਨਿਕ ਸਹੂਲਤਾਂ ਨਾਲ ਉਤਪੋਤ ਹੈ, ਕਈ ਵਾਰ ਆਪਣੀ ਮਿੱਟੀ ਨਾਲ ਜੁੜੇ ਇਸ ਕੀਮਤੀ ਖ਼ਜ਼ਾਨੇ ਤੋਂ ਅਣਜਾਣ ਰਹਿ ਜਾਂਦੀ ਹੈ। ਅਜਿਹੇ ਹੀ ਵਿਸਰਦੇ ਸ਼ਬਦਾਂ ਵਿਚੋਂ ਇੱਕ ਮਹੱਤਵਪੂਰਨ ਸ਼ਬਦ ਹੈ — 'ਮੂਸਲ'। 'ਮੂਸਲ' ਪੰਜਾਬੀ ਕਿਸਾਨੀ ਜੀਵਨ ਦਾ ਅਟੁੱਟ ਅੰਗ ਰਿਹਾ ਹੈ। ਇਹ ਸਿਰਫ਼ ਇੱਕ ਕੱਖਾਂ ਦਾ ਢਾਂਚਾ ਨਹੀਂ ਸੀ, ਸਗੋਂ ਪਿੰਡ ਦੀ ਆਰਥਿਕਤਾ, ਪਸ਼ੂ-ਪਾਲਣ ਅਤੇ ਸਾਂਝੀਵਾਲਤਾ ਦੀ ਜ਼ਿੰਦਗੀ ਦਾ ਪ੍ਰਤੀਕ ਸੀ। ਮੂਸਲ ਨੂੰ ਵੱਖ-ਵੱਖ ਇਲਾਕਿਆਂ ਵਿਚ ਵੱਖਰੇ ਨਾਵਾਂ ਨਾਲ ਜਾਣਿਆ ਜਾਂਦਾ ਹੈ। ਮਾਝੇ ਦੇ ਖੇਤਰ ਵਿਚ ਇਸਨੂੰ 'ਮੂਸਲ' ਕਿਹਾ ਜਾਂਦਾ ਹੈ, ਜਦਕਿ ਦੁਆਬੇ ਅਤੇ ਮਾਲਵੇ ਵਿਚ ਇਹ 'ਕੁੱਪ' ਦੇ ਨਾਮ ਨਾਲ ਪ੍ਰਚਲਿਤ ਹੈ। ਮੂਸਲ ਦਾ ਮੁੱਖ ਉਦੇਸ਼ ਪਸ਼ੂਆਂ ਦੇ ਸੁੱਕੇ ਚਾਰੇ ਨੂੰ ਲੰਬੇ ਸਮੇਂ ਲਈ ਸੰਭਾਲ ਕੇ ਰੱਖਣਾ ਹੈ। ਇਹ ਚਾਰਾ ਕਣਕ ਦੇ ਨਾੜ ਤੋਂ ਬਣਦਾ ਹੈ, ਜਿਸਨੂੰ ਤੂੜੀ ਕਿਹਾ ਜਾਂਦਾ ਹੈ। ਤੂੜੀ ਬਹੁਤ ਹੀ ਬਾਰੀਕ ਹੁੰਦੀ ਹੈ ਅਤੇ ਤੇਜ਼ ਹਵਾਵਾਂ ਵਿਚ ਆਸਾਨੀ ਨਾਲ ਉੱਡ ਜਾਂਦੀ ਹੈ। ਇਸ ਲਈ ਤੂੜੀ ਨੂੰ ਇਕੱਠਾ ਕਰਕੇ ਨਿਸ਼ਚਿਤ ਥਾਂ 'ਤੇ ਸੁਚੱਜੇ ਢੰਗ ਨਾਲ ਮੂਸਲ ਬਣਾਇਆ ਜਾਂਦਾ ਸੀ। ਇਹ ਵੈਸਾਖ ਮਹੀਨੇ ਵਿਚ ਕਣਕ ਦੀ ਵਢਾਈ ਤੋਂ ਬਾਅਦ ਜੋ ਜੇਠ-ਹਾੜ ਮਹੀਨੇ ਤੂੜੀ ਦਾ ਕੰਮ ਖ਼ਤਮ ਕਰ ਦਿੱਤਾ ਜਾਂਦਾ ਹੈ। ਮੂਸਲ ਦੀ ਬਣਤਰ ਆਪਣੇ ਆਪ ਵਿਚ ਇੱਕ ਕਲਾ ਦਾ ਨਮੂਨਾ ਹੁੰਦੀ ਹੈ। ਹੇਠੋਂ ਗੋਲਾਈਦਾਰ ਅਤੇ ਉਪਰ ਵੱਲ ਤ੍ਰਿਕੋਣੇ ਆਕਾਰ ਵਿਚ ਉਭਰਦਾ ਮੂਸਲ, ਤੂੜੀ ਦੀ ਮਾਤਰਾ ਅਨੁਸਾਰ ਆਪਣੀ ਉਚਾਈ ਧਾਰਨ ਕਰਦਾ ਹੈ। ਇਸਨੂੰ ਤਿਆਰ ਕਰਨ ਲਈ ਸੁੱਕਾ ਨਾੜ, ਕਾਈ ਅਤੇ ਪਰਾਲੀ ਵਰਤੀ ਜਾਂਦੀ ਹੈ। ਮੂਸਲ ਨੂੰ ਮਜ਼ਬੂਤੀ ਨਾਲ ਬੰਨ੍ਹਣ ਲਈ ਜਿਸ ਰੱਸੀ ਦੀ ਵਰਤੋਂ ਹੁੰਦੀ ਹੈ, ਉਸਨੂੰ 'ਬੇੜ' ਕਿਹਾ ਜਾਂਦਾ ਹੈ ਪ੍ਰੰਤੂ ਮਾਝੇ ਦੇ ਹੀ ਕਈ ਇਲਾਕਿਆਂ ਵਿਚ ਬੇੜ ਨੂੰ 'ਖੱਬੜ' ਕਿਹਾ ਜਾਂਦਾ ਹੈ। ਬੇੜ ਬਣਾਉਣ ਲਈ ਪਰਾਲੀ ਨੂੰ ਪਹਿਲਾਂ ਪਾਣੀ ਵਿਚ ਭਿਉਂ ਕੇ ਨਰਮ ਕੀਤਾ ਜਾਂਦਾ ਹੈ, ਫਿਰ ਵਟੱਣਿਆਂ ਰਾਹੀਂ ਵੱਟ ਚਾੜ੍ਹ ਕੇ ਰੱਸੀ ਤਿਆਰ ਕੀਤੀ ਜਾਂਦੀ ਹੈ। ਬੇੜ ਬਣਾਉਣਾ ਜਿੱਥੇ ਆਮ ਲੋਕਾਂ ਲਈ ਸਿੱਖਣਯੋਗ ਹੈ ਪ੍ਰੰਤੂ ਉੱਥੇ ਮੂਸਲ ਬਣਾਉਣਾ ਹਰ ਕਿਸੇ ਦੇ ਵੱਸ ਦੀ ਗੱਲ ਨਹੀਂ ਹੈ। ਇਹ ਤਜ਼ਰਬੇ, ਸਬਰ ਅਤੇ ਕਾਰੀਗਰੀ ਦੀ ਮੰਗ ਕਰਦਾ ਹੈ। ਜੋ ਵਿਅਕਤੀ ਇਸ ਕਲਾ ਨੂੰ ਸਿੱਖਣ ਦਾ ਸ਼ੌਕ ਰੱਖਦਾ, ਉਹ ਹੌਲੀ-ਹੌਲੀ ਇਸ ਵਿਚ ਨਿਪੁੰਨਤਾ ਹਾਸਲ ਕਰ ਲੈਂਦਾ ਹੈ। ਪੁਰਾਣੇ ਸਮਿਆਂ ਵਿਚ ਕਿਸਾਨ ਦੀ ਅਮੀਰੀ ਦਾ ਅੰਦਾਜ਼ਾ ਉਸ ਦੇ ਮੂਸਲਾਂ ਦੀ ਗਿਣਤੀ ਤੋਂ ਲਾਇਆ ਜਾਂਦਾ ਸੀ। ਕਈ ਕਿਸਾਨ ਆਪਣੀ ਲੋੜ ਤੋਂ ਵੱਧ ਮੂਸਲ ਇਸ ਲਈ ਬਣਾਉਂਦੇ ਸਨ, ਤਾਂ ਜੋ ਵੇਚ-ਵੱਟ ਕਰਕੇ ਆਰਥਿਕ ਲਾਭ ਹਾਸਲ ਕਰ ਸਕਣ। ਜਿਨ੍ਹਾਂ ਘਰਾਂ ਵਿਚ ਤੂੜੀ ਦੀ ਘਾਟ ਪੈ ਜਾਂਦੀ ਹੈ, ਉਹ ਆਸਾਨੀ ਨਾਲ ਮੂਸਲ ਖ਼ਰੀਦ ਕੇ ਆਪਣੇ ਪਸ਼ੂਆਂ ਲਈ ਚਾਰੇ ਦੀ ਸਮੱਸਿਆ ਦਾ ਹੱਲ ਕਰ ਲੈਂਦੇ ਹਨ। ਆਮ ਤੌਰ 'ਤੇ ਹਰੇ ਚਾਰੇ ਵਿਚ ਵੜੇਵੇਂ ਅਤੇ ਖਲ ਦੇ ਤੂੜੀ ਰਲਾ ਕੇ ਪਸ਼ੂਆਂ ਨੂੰ ਪਾਈ ਜਾਂਦੀ ਹੈ, ਹਾਲਾਂਕਿ ਕਈ ਵਾਰ ਇਸਨੂੰ ਇਕੱਲੀ ਵੀ ਖੁਰਲੀ ਵਿਚ ਪਾ ਦਿੱਤਾ ਜਾਂਦਾ ਹੈ। ਪਰ ਮੂਸਲ ਦੀ ਮਹੱਤਤਾ ਸਿਰਫ਼ ਕਿਸਾਨਾਂ ਤੱਕ ਸੀਮਿਤ ਨਹੀਂ ਹੈ। ਇਹ ਜਾਨਵਰਾਂ, ਪੰਛੀਆਂ ਅਤੇ ਮਨੁੱਖੀ ਜੀਵਨ ਨਾਲ ਵੀ ਡੂੰਘੀ ਤਰ੍ਹਾਂ ਜੁੜਿਆ ਹੋਇਆ ਹੈ। ਘਰੇਲੂ ਔਰਤਾਂ ਮੂਸਲ ਦੇ ਨੇੜੇ ਕੱਦੂ, ਕਾਲੀ ਤੋਰੀ ਅਤੇ ਪੜੋਲਾਂ ਦੇ ਬੀ ਬੀਜ ਦਿੰਦੀਆਂ ਸਨ, ਤਾਂ ਜੋ ਵੇਲਾ ਮੂਸਲ ਉਪਰ ਚੜ੍ਹ ਕੇ ਸਬਜ਼ੀਆਂ ਦੇਣ। ਇਸ ਤਰ੍ਹਾਂ ਮੂਸਲ ਮਨੁੱਖ ਦੀ ਖ਼ੁਰਾਕ ਦਾ ਵੀ ਇੱਕ ਅਹਿਮ ਸਾਧਨ ਬਣ ਜਾਂਦਾ ਹੈ। ਚਿੜੀਆਂ ਅਤੇ ਗਟਾਰ (ਸ਼ਾਰਕ) ਮੂਸਲ ਦੀ ਟੀ.ਸੀ. 'ਤੇ, ਬੋਦੀ ਦੇ ਹੇਠਾਂ, ਆਲ੍ਹਣੇ ਬਣਾ ਕੇ ਆਂਡੇ ਦਿੰਦੀਆਂ ਹੈ, ਜਿੱਥੇ ਉਨ੍ਹਾਂ ਦੇ ਬੱਚੇ ਸੁਰੱਖਿਅਤ ਰਹਿੰਦੇ ਹਨ। ਪਿੰਡਾਂ ਵਿਚ ਮੂਸਲ ਬੱਚਿਆਂ ਲਈ ਮਨੋਰੰਜਨ ਦਾ ਸਾਧਨ ਵੀ ਹੈ। ਛੋਟੇ ਬੱਚੇ ਮੂਸਲ ਉਪਰ ਚੜ੍ਹ ਕੇ ਖੇਡਦੇ, ਹੱਸਦੇ ਤੇ ਮਸਤੀ ਕਰਦੇ ਹਨ। ਸਰਦੀਆਂ ਦੇ ਮੌਸਮ ਵਿਚ ਕੁੱਤੇ ਅਤੇ ਬਿੱਲੀਆਂ ਠੰਡ ਤੋਂ ਬਚਣ ਲਈ ਮੂਸਲ ਵਿਚ ਲੁੱਕ ਕੇ ਤੂੜੀ ਵਿਚੋਂ ਨਿੱਘ ਮਹਿਸੂਸ ਕਰਦੇ ਹਨ। ਪਿੰਡਾਂ ਦੇ ਬਜ਼ੁਰਗ ਵੀ ਸਿਆਲ ਦੀ ਠੰਡੀ ਰੁੱਤ ਵਿਚ ਖੇਸ ਦੀ ਬੁੱਕਲ ਮਾਰ ਕੇ ਮੂਸਲ ਨਾਲ ਢੋਅ ਲਾ ਕੇ ਧੁੱਪ ਸੇਕਦੇ ਹੁੰਦੇ ਸਨ। ਕਈ ਵਾਰ ਔਰਤਾਂ ਪਾਥੀਆਂ ਵੀ ਮੂਸਲ ਦੇ ਉੱਤੇ ਲਗਾ ਦਿੰਦੀਆਂ ਹਨ। ਇਸ ਤੋਂ ਇਲਾਵਾ ਨੌਜਵਾਨ ਮੁੰਡੇ ਤੇ ਕੁੜੀਆਂ ਲਈ ਦਿਲਾਂ ਦੇ ਭੇਦ ਅਤੇ ਪਿਆਰ ਦਾ ਇਜ਼ਹਾਰ ਮੂਸਲ ਦੇ ਉਹਲੇ ਕੀਤਾ ਜਾਂਦਾ ਸੀ। ਗਰਮੀਆਂ ਦੇ ਮੌਸਮ ਵਿਚ ਪਰਿਵਾਰਿਕ ਮੈਂਬਰ ਮੰਜੀ ਡਾਹ ਕੇ ਛਾਂਵੇਂ ਬੈਠ ਕੇ ਘਰਾਂ ਦੇ ਛੋਟੇ ਕੰਮਕਾਜ ਕਰਦੇ ਸਨ। ਇਸ ਤਰ੍ਹਾਂ ਮੂਸਲ ਸਿਰਫ਼ ਤੂੜੀ ਦਾ ਢੇਰ ਨਹੀਂ ਸੀ, ਸਗੋਂ ਪਿੰਡ ਦੀ ਸਾਂਝੀ ਜ਼ਿੰਦਗੀ, ਪ੍ਰਕ੍ਰਿਤੀ ਨਾਲ ਤਾਲਮੇਲ ਅਤੇ ਪੰਜਾਬੀ ਸੱਭਿਆਚਾਰ ਦੀ ਜਿਉਂਦੀ-ਜਾਗਦੀ ਤਸਵੀਰ ਹੈ। ਅਜੋਕੇ ਸਮੇਂ ਵਿਚ ਵੀ ਟਾਂਵੇ-ਟਾਂਵੇ ਮੂਸਲਾਂ ਦੀ ਝਲਕ ਅਜੇ ਵੀ ਦਿਖਾਈ ਦਿੰਦੀ ਹੈ। ਵਰਤਮਾਨ ਸਮੇਂ ਵਿਚ ਮੂਸਲ ਦਾ ਕਿਰਦਾਰ ਲੋਕ ਕਲਾ ਪ੍ਰਦਰਸ਼ਨੀ ਦਾ ਸ਼ਿੰਗਾਰ ਬਣਦਾ ਜਾ ਰਿਹਾ ਹੈ। ਅੱਜ ਜਦੋਂ ਮਸ਼ੀਨੀਕਰਨ ਨੇ ਇਸ ਦੀ ਥਾਂ ਲੈ ਲਈ ਹੈ, ਤਦ ਇਹ ਸਾਡੀ ਜ਼ਿੰਮੇਵਾਰੀ ਬਣਦੀ ਹੈ ਕਿ ਅਸੀਂ ਇਨ੍ਹਾਂ ਵਿਸਰਦੇ ਜਾ ਰਹੇ ਸ਼ਬਦਾਂ ਅਤੇ ਵਿਰਾਸਤ ਨੂੰ ਲਿਖਤਾਂ ਅਤੇ ਯਾਦਾਂ ਰਾਹੀਂ ਸੰਭਾਲ ਕੇ ਰੱਖੀਏ।

# ਪੰਥਕ ਹਿੱਤ : ਗੁਰ ਸ਼ਬਦ ਦੇ ਸੰਦਰਭ

-ਡਾ. ਸਤਿੰਦਰ ਪਾਲ ਸਿੰਘ
ਈ 1716, ਰਾਜਾਜੀਪੁਰਮ
ਲਖਨਊ - 226017
ਪੰਜਾਬ ਮੇਲ USA





ਪੰਥ ਦੇ ਹਿੱਤ ਦੀ ਗੱਲ ਕਰਨ ਵਾਲੇ ਬਹੁਤ ਹਨ। ਧਰਮ ਦਾ ਪ੍ਰਚਾਰ ਹੋਵੇ, ਧਾਰਮਿਕ, ਸਮਾਜਿਕ ਸੰਸਥਾਵਾਂ ਆਪਣੇ ਫਰਜ਼ ਪੂਰੀ ਸ਼ਿੱਦਤ ਨਾਲ ਨਿਭਾਉਣ, ਕੌਮ ਵਿਚ ਏਕਾ ਹੋਵੇ, ਪੰਥ ਪ੍ਰਫੁੱਲਿਤ ਹੋਵੇ, ਇਹ ਕੌਣ ਨਹੀਂ ਚਾਹੁੰਦਾ। ਇਨ੍ਹਾਂ ਸਵਾਲਾਂ 'ਤੇ ਨਿਤ ਨਵੀਂ ਬਹਿਸ ਛਿੜਦੀ ਰਹਿੰਦੀ ਹੈ। ਇਹ ਵੇਖਦਿਆਂ ਖਾਸਾ ਸਮਾਂ ਗੁਜ਼ਰ ਗਿਆ ਹੈ ਪਰ ਹਾਲਾਤ ਬਦਲੇ ਨਹੀਂ ਜਾਪਦੇ। ਚਿੰਤਾ ਕੀਤੀ ਜਾ ਰਹੀ ਹੈ ਪਰ ਗੱਲ ਚਿੰਤਾ ਤੱਕ ਹੀ ਸੀਮਤ ਹੋ ਗਈ ਹੈ। ਇਸ ਕਾਰਨ ਪਿੱਛੇ ਮੁੜ ਕੇ ਵੇਖਣਾ ਤਾਂ ਬਣਦਾ ਹੈ ਕਿ ਘਾਟ ਕਿੱਥੇ ਹੈ। ਅੱਜ ਕਿਉਂ ਧਰਮ ਪ੍ਰਚਾਰ ਦੀ ਲੋੜ ਮਹਿਸੂਸ ਹੋ ਰਹੀ ਹੈ, ਸੰਸਥਾਵਾਂ ਦੀ ਜ਼ਿੰਮੇਵਾਰੀ 'ਤੇ ਸਵਾਲ ਚੁੱਕੇ ਜਾ ਰਹੇ ਹਨ, ਸਾਰੇ ਹੀ ਏਕਤਾ ਦੇ ਪੈਰੋਕਾਰ ਹੋਣ ਦਾ ਦਾਅਵਾ ਕਰਦੇ ਹਨ, ਕੌਮ ਦੀ ਚੜ੍ਹਦੀਕਲਾ ਲਈ ਚਿੰਤਤ ਹਨ ਪਰ ਇਹ ਹਾਲਤ ਕਿਉਂ। ਸਦਾ ਆਸ ਬੰਨ੍ਹਣ ਵਾਲੇ ਗੁਰੂ ਦੇ ਪੰਥ ਵਿਚ ਉਦਾਸੀ ਕਿਉਂ। ਜਿਸ ਦਾ ਮੁਖ ਗੁਰੂ ਵੱਲ ਹੈ ਉਸ 'ਤੇ ਤਾਂ ਗੁਰੂ ਦੀ ਮਿਹਰ ਨਿਰੱਝਰ ਵਰ੍ਹਦੀ ਹੈ, ਸਦਾ ਸੁੱਖ ਵਰਤਦਾ ਹੈ। ਜਿਸ ਨੇ ਗੁਰੂ ਦੀ ਮੰਨ ਲਈ ਗੁਰੂ ਨੇ ਉਸ ਨੂੰ ਪਾਤਸ਼ਾਹੀ ਸੌਂਪ ਦਿੱਤੀ "ਲਖ ਖੁਸੀਆ ਪਾਤਿਸਾਹੀਆ ਜੇ ਸਤਿਗੁਰੁ ਨਦਰਿ ਕਰੇਇ॥" ਅੱਜ ਖੁਸ਼ੀ ਨਹੀਂ ਹੈ, ਪਾਤਿਸ਼ਾਹੀ ਨਹੀਂ ਹੈ, ਤਾਂ ਵਿਚਾਰ ਕਰਨ ਬਣਦਾ ਹੈ ਕਿ ਸਿੱਖ ਗੁਰੂ ਦੀ ਨਦਰਿ ਤੋਂ ਵਾਂਝਾ ਤਾਂ ਨਹੀਂ ਹੋ ਰਿਹਾ ਹੈ।

ਗੁਰੂ ਦਾ ਹੁਕਮ ਸੀ ਕਿ ਸਿੱਖ ਆਪਣੀ ਦੇਹ ਨੂੰ ਘੋੜੀ ਸਮਝੇ, ਜਿਸ 'ਤੇ ਬੈਠ ਕੇ ਉਸ ਨੇ ਨਿਰਬਾਨ ਪਦ ਪ੍ਰਾਪਤ ਕਰਨਾ ਹੈ। ਪਰ ਇਹ ਮਨੋਰਥ ਭੁੱਲ ਕੇ ਦੇਹ ਨੂੰ ਸੰਸਾਰਕ ਸੁੱਖਾਂ ਦੀ ਪ੍ਰਾਪਤੀ ਲਈ ਵਰਤਿਆ ਜਾ ਰਿਹਾ ਹੈ। ਗੁਰੂ ਨੇ ਕਿਹਾ ਸੀ ਕਿ ਮੁਖ ਵਿਚ ਗੁਰੂ ਦੇ ਗਿਆਨ ਦੀ ਲਗਾਮ ਹੋਵੇ ਪਰ ਲਗਾਮ ਬਦਲ ਕੇ ਲੋਭ ਦੀ ਹੋ ਗਈ ਹੈ। ਗੁਰੂ ਦੀ ਸੇਧ ਸੀ ਕਿ ਪ੍ਰੇਮ ਦਾ ਚਾਬੁਕ ਹੋਵੇ ਪਰ ਹੱਥ ਵਿਚ ਨਫਰਤ ਦਾ ਖੜਗ ਫੜ ਲਿਆ ਗਿਆ ਹੈ। ਲੋਭ ਨਾਮ ਜਪਣ ਦਾ ਨਹੀਂ ਕਿ ਨਾਮ ਜੱਪ ਜੱਪ ਕੇ ਅੰਤਰ ਦਾ ਸੰਤਾਪ ਸ਼ਾਂਤ ਹੋ ਜਾਏ, ਲੋਭ ਹੈ ਕਿ ਲੋਕ ਪ੍ਰਸ਼ੰਸਾ ਪ੍ਰਾਪਤ ਹੋ ਜਾਏ। ਗੁਰੂ ਦਾ ਸ਼ਬਦ ਯਾਦ ਨਹੀਂ ਹੈ ਕਿ "ਦੁਨੀਆ ਨ ਸਾਲਾਹਿ ਜੋ ਮਰਿ ਵੰਞਸੀ॥ ਲੋਕਾ ਨ ਸਾਲਾਹਿ ਜੋ ਮਰਿ ਖਾਕੁ ਥੀਈ॥" ਮੁੱਖ ਵਿਵਾਦ ਅੱਜ ਪ੍ਰਬੰਧਕ ਵਰਗ ਦਾ ਹੈ। ਕਿਤਨੇ ਪ੍ਰਬੰਧਕ ਆਏ, ਚਲੇ ਗਏ, ਕੋਈ ਯਾਦ ਨਹੀਂ ਕਰਦਾ ਪਰ ਗੁਰਦੁਆਰੇ ਦਾ ਪ੍ਰਬੰਧਕ ਬਨਣ ਲਈ ਸੰਸਾਰ ਦੇ ਜਿਸ ਵੀ ਕੋਨੇ ਵਿਚ ਸਿੱਖ ਹਨ, ਆਪਸ ਵਿਚ ਜੂਝ ਰਹੇ ਹਨ, ਵੈਰ ਵਿਰੋਧ ਪਾਲ ਕੇ ਬੈਠੇ ਹੋਏ ਹਨ। ਜਿਸ ਗੁਰਸਿੱਖ ਨੂੰ ਨਾਮ ਜੱਪਣ, ਨਿਤਨੇਮ ਕਰਨ ਵਿਚ ਸੁੱਖ ਖੋਜਣਾ ਚਾਹੀਦੇ, ਜੇ ਉਹ ਕੁਰਸੀ, ਅਹੁਦੇ ਵਿਚ ਆਪਣਾ ਹਿੱਤ ਵੇਖ ਰਿਹਾ ਹੈ, ਤਾਂ ਉਹ ਗੁਰੂ ਦਾ ਸਿੱਖ ਨਹੀਂ ਹੋ ਸਕਦਾ। ਸਿੱਖ ਕੌਮ ਵਿਚ ਤਰੇੜਾਂ ਦਾ ਕਾਰਨ ਹੀ ਕੁਰਸੀ ਹੈ। ਸਿੱਖ ਸਮਝ ਰਿਹਾ ਹੈ ਕਿ ਅਹੁਦੇ, ਕੁਰਸੀ ਦਾ ਮਿਲਣਾ ਹੀ ਪ੍ਰਾਪਤੀ ਹੈ ਕਿਉਂਕਿ ਉਸ ਨੇ ਗੁਰੂ ਦੀ ਸਿੱਖਿਆ 'ਤੇ ਭਰੋਸਾ ਹੀ ਨਹੀਂ ਕੀਤਾ ਕਿ 'ਗੁਰਮੁਖਿ ਜਨਮੁ ਸਕਾਰਥਾ ਸਚੈ ਸਬਦਿ ਲਗੰਨਿ॥" ਜੇ ਇਹ ਸਮਝ ਨਹੀਂ ਆ ਰਿਹਾ ਕਿ ਜੀਵਨ ਗੁਰ ਸ਼ਬਦ ਦੇ ਲੜ ਲੱਗਿਆਂ ਹੀ ਸਫਲ ਹੋਣਾ ਹੈ ਤੇ ਉਹ ਸਫਲਤਾ ਪ੍ਰਧਾਨਗੀਆਂ ਵਿਚ ਲੱਭ ਰਿਹਾ ਹੈ, ਤਾਂ ਉਸ ਦਾ ਮੁੱਖ ਗੁਰੂ ਵੱਲ ਹੋਇਆ ਕਿਵੇਂ ਮੰਨਿਆ ਜਾ ਸਕਦਾ ਹੈ।

ਗੁਰੂ ਨੇ ਸਿਖਾਇਆ "ਏਕੁ ਪਿਤਾ ਏਕਸ ਕੇ ਹਮ ਬਾਰਿਕ ਤੂ ਮੇਰਾ ਗੁਰ ਹਾਈ॥" ਪਰ ਇਹ ਵਿਚਾਰ ਵੀ ਗੁਰੂ ਦਾ ਸਿੱਖ ਧਾਰਨ ਨਹੀਂ ਕਰ ਸਕਿਆ ਹੈ। ਸਿੱਖ ਨੇ ਨਾ ਤਾਂ ਗੁਰੂ ਪ੍ਰਮਾਤਮਾ ਨੂੰ ਆਪਣਾ ਪਿਤਾ ਮੰਨਿਆ ਹੈ, ਨਾ ਹੀ ਇੱਕ ਦੂਜੇ ਨਾਲ ਭ੍ਰਾਤਾ ਦਾ ਸਬੰਧ ਕਾਇਮ ਕੀਤਾ ਹੈ। ਭ੍ਰਾਤਾ ਦਾ ਸਬੰਧ ਹੁੰਦਾ, ਤਾਂ ਮਸਲੇ ਰੱਲ-ਮਿੱਲ ਕੇ ਹੱਲ ਕਰਨਾ ਸਿੱਖ ਲਿਆ ਗਿਆ ਹੁੰਦਾ। ਮਿਲ ਕੇ ਬੈਠਣਾ ਆਇਆ ਹੀ ਨਹੀਂ। ਭ੍ਰਾਤਾ ਮੰਨਿਆ ਹੁੰਦਾ, ਤਾਂ ਪਰਿਵਾਰ ਦੀ ਲਾਜ ਰੱਖਣਾ ਸਿੱਖਿਆ ਹੁੰਦਾ। ਪਰਿਵਾਰ ਦਾ ਪਹਿਲਾ ਅਸੂਲ ਹੁੰਦਾ ਹੈ ਕਿ ਘਰ ਦੀ ਗੱਲ ਬਾਹਰ ਨਹੀਂ ਜਾਣੀ ਚਾਹੀਦੀ। ਮਸਲੇ ਘਰ ਦੀ ਚਾਰਦੀਵਾਰੀ ਅੰਦਰ ਨਿਬੇੜ ਲਉ, ਘਰ ਤੋਂ ਬਾਹਰ ਨਿਕਲੋ, ਤਾਂ ਇੱਕਮੁੱਠ ਇੱਕਜੁੱਟ ਨਜ਼ਰ ਆਉ। ਨਜ਼ਰ ਹੀ ਨਾ ਆਉ, ਇੱਕ ਦੂਜੇ ਨਾਲ ਖੜ੍ਹੇ ਵੀ ਰਹੋ। ਪਰ ਇਹ ਮਰਿਆਦਾ ਕਿਤਾਬੀ ਸ਼ਬਦਾਵਲੀ ਵਿਚ ਹੀ ਕੈਦ ਹੋ ਕੇ ਰਹਿ ਗਈ ਹੈ। ਇੱਕ ਦੂਜੇ ਨੂੰ ਪਰਾਇਆ ਮੰਨ ਕੇ ਬੇਵਿਸਾਹੀ ਦਾ ਵਿਵਹਾਰ ਕੀਤਾ ਜਾ ਰਿਹਾ ਹੈ। ਦੂਜਿਆਂ 'ਤੇ ਦੋਸ਼ ਲਾਏ ਜਾ ਰਹੇ ਹਨ ਤੇ ਆਪਣੇ ਆਪ ਨੂੰ ਪੰਥ ਦਾ ਸਭ ਤੋਂ ਵੱਡਾ ਹਿਤੈਸ਼ੀ ਸਾਬਿਤ ਕੀਤਾ ਜਾ ਰਿਹਾ ਹੈ। ਪੰਥ ਦਾ ਹਿਤੈਸ਼ੀ ਤਾਂ ਉਹ ਕਿਹਾ ਜਾ ਸਕਦਾ ਹੈ, ਜੋ ਗੁਰੂ ਦੀ ਗੱਲ ਮੰਨੇ ਤੇ ਹਰ ਸਿੱਖ ਨੂੰ ਆਪਣਾ ਭ੍ਰਾਤਾ ਜਾਣ ਕੇ ਉਸ ਦੇ ਹਿੱਤ ਦੀ ਸੋਚ ਰੱਖਦਾ ਹੋਵੇ। ਪੰਥਕ ਏਕਤਾ ਦੇ ਨਾਮ 'ਤੇ ਸ੍ਰੀ ਅਕਾਲ ਤਖਤ ਸਾਹਿਬ ਤੋਂ ਵੀ ਹੁਕਮਨਾਮੇ ਜਾਰੀ ਹੁੰਦੇ ਹਨ। ਲੱਗਦਾ ਹੈ ਕਿ ਏਕਤਾ ਇੱਕ ਨਾਅਰਾ ਬਣ ਕੇ ਰਹਿ ਗਈ ਹੈ। ਏਕਤਾ ਫਲੀਭੂਤ ਨਹੀਂ ਹੋ ਰਹੀ ਕਿਉਂਕਿ "ਗੁਰ ਹਾਈ" ਦੀ ਭਾਵਨਾ ਧਾਰਨ ਨਹੀਂ ਕੀਤੀ ਜਾ ਰਹੀ। ਮਨੁੱਖੀ ਬਿਰਤੀ ਹੈ, ਤਾਂ ਮਸਲੇ ਹੋਣਾ ਸੁਭਾਵਕ ਹੈ, ਮਤਭੇਦ ਹੋਣਾ ਵੱਡੀ ਗੱਲ ਨਹੀਂ। ਪਰ ਜਿਵੇਂ ਮਸਲੇ ਨਜਿੱਠੇ ਜਾ ਰਹੇ ਹਨ, ਇਹ ਗੁਰਸਿੱਖ ਦਾ ਢੰਗ ਨਹੀਂ ਕਿਹਾ ਜਾ ਸਕਦਾ। ਮਸਲੇ ਗੁਰੂ ਕਾਲ ਵਿਚ ਵੀ ਸਨ ਪਰ ਜਿਵੇਂ ਸਹਿਜ ਤੇ ਸਬਰ ਨਾਲ ਰਾਹ ਕੱਢੀ ਗਈ, ਉਹ ਮਸਲੇ ਰਹੇ ਹੀ ਨਹੀਂ ਤੇ ਗੁਰੂ ਪੰਥ ਅਗਾਂਹ ਤੁਰਦਾ ਚਲਾ ਗਿਆ। ਇਹ ਠੀਕ ਹੈ ਕਿ ਗੁਰੂਆਂ ਦੀ ਵਡਿਆਈ ਦੇ ਨੇੜੇ ਵੀ ਪੁੱਜਣਾ ਕਿਸੇ ਦੇ ਵੱਸ ਦਾ ਨਹੀਂ ਪਰ ਪ੍ਰੇਰਨਾ ਤੇ ਸਬਕ ਤਾਂ ਲਿਆ ਹੀ ਜਾ ਸਕਦਾ ਹੈ। ਅੱਜ ਹਰ ਕਿਸੇ ਨੂੰ ਅਹੁਦਾ ਚਾਹੀਦੇ, ਨਾਮ ਚਾਹੀਦੇ। ਸਭ ਤੋਂ ਮੰਦਭਾਗੀ ਗੱਲ ਤਾਂ ਇਹ ਹੋਈ ਹੈ ਕਿ ਜਿਨ੍ਹਾਂ ਦੇ ਮੋਢਿਆਂ 'ਤੇ ਕੌਮ ਨੂੰ ਇਕੱਠਾ ਕਰਨ ਦੀ ਜ਼ਿੰਮੇਵਾਰੀ ਹੈ, ਉਹ ਆਪ ਹੀ ਵੰਡੀਆਂ ਤੇ ਭੰਡੀਆਂ ਦੇ ਕਾਰਨ ਬਣ ਗਏ ਹਨ। ਜੇ ਗੁਰਸਿੱਖ ਨੇ ਗੁਰੂ ਅਰਜਨ ਸਾਹਿਬ ਦੀ ਬਾਣੀ ਦੀ ਕੇਵਲ ਇੱਕ ਪੰਕਤੀ "ਕਹੁ ਨਾਨਕ ਸਭ ਤੇਰੀ ਵਡਿਆਈ ਕੋਈ ਨਾਉ ਨ ਜਾਣੈ ਮੇਰਾ॥" ਦਾ ਭਾਵ ਹੀ ਮਨ ਵਿਚ ਵਸਾ ਲਿਆ ਹੁੰਦਾ, ਤਾਂ ਬਹੁਤ ਸਾਰੇ ਬਜਰ ਕਪਾਟ ਆਪ ਹੀ ਢਹਿ ਜਾਣੇ ਸਨ। ਇਸ ਪੰਕਤੀ ਦਾ ਸਬੰਧ ਕੇਵਲ ਧਾਰਮਿਕ ਸੰਦਰਭਾਂ ਨਾਲ ਨਹੀਂ ਹੈ। ਇਸ ਤੋਂ ਪਹਿਲਾਂ ਦੀ ਪੰਕਤੀ "ਤੁਧੁ ਆਗੈ ਅਰਦਾਸਿ ਹਮਾਰੀ ਜੀਉ ਪਿੰਡੁ ਸਭੁ ਤੇਰਾ॥" ਦੀ ਸੇਧ ਪੂਰਨ ਤੌਰ 'ਤੇ ਆਤਮ ਸਮਰਪਣ ਦੀ ਹੈ ਗੁਰੂ ਅੱਗੇ। ਇਹ ਨਹੀਂ ਹੋ ਸਕਦਾ ਕਿ ਭਗਤੀ, ਬੰਦਗੀ ਲਈ ਤਾਂ ਜੀਉ ਤੇ ਪਿੰਡ ਗੁਰੂ ਅੱਗੇ ਸਮਰਪਿਤ ਹੋਵੇ ਤੇ ਬਾਕੀ ਵਿਵਹਾਰ ਦਾ ਜੀਉ ਤੇ ਪਿੰਡ ਹੰਕਾਰ, ਵਿਕਾਰਾਂ ਦੇ ਕੈਦੀ ਬਣ ਜਾਏ। ਗੁਰਬਾਣੀ ਦੀ ਸੇਧ ਜੀਵਨ ਸ਼ੈਲੀ ਬਦਲਣ ਦੀ ਹੈ, ਨਿਰੋਲ ਤੇ ਨਿਰਮਲ ਅਵਸਥਾ ਸਿਰਜਣ ਦੀ ਹੈ ਕਿਉਂਕਿ ਗੁਰਬਾਣੀ ਜੀਵਨ ਦੇ ਮਨੋਰਥ ਤੇ ਸਫਲਤਾ ਨੂੰ ਹੀ ਗੁਣਾਂ ਦੀ ਪ੍ਰਾਪਤੀ ਨਾਲ ਜੋੜ ਕੇ ਵੇਖਦੀ ਹੈ। ਗੁਰਸਿੱਖ ਲਈ ਪੰਥ ਲੋਕਾਂ ਦਾ ਸਮੂਹ ਨਹੀਂ ਇੱਕ ਖਾਸ ਜੀਵਨ ਮਾਰਗ ਹੈ, ਜੋ ਗੁਰੂ ਨਾਨਕ ਜੀ ਨੇ ਉਲੀਕਿਆ ਸੀ। ਪੰਥ ਕੀ ਹੈ, ਪੰਥਕ ਹੋਣਾ ਕੀ ਹੈ, ਇਸ ਨੂੰ ਸਮਝੇ ਬਿਨਾਂ ਹੀ ਪੰਥ, ਪੰਥ ਦੀ ਰਟਨ ਦੇ ਕੋਈ ਮਾਇਨੇ ਨਹੀਂ ਹਨ।

ਇਹ ਵੀ ਸਮਝਣਾ ਪਵੇਗਾ ਕਿ ਪੰਥਕ ਸੰਸਥਾ ਜਾਂ ਦਲ ਕਿਸ ਨੂੰ ਕਿਹਾ ਜਾਵੇ। ਭਾਰਤ ਵਿਚ ਕੋਈ ਸਿਆਸੀ ਦਲ ਜਿਸ ਦਾ ਗਠਨ ਲੋਕਤੰਤਰ ਦੀ ਬਣਤਰ ਅਨੁਸਾਰ ਹੋਇਆ ਹੈ ਅਤੇ ਜਿਸ ਨੂੰ ਚੋਣ ਕਮਿਸ਼ਨ ਦੀ ਮਾਨਤਾ ਪ੍ਰਾਪਤ ਹੈ, ਉਸ ਦਾ ਉੱਦੇਸ਼ ਸਪੱਸ਼ਟ ਹੋ ਜਾਂਦਾ ਹੈ ਕਿ ਸੱਤਾ ਵਿਚ ਆਉਣਾ, ਸਰਕਾਰ ਬਣਾਉਣਾ ਅਜਿਹੇ ਦਲ ਦਾ ਮੁੱਖ ਮਨੋਰਥ ਹੈ। ਲੋਕਤੰਤਰ ਵਿਚ ਸੱਤਾ ਦੀ ਸਿਆਸਤ ਕਰਨ ਵਾਲਿਆਂ ਕੋਲੋਂ ਪੰਥਕ ਹਿੱਤਾਂ ਦੇ ਪਹਿਰੇਦਾਰ ਬਣਨ ਦੀ ਆਸ ਕਰਨਾ ਵਿਅਰਥ ਹੈ। ਸੱਤਾ ਲਈ ਕਈ ਸਮਝੌਤੇ ਕਰਨ ਪੈਂਦੇ ਹਨ, ਕਈ ਦੰਦ ਫੰਦ ਕਰਨੇ ਪੈਂਦੇ ਹਨ, ਜਿਨ੍ਹਾਂ ਨੂੰ ਸਿਆਸਤ ਵਿਚ ਜਾਇਜ਼ ਮੰਨਿਆ ਜਾਂਦਾ ਹੈ। ਸੱਤਾ ਦੀ ਸਿਆਸਤ ਲਈ ਧਨ ਵੀ ਜੁਟਾਉਣਾ ਪੈਂਦਾ ਹੈ, ਜੋ ਇਮਾਨਦਾਰ ਤਰੀਕਿਆਂ ਨਾਲ ਸੰਭਵ ਨਹੀਂ ਹੈ। ਸਿੱਖ ਕੌਮ ਨੇ ਅੱਜ ਤੱਕ ਸਿਆਸੀ ਸੰਸਥਾ ਤੇ ਪੰਥਕ ਸੰਸਥਾ ਦਾ ਫਰਕ ਨਹੀਂ ਸਮਝਿਆ ਹੈ। ਅਕਾਲੀ ਦਲ ਪੰਜਾਬ ਦਾ ਖੇਤਰੀ ਸਿਆਸੀ ਦਲ ਤਾਂ ਹੋ ਸਕਦਾ ਹੈ, ਚਾਹ ਕੇ ਵੀ ਪੰਥਕ ਦਲ ਨਹੀਂ ਬਣ ਸਕਦਾ ਕਿਉਂਕਿ ਸੱਤਾ ਹਾਸਲ ਕਰਨ ਲਈ ਸਿਰਫ ਸਿੱਖਾਂ ਦੇ ਵੋਟ ਕਾਫੀ ਨਹੀਂ ਹਨ। ਬਾਕੀ ਅਕਾਲੀ ਗੁਟ ਕਾਮਯਾਬ ਨਹੀਂ ਹੋਏ ਕਿਉਂਕਿ ਪੰਥਕ ਹਿੱਤਾਂ ਤੇ ਸੱਤਾ ਦੇ ਵਿਚਕਾਰ ਡੋਲਦੇ ਰਹੇ ਹਨ। ਸਿੱਖ ਕੌਮ ਦੀ ਤ੍ਰਾਸਦੀ ਹੈ ਕਿ ਕੋਈ ਅਜਿਹੀ ਸੰਸਥਾ ਬਣਾਈ ਹੀ ਨਹੀਂ ਜਾ ਸਕੀ ਹੈ, ਜਿਸ ਨੂੰ ਸੱਚੇ ਅਰਥਾਂ ਵਿਚ ਪੰਥਕ ਕਿਹਾ ਜਾਵੇ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਭੂਮਿਕਾ ਪ੍ਰਬੰਧਕੀ ਜ਼ਿਆਦਾ ਹੋ ਜਾਂਦੀ ਹੈ। ਇਹ ਗੱਲ ਸ਼੍ਰੋਮਣੀ ਕਮੇਟੀ ਦੇ ਆਗੂਆਂ ਨੂੰ ਛੇਤੀ ਹੀ ਸਮਝ ਆ ਗਈ ਸੀ, ਤਾਂ ਹੀ ਸ਼੍ਰੋਮਣੀ ਅਕਾਲੀ ਦਲ ਹੋਂਦ ਵਿਚ ਆਇਆ ਸੀ। ਪਰ ਦੇਸ਼ ਆਜ਼ਾਦ ਹੋਣ ਤੋਂ ਬਾਅਦ ਜਦੋਂ ਅਕਾਲੀ ਦਲ ਦੀ ਭੂਮਿਕਾ ਦਾ ਪੁਨਰ ਮੁੱਲਾਂਕਣ ਹੋਣਾ ਚਾਹੀਦਾ ਸੀ, ਪੰਥ ਅਵੇਸਲਾ ਹੋ ਗਿਆ। ਅੱਜ ਕੌਮ ਦੀ ਲੋੜ ਤਿੰਨ ਪੱਧਰੀ ਸੰਸਥਾਵਾਂ ਹਨ। ਇੱਕ ਤਾਂ ਗੁਰਦੁਆਰਿਆਂ ਦੀਆਂ ਪ੍ਰਬੰਧਕੀ ਸੰਸਥਾਵਾਂ, ਦੂਜਿਆਂ ਨਿਰੋਲ ਸਿਆਸੀ ਸੰਸਥਾਵਾਂ ਜਾਂ ਦਲ ਜੋ ਕੌਮ ਦੇ ਹਿੱਤਾਂ ਦੀ ਰਾਜਸੀ ਤਲ 'ਤੇ ਰਾਖੀ ਕਰ ਸਕਣ, ਤੀਜੀਆਂ ਪੰਥਕ ਸੰਸਥਾਵਾਂ ਜੋ ਧਰਮ ਪ੍ਰਚਾਰ, ਕੌਮੀ ਮਸਲਿਆਂ ਦੇ ਨਿਦਾਨ, ਕੌਮ ਦੀ ਆਪਣੀ ਪਛਾਣ ਬਣਾਈ ਰੱਖਣ ਤੇ ਇੱਕਜੁੱਟ ਰੱਖਣ ਲਈ ਸਮਰਪਿਤ ਹੋਣ। ਜੇ ਪੰਥਕ ਹਿੱਤਾਂ ਲਈ ਕੌਮ ਗੰਭੀਰ ਹੈ, ਤਾਂ ਅਜਿਹੇ ਤਿੰਨ ਪੱਧਰੀ ਸੰਗਠਨਾਤਮਕ ਢਾਂਚੇ ਲਈ ਕਮਰ ਕੱਸਣੀ ਪਵੇਗੀ। ਉਪਰਾਲੇ ਤਿੰਨਾਂ ਪੱਧਰਾਂ 'ਤੇ ਕਰਨੇ ਪੈਣਗੇ।

ਸਿੱਖ ਕੌਮ ਅੱਜ ਇੱਕ ਵੈਸ਼ਵਿਕ ਕੌਮ ਬਣ ਚੁੱਕੀ ਹੈ। ਪੰਥਕ ਹਿੱਤ ਕੇਵਲ ਪੰਜਾਬ ਨੂੰ ਕੇਂਦਰ ਵਿਚ ਰੱਖ ਕੇ ਨਹੀਂ ਸੋਚੇ ਜਾ ਸਕਦੇ। ਕੌਮ ਨੇ ਬਹੁਤ ਗੁਰਦੁਆਰੇ ਉਸਾਰ ਲਏ, ਹੁਣ ਗੁਰਸਿੱਖ ਉਸਾਰਨ ਦੀ ਲੋੜ ਹੈ। ਗੁਰਸਿੱਖ ਨਹੀਂ ਹੋਣਗੇ, ਤਾਂ ਗੁਰਦੁਆਰੇ ਆਪਣਾ "ਗੁਰੂ ਦੁਆਰੈ ਹੋਇ ਸੋਝੀ ਪਾਇਸੀ॥" ਦਾ ਪਾਵਨ ਮਨੋਰਥ ਗੁਆ ਦੇਣਗੇ। ਗੁਰਦੁਆਰੇ ਸਿਆਸਤ ਤੋਂ ਦੂਰ ਰੱਖੇ ਜਾਣ ਤੇ ਮਾਤਰ "ਸੋਝੀ ਪਾਇਸੀ" ਦਾ ਮਨੋਰਥ ਪੂਰਾ ਕਰਨ ਲਈ ਸਮਰਪਿਤ ਹੋਣ ਇਸ ਲਈ ਗੁਰਦੁਆਰਿਆਂ ਨੂੰ ਸਿਆਸਤ ਤੋਂ ਮੁਕਤ ਕਰਨਾ ਇੱਕ ਫੌਰੀ ਲੋੜ ਹੈ। ਗੁਰਦੁਆਰਿਆਂ ਵਿਚ ਸਿਰੋਪਾ ਦੇਣ, ਕਿਰਪਾਨ ਭੇਂਟ ਕਰਨ, ਗੁਰਦੁਆਰੇ ਦੀ ਸਟੇਜ 'ਤੇ ਸਿਆਸੀ ਲੋਕਾਂ ਦੇ ਬੋਲਣ 'ਤੇ ਫੌਰਨ ਰੋਕ ਲਗਾਈ ਜਾਣੀ ਚਾਹੀਦੀ ਹੈ। ਸਿਰੋਪੇ, ਕਿਰਪਾਨਾਂ ਅੱਜ ਸਿਆਸੀ ਖੁਸ਼ਾਮਦ ਦੇ ਹਥਿਆਰ ਬਣ ਗਏ ਹਨ। ਸਿੱਖੀ ਦੇ ਪ੍ਰਤੀਕਾਂ ਦੀ ਇਸ ਤੋਂ ਭਾਰੀ ਬੇਅਦਬੀ ਹੋਰ ਨਹੀਂ ਹੋ ਸਕਦੀ। ਕਿਧਰੇ ਕਕਾਰ ਪਾ ਕੇ ਜਾਣ ਦੀ ਇਜਾਜ਼ਤ ਨਾ ਮਿਲੇ, ਤਾਂ ਰੌਲਾ ਪਾ ਦਿੱਤਾ ਜਾਂਦਾ ਹੈ ਪਰ ਆਪ ਅਸੀਂ ਗੁਰਦੁਆਰਿਆਂ ਵਿਚ ਕੀ ਕਰ ਰਹੇ ਹਾਂ, ਉਹ ਵੀ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਹਜ਼ੂਰੀ ਵਿਚ, ਇਸ ਬਾਰੇ ਕੀ ਕਦੇ ਸੋਚਿਆ ਗਿਆ ਹੈ। ਗੁਰਦੁਆਰਾ ਗੁਰੂ ਦਾ ਦਰਬਾਰ ਹੈ। ਸ਼ੋਭਾ ਬਸ ਉਸ ਦੀ ਹੈ, ਬਾਕੀ ਕੋਈ ਵੀ ਆਵੇ, ਉਸ ਦਾ ਦਾਸ, ਸੇਵਕ ਹੈ। ਗੁਰੂ ਦੇ ਦਰਬਾਰ ਵਿਚ ਦੋ ਹੀ ਥਾਂ ਹਨ, ਗੁਰੂ ਜਾਂ ਉਸ ਦੇ ਦਾਸ। ਕੋਈ ਵਿਤਕਰਾ ਗੁਰੂ ਦੇ ਦਰਬਾਰ ਦੀ ਮਰਿਆਦਾ ਦੀ ਉਲੰਘਣਾ ਹੈ। ਜਿਸ ਦਿਨ ਇਹ ਮਰਿਆਦਾ ਲਾਗੂ ਹੋ ਗਈ, ਗੁਰਦੁਆਰਿਆਂ ਦੇ ਨੱਬੇ ਫ਼ੀਸਦੀ ਪ੍ਰਬੰਧਕੀ ਵਿਵਾਦ ਆਪ ਹੀ ਦੂਰ ਹੋ ਜਾਣਗੇ। ਗੁਰਦੁਆਰੇ "ਏਤੁ ਦੁਆਰੈ ਧੋਇ ਹਛਾ ਹੋਇਸੀ॥" ਦੀ ਪਛਾਣ ਬਣਨ। ਇਹ ਗੁਰਦੁਆਰੇ ਦਾ ਪ੍ਰਬੰਧ ਹੋਣਾ ਚਾਹੀਦਾ ਹੈ, ਨਾ ਕਿ ਬਿਲਡਿੰਗਾਂ ਦੀ ਉਸਾਰੀ, ਲੰਗਰ, ਸਿਰੋਪੇ ਤੇ ਖਰਚੀਲੇ ਸਮਾਗਮ।

ਗੁਰੂ ਦਾ ਬਣਨ ਲਈ ਇੱਕੋ ਸੰਵਿਧਾਨ ਹੈ, ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬਾਣੀ। ਸੰਵਿਧਾਨ ਨਾਲ ਕਿਸੇ ਦੇਸ਼ ਦਾ ਰਾਜ ਚੱਲਦਾ ਹੈ, ਗੁਰਬਾਣੀ ਨਾਲ ਗੁਰਸਿੱਖ ਦਾ ਜੀਵਨ ਚੱਲਦਾ ਹੈ, ਪੰਥ ਚੱਲਦਾ ਹੈ। ਗੁਰਸਿੱਖੀ ਦਾ ਅਰਥ ਹੈ ਗੁਰਸਿੱਖ ਦਾ ਚਿੰਤਨ ਤੇ ਆਚਰਣ ਗੁਰੂ ਦੇ ਹੁਕਮ ਅਨੁਸਾਰ ਹੋਣਾ। ਪੰਥ ਦੀ ਗੱਲ ਕਰਨ ਦਾ ਨੈਤਿਕ ਹੱਕ ਉਸ ਨੂੰ ਹੈ, ਜੋ ਗੁਰੂ ਦਾ ਬਣ ਗਿਆ ਹੈ।

ਗੁਰੂ ਦਾ ਹੁਕਮ ਸੀ ਕਿ ਸਿੱਖ ਆਪਣੀ ਦੇਹ ਨੂੰ ਘੋੜੀ ਸਮਝੇ, ਜਿਸ 'ਤੇ ਬੈਠ ਕੇ ਉਸ ਨੇ ਨਿਰਬਾਨ ਪਦ ਪ੍ਰਾਪਤ ਕਰਨਾ ਹੈ। ਪਰ ਇਹ ਮਨੋਰਥ ਭੁੱਲ ਕੇ ਦੇਹ ਨੂੰ ਸੰਸਾਰਕ ਸੁੱਖਾਂ ਦੀ ਪ੍ਰਾਪਤੀ ਲਈ ਵਰਤਿਆ ਜਾ ਰਿਹਾ ਹੈ। ਗੁਰੂ ਨੇ ਕਿਹਾ ਸੀ ਕਿ ਮੁਖ ਵਿਚ ਗੁਰੂ ਦੇ ਗਿਆਨ ਦੀ ਲਗਾਮ ਹੋਵੇ ਪਰ ਲਗਾਮ ਬਦਲ ਕੇ ਲੋਭ ਦੀ ਹੋ ਗਈ ਹੈ। ਗੁਰੂ ਦੀ ਸੇਧ ਸੀ ਕਿ ਪ੍ਰੇਮ ਦਾ ਚਾਬੁਕ ਹੋਵੇ ਪਰ ਹੱਥ ਵਿਚ ਨਫਰਤ ਦਾ ਖੜਗ ਫੜ ਲਿਆ ਗਿਆ ਹੈ। ਲੋਭ ਨਾਮ ਜਪਣ ਦਾ ਨਹੀਂ ਕਿ ਨਾਮ ਜੱਪ ਜੱਪ ਕੇ ਅੰਤਰ ਦਾ ਸੰਤਾਪ ਸ਼ਾਂਤ ਹੋ ਜਾਏ, ਲੋਭ ਹੈ ਕਿ ਲੋਕ ਪ੍ਰਸ਼ੰਸਾ ਪ੍ਰਾਪਤ ਹੋ ਜਾਏ।

ਬਘੇਲ ਸਿੰਘ ਧਾਲੀਵਾਲ
99142-58142
ਪੰਜਾਬ ਮੇਲ USA



# ਆਪਸੀ ਦੂਸ਼ਣਵਾਜ਼ੀ, ਇਲਜ਼ਾਮ ਅਤੇ ਕਿਰਦਾਰਕੁਸ਼ੀ ਸਿੱਖ ਤਾਕਤ ਦੀ ਸਭ ਤੋਂ ਵੱਡੀ ਦੁਸ਼ਮਣ



ਸਿੱਖ ਕੌਮ ਅੱਜ ਕਿਸੇ ਇੱਕ ਦੁਸ਼ਮਣ ਨਾਲ ਨਹੀਂ ਲੜ ਰਹੀ। ਉਹ ਆਪਣੀ ਹੀ ਪਰਛਾਂਵੇ ਨਾਲ ਵੀ ਭਿੜ ਰਹੀ ਹੈ। ਦੁੱਖ ਦੀ ਗੱਲ ਇਹ ਨਹੀਂ ਕਿ ਵਿਰੋਧੀ ਤਾਕਤਾਂ ਸਾਜ਼ਿਸ਼ਾਂ ਕਰ ਰਹੀਆਂ ਹਨ, ਬਲਕਿ ਇਸ ਤੋ ਵੱਡੇ ਦੁੱਖ ਦੀ ਗੱਲ ਇਹ ਹੈ ਕਿ ਹੁਣ ਉਨ੍ਹਾਂ ਨੂੰ ਸਾਜ਼ਿਸ਼ ਕਰਨ ਦੀ ਲੋੜ ਹੀ ਨਹੀਂ ਰਹੀ। ਸਿੱਖ ਆਪਸ ਵਿਚ ਐਨਾ ਉਲਝ ਚੁੱਕੇ ਹਨ ਕਿ ਵਿਰੋਧੀ ਸਿਰਫ਼ ਦੂਰੋਂ ਬੈਠ ਕੇ ਸਿੱਖਾਂ ਦਾ ਤਮਾਸ਼ਾ ਦੇਖ ਰਹੇ ਹਨ। ਜਦੋਂ ਕੋਈ ਕੌਮ ਆਪਣੀ ਤਾਕਤ ਨੂੰ ਆਪਣੀ ਹੀ ਛਾਤੀ 'ਤੇ ਵਰਤਣ ਲੱਗ ਜਾਵੇ, ਤਾਂ ਇਤਿਹਾਸ ਵੀ ਉਸ 'ਤੇ ਰਹਿਮ ਨਹੀਂ ਕਰਦਾ। ਅੱਜ ਸਿੱਖ ਕੌਮ ਦੇ ਅੰਦਰ ਫੁੱਟ ਦੀ ਦਰਾਰ ਐਨੀ ਗਹਿਰੀ ਹੋ ਚੁੱਕੀ ਹੈ ਕਿ ਹਰ ਤੀਜਾ ਬੰਦਾ ਸ਼ੱਕੀ ਜਾਪਦਾ ਹੈ, ਸਿੱਖ ਇੱਕ ਦੂਜੇ 'ਤੇ ਵਿਕਿਆ ਹੋਇਆ, ਏਜੰਸੀਆਂ ਦੇ ਹੱਥਾਂ 'ਚ ਖੇਡਣ ਵਾਲਾ ਅਤੇ ਹੋਰ ਪਤਾ ਨਹੀਂ ਕੀ-ਕੀ ਇਲਜ਼ਾਮ, ਬਗੈਰ ਮਤਲਬ ਤੋਂ ਲਾਏ ਜਾਣ ਦਾ ਕੋਈ ਮੌਕਾ ਖੁੰਝਣ ਨਹੀਂ ਦੇ ਰਹੇ। ਜਿਹੜਾ ਵੀ ਸਿੱਖ ਕੌਮੀ ਹਿਤਾਂ ਦੀ ਗੱਲ ਕਰਨ ਦੀ ਕੋਸ਼ਿਸ਼ ਕਰਦਾ ਹੈ, ਉਹਦੇ 'ਤੇ ਬੇਗਾਨਿਆਂ ਨਾਲੋਂ ਆਪਣੇ ਪਹਿਲਾਂ ਦੂਸ਼ਣ ਲਾਉਣੇ ਸ਼ੁਰੂ ਕਰ ਦਿੰਦੇ ਹਨ। ਸੱਚ ਇਹ ਹੈ ਕਿ ਸਿੱਖਾਂ ਅਸਲ ਮੁੱਦੇ ਭੁੱਲ ਗਏ ਹਨ ਅਤੇ ਮੋਰਚੇ ਆਪਸ ਵਿਚ ਖੋਲ੍ਹ ਲਏ ਹੋਏ ਹਨ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬੇਅਦਬੀ ਹੋਵੇ ਜਾਂ ਬੰਦੀ ਸਿੰਘਾਂ ਦੀ ਗੱਲ, ਨੌਜਵਾਨਾਂ ਦਾ ਨਸ਼ਿਆਂ ਵਿਚ ਡੁੱਬਣਾ ਹੋਵੇ ਜਾਂ ਬਰਬਾਦੀ ਦੀ ਕਾਗਾਰ 'ਤੇ ਖੜ੍ਹੀ ਕਿਸਾਨੀ ਹੋਵੇ, ਹਰ ਥਾਂ ਸਿੱਖ ਇਕਸੁਰ ਹੋਣ ਦੀ ਥਾਂ ਧੜਿਆਂ ਵਿਚ ਵੰਡਿਆ ਨਜ਼ਰ ਆਉਂਦੇ ਹਨ। ਇੱਕ ਧੜਾ ਦੂਜੇ ਨੂੰ ਗੱਦਾਰ ਕਹਿੰਦਾ ਹੈ, ਦੂਜਾ ਪਹਿਲੇ ਦੀ ਕਿਰਦਾਰਕੁਸ਼ੀ ਵਿਚ ਸਾਰੀਆਂ ਹੱਦਾਂ ਪਾਰ ਕਰ ਜਾਂਦਾ ਹੈ, ਭਾਵ ਆਪਸ ਵਿਚ ਲੜਨ ਤੋਂ ਹੀ ਵਿਹਲ ਨਹੀਂ ਹੈ, ਮਸਲੇ ਤਾਂ ਪਏ ਢੱਠੇ ਖੂਹ ਵਿਚ। ਬੀਤੇ ਦਿਨੀਂ ਸ. ਸਿਮਰਨਜੀਤ ਸਿੰਘ ਮਾਨ ਦੇ ਦੋਹਤੇ ਵੱਲੋਂ ਵਿਆਹ ਦੀਆਂ ਰਸਮਾਂ ਵਿਚ ਆਪਣੇ ਉੱਪਰ ਚੌਰ ਸਾਹਿਬ ਝੁਲਾਉਣ ਦਾ ਮਸਲਾ ਸਾਹਮਣੇ ਆਇਆ ਸੀ। ਬਿਨਾਂ ਸ਼ੱਕ ਅੱਜ ਦੇ ਸੰਦਰਭ ਵਿਚ ਇਹ ਅਵੱਗਿਆ ਨੂੰ ਛੁਟਿਆ ਕੇ ਨਹੀਂ ਦੇਖਿਆ ਜਾ ਸਕਦਾ। ਉਹ ਸਮੇਂ ਹੁਣ ਲੱਦ ਚੁੱਕੇ ਹਨ, ਜਦੋਂ ਰਾਜੇ ਮਹਾਰਾਜਿਆਂ ਦੇ ਸਿਰਾਂ 'ਤੇ ਚੌਰ ਝੂਲਾਏ ਜਾਂਦੇ ਸਨ। ਹੁਣ ਜਦੋਂ ਰਾਜਾਸ਼ਾਹੀ ਜਾਂ ਰਜਵਾੜਾਸ਼ਾਹੀ ਦਾ ਦੌਰ ਹੀ ਨਹੀਂ ਹੈ, ਫਿਰ ਉਨ੍ਹਾਂ ਪ੍ਰੰਪਰਾਵਾਂ ਨੂੰ ਨਿਭਾਉਣ ਦਾ ਕੀ ਅਰਥ, ਜਿਹੜੀਆਂ ਪ੍ਰੰਪਰਾਵਾਂ ਸਾਡੇ ਗੁਰੂ ਦੀ ਬਰਾਬਰੀ ਕਰਨ ਦਾ ਗੁਨਾਹਗਾਰ ਬਣਾਉਂਦੀਆਂ ਹੋਣ, ਜਾਂ ਸਿੱਖ ਵਿਚਾਰਧਾਰਾ ਨਾਲ ਟਕਰਾਉਂਦੀਆਂ ਹੋਣ। ਪਰੰਤੂ ਇਹ ਸੱਚ ਹੈ ਕਿ ਇਸ ਮਸਲੇ ਦਾ ਭਾਵਨਾਤਮਿਕ ਵਿਰੋਧ ਘੱਟ ਪਰ ਰਾਜਨੀਤੀ ਜ਼ਿਆਦਾ ਔਰ ਨੀਵੇਂ ਪੱਧਰ ਦੀ ਹੋ ਰਹੀ ਹੈ। ਜਦੋਂਕਿ ਮੁਆਫੀ ਮੰਗੇ ਜਾਣ ਤੋਂ ਬਾਅਦ ਅਜਿਹੇ ਸੰਵੇਦਨਸ਼ੀਲ ਮਸਲਿਆਂ ਨੂੰ ਤੂਲ ਦੇਣਾ ਸਿਆਣਪ ਨਹੀਂ ਹੈ। ਇਹ ਸ੍ਰੀ ਅਕਾਲ ਤਖਤ ਸਾਹਿਬ ਦੇ ਵਿਚਾਰਨ ਦਾ ਮਸਲਾ ਹੈ। ਪਰੰਤੂ ਸਿੱਖ ਤਾਂ ਇਸ ਸਰਬਉੱਚ ਸੰਸਥਾ ਦੇ ਵਿਰੋਧ ਦਾ ਵੀ ਮੌਕਾ ਨਹੀਂ ਖੁੰਜਣ ਦਿੰਦੇ। ਵਿਰੋਧੀਆਂ ਵੱਲੋਂ ਅਜਿਹੇ ਮੌਕੇ ਨੂੰ ਹੋਰ ਦਲੀਲਾਂ ਨਾਲ ਉਛਾਲ਼ਿਆ ਜਾਂਦਾ ਹੈ, ਜਦੋਂਕਿ ਕੌਮ ਦੇ ਵਡੇਰੇ ਹਿਤਾਂ ਨੂੰ ਪਹਿਲ ਦੇਣਾ ਹਰ ਸਿੱਖ ਦਾ ਇਖਲਾਕੀ ਅਤੇ ਨੈਤਿਕ ਫਰਜ਼ ਬਣਦਾ ਹੈ। ਨਾਭਾ ਰਿਆਸਤ ਦੇ ਵਾਰਸ ਵੱਲੋਂ ਆਪਣੇ ਮਹਿਲ 'ਚ ਪਰਵੇਸ਼ ਕਰਨ ਨੂੰ ਲੈ ਕੇ ਵੀ ਸਾਕਾਰਤਮਕ ਅਤੇ ਨਾਕਾਰਾਤਮਕ ਵਿਰੋਧਾਭਾਸ ਸੋਸ਼ਲ ਮੀਡੀਏ ਦੀ ਸ਼ਾਨ ਬਣਿਆ ਹੋਇਆ ਹੈ। ਇੱਥੇ ਵੀ ਚਾਹੀਦਾ ਇਹ ਸੀ ਕਿ ਸਾਰੀਆਂ ਧਿਰਾਂ ਨੂੰ ਹੀ ਉਸ ਸਿੱਖ ਰਾਜਕੁਮਾਰ ਦੀ ਹੌਂਸਲਾ ਅਫਜ਼ਾਈ ਲਈ ਆਉਣਾ ਚਾਹੀਦਾ ਸੀ। ਅੱਜ ਦੇ ਉਸ ਯੁੱਗ ਵਿਚ 124 ਸਾਲ ਪੁਰਾਣੀ ਪ੍ਰੰਪਰਾ ਨੂੰ ਬਹਾਲ ਕਰਨਾ, ਜਦੋਂ ਸਿੱਖੀ ਸਿਧਾਤਾਂ 'ਤੇ ਚਾਰ ਚੁਫੇਰੇ ਤੋਂ ਹਮਲੇ ਹੋ ਰਹੇ ਹਨ, ਸਿੱਖੀ ਨੂੰ ਖਤਮ ਕਰਨ ਦੇ ਟੀਚੇ ਮਿੱਥੇ ਜਾ ਰਹੇ ਹਨ, ਤਾਂ ਉਸ ਮੌਕੇ ਕੋਈ ਆਪਣੀ ਮਿੱਟੀ, ਆਪਣੀ ਧਰਤੀ ਤੋਂ ਦੂਰ ਬੈਠਾ ਸਿੱਖ ਰਾਜਕੁਮਾਰ ਆਪਣੇ ਅੰਦਰ ਆਪਣੇ ਪੁਰਖਿਆਂ ਦੀਆਂ ਉਨ੍ਹਾਂ ਧਾਰਮਿਕ ਪ੍ਰੰਪਰਾਵਾਂ ਨੂੰ ਜਿਉਂਦਾ ਕਰਨ ਦੀ ਤੜਪ ਰੱਖਦਾ ਹੈ, ਤਾਂ ਉਸ ਨੂੰ ਕੌਮ ਵੱਲੋਂ "ਜੀਉ ਆਇਆਂ" ਕਹਿਣਾ ਬਣਦਾ ਹੈ, ਪਰ ਅਫਸੋਸ ਨਾਲ ਲਿਖਣਾ ਪੈਂਦਾ ਹੈ ਕਿ ਬਹੁਤ ਸਾਰੇ ਸਿੱਖ ਵਿਦਵਾਨ ਆਪਣੀ ਈਰਖਾਲੂ ਸੋਚ ਹੇਠਾਂ ਦੱਬ ਚੁੱਕੀ ਵਿਦਵਤਾ ਦਾ ਸਾਰਾ ਨਜ਼ਲਾ ਅਜਿਹੇ ਮੌਕਿਆਂ 'ਤੇ ਕੱਢਣ ਵਿਚ ਕੋਈ ਕਸਰ ਬਾਕੀ ਨਹੀਂ ਛੱਡਦੇ। ਉਸ ਅਣਦਾਹੜੀਏ ਸਿੱਖ ਰਾਜਕੁਮਾਰ ਵੱਲੋਂ ਦੱਸਿਆ ਗਿਆ ਹੈ ਕਿ 124 ਸਾਲ ਪਹਿਲਾਂ ਨਾਭਾ ਰਿਆਸਤ ਦੇ ਮਹਾਰਾਜਾ ਹੀਰਾ ਸਿੰਘ ਰਿਹਾਇਸ਼ੀ ਮਹਿਲਾਂ ਵਿਚ ਇੱਕ ਨਰੰਜਣ ਸਿੰਘ (ਨਰੈਣ ਸਿੰਘ) ਨਾਮ ਦੇ ਗੁਰੂ ਦੇ ਵਰੋਸਾਏ ਸਿੱਖ ਨੇ ਇੱਕੋ ਚੌਂਕੜੇ ਵਿਚ ਧੰਨ ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸ੍ਰੀ ਅਖੰਡ ਪਾਠ ਸਾਹਿਬ ਸੰਪੂਰਨ ਕੀਤੇ ਸਨ ਅਤੇ ਮਹਾਰਾਜਾ ਹੀਰਾ ਸਿੰਘ ਨੇ ਗੁਰਬਾਣੀ ਦਾ ਪਾਠ ਬੈਠ ਕੇ ਸਰਵਣ ਕੀਤਾ ਸੀ, ਸੋ ਉਸ ਪ੍ਰੰਪਰਾ ਨੂੰ ਮੁੜ ਸੁਰਜੀਤ ਕਰਦਿਆਂ ਨਾਭਾ ਖਾਨਦਾਨ ਦੇ ਵਾਰਸ ਰਾਜਕੁਮਾਰ ਅਭੀ ਉਦੇ ਪਰਤਾਪ ਸਿੰਘ ਨੇ ਆਪਣੀ ਦਸਤਾਰਬੰਦੀ ਕਰਵਾਉਣ ਲਈ ਗੁਰੂ ਦਾ ਓਟ ਆਸਰਾ ਲਿਆ ਹੈ ਅਤੇ ਠੀਕ ਉਸੇ ਪ੍ਰੰਪਰਾ ਅਨੁਸਾਰ ਜੋ ਸ੍ਰੀ ਅਖੰਡਪਾਠ ਸਾਹਿਬ ਕਰਵਾਏ ਗਏ ਹਨ, ਉਨ੍ਹਾਂ ਦੀ ਸੰਪੂਰਨਤਾ ਵੀ ਗੁਰੂ ਸਾਹਿਬ ਨੇ ਆਪ ਕਿਰਪਾ ਕਰਕੇ ਬਾਬਾ ਰਾਜਾ ਸਿੰਘ ਹੁਣਾਂ ਕੋਲੋ ਇੱਕੋ ਚੌਂਕੜੇ ਵਿਚ ਕਰਵਾਈ ਗਈ ਹੈ। ਇਤਿਹਾਸ ਨੂੰ ਦੁਹਰਾਉਣ ਵਾਲੀ ਘਟਨਾ ਕਦੇ ਵੀ ਆਮ ਨਹੀਂ ਹੁੰਦੀ, ਬਲਕਿ ਅਜਿਹੀਆਂ ਮਹੱਤਵਪੂਰਨ ਘਟਨਾਵਾਂ ਜਿਉਂਦੀਆਂ ਕੌਮਾਂ ਦੀ ਨਿਸ਼ਾਨੀ ਹੁੰਦੀਆਂ ਹਨ। ਅਜਿਹੇ ਮੌਕੇ ਕਿਸੇ ਇੱਕ ਖਾਨਦਾਨ ਦੇ ਨਹੀਂ, ਬਲਕਿ ਕੌਮੀ ਸਵੈਮਾਣ ਦੇ ਪਲ ਹੁੰਦੇ ਹਨ, ਜਿਨ੍ਹਾਂ ਨੂੰ ਮਾਨਣਾ ਵੀ ਗੁਰੂ ਸਾਹਿਬ ਦੀ ਕਿਰਪਾ ਨਾਲ ਵਿਰਲਿਆਂ ਦੇ ਹਿੱਸੇ ਹੀ ਆਉਂਦਾ ਹੈ, ਬਹੁਤੇ ਬਦਨਸੀਬ ਤਾਂ ਵਿਰੋਧ ਕਰਨ ਵਿਚ ਹੀ ਸਾਰੀ ਤਾਕਤ ਲਾਕੇ ਸੁਹਾਵਾਂ ਸਮਾ ਗੁਆ ਦਿੰਦੇ ਹਨ। ਬੇਸ਼ੱਕ ਇਹ ਇੱਕ ਸ਼ਾਹੀ ਖਾਨਦਾਨ ਦੀ ਗੱਲ ਹੈ ਪਰ ਅਜਿਹੀਆਂ ਇਤਿਹਾਸਿਕ ਘਟਨਾਵਾਂ ਕੌਮ ਦੀ ਮੁੜ ਉਸਾਰੀ ਅਤੇ ਚੜ੍ਹਦੀ ਕਲਾ ਦਾ ਪ੍ਰਤੀਕ ਬਣ ਜਾਂਦੀਆਂ ਹਨ। ਅਜਿਹੇ ਪਲ ਅਚੇਤ ਸਿੱਖ ਮਨਾਂ 'ਚ ਆਪਣੇ ਰਾਜ ਭਾਗ ਦੀ ਤੜਪ ਪੈਦਾ ਕਰਨ ਵਿਚ ਵੱਡੀ ਭੂਮਿਕਾ ਨਿਭਾਉਂਦੇ ਹਨ। ਕੌਮ ਦੀ ਇਹ ਤ੍ਰਾਸਦੀ ਹੈ ਕਿ ਜਿਨ੍ਹਾਂ ਨੇ ਪੰਥ ਦੀ ਲਾਜ਼ ਬਣਨਾ ਸੀ, ਕੌਮ ਦੀ ਮੁੜ ਉਸਾਰੀ ਵਿਚ ਸੇਵਾਵਾਂ ਨਿਭਾਉਣੀਆਂ ਸਨ, ਉਹ ਆਪਣੇ ਸਵਾਰਥਾਂ ਦੀਆਂ ਕੰਧਾਂ ਖੜ੍ਹੀਆਂ ਕਰਕੇ ਬੈਠੇ ਹਨ। ਆਜ਼ਾਦ ਸਿੱਖ ਪ੍ਰਭੂਸੱਤਾ ਦੀ ਪ੍ਰਤੀਕ ਸ੍ਰੀ ਅਕਾਲ ਤਖਤ ਸਾਹਿਬ ਵਰਗੀ ਮਹਾਨ ਸੰਸਥਾ ਦੀ ਮਰਿਆਦਾ ਵੀ ਆਏ ਦਿਨ ਆਪਸੀ ਟਕਰਾਵਾਂ ਦੀ ਭੇਟ ਚੜ੍ਹਦੀ ਹੈ। ਵਿਰੋਧੀ ਤਾਕਤਾਂ ਲਈ ਇਹ ਸਭ ਤੋਂ ਸੁਖਾਲੀ ਸਥਿਤੀ ਹੈ। ਨਾ ਗੋਲੀ ਚਲਾਉਣੀ, ਨਾ ਲਾਠੀ ਵਰਤਣੀ। ਸਿੱਖ ਆਪ ਹੀ ਆਪਣੇ ਬਿਆਨਾਂ, ਆਪਣੀਆਂ ਵੀਡੀਓਆਂ, ਆਪਣੀਆਂ ਗਾਲਾਂ ਨਾਲ ਆਪਣੇ ਕੌਮੀ ਹਿਤਾਂ ਦੀ ਲੜਾਈ ਨੂੰ ਕਮਜ਼ੋਰ ਕਰ ਰਹੇ ਹਨ। ਇਹ ਵੀ ਸੱਚ ਹੈ ਕਿ ਸਿੱਖ ਦੀ ਆਵਾਜ਼ ਖਾਮੋਸ਼ ਨਹੀਂ ਹੋਈ, ਪਰ ਉਹ ਆਪਸ ਵਿਚ ਫੁੱਟ ਪੈਣ ਕਰਕੇ ਬਿਖਰ ਗਈ ਹੈ। ਇਤਿਹਾਸ ਦੀ ਇਹ ਚੇਤਾਵਨੀ ਹੈ ਕਿ ਜਦੋਂ ਵੀ ਸਿੱਖ ਕੌਮ ਵੰਡੀ ਗਈ ਹੈ, ਪਾਟੋ ਧਾੜ ਹੋਈ ਹੈ, ਉਸ ਨੇ ਭਾਰੀ ਮੁੱਲ ਚੁਕਾਇਆ ਹੈ। ਗੁਰੂ ਸਾਹਿਬਾਂ ਨੇ ਸ਼ਸਤਰਾਂ ਦੇ ਨਾਲ ਇਕਜੁੱਟ ਰਹਿਣ ਦੀ, ਸੱਚ ਨਾਲ ਖੜ੍ਹਨ ਦੀ, ਅਤੇ ਹਉਮੈ ਨੂੰ ਤਿਆਗਣ ਦੀ ਸੋਝੀ ਵੀ ਦਿੱਤੀ ਸੀ। ਇਹ ਸਵਾਲ ਬੜਾ ਮਹੱਤਵਪੂਰਨ ਹੈ ਕਿ ਕੀ ਸਿੱਖ ਬੁੱਧੀਜੀਵੀ, ਰਾਜਨੀਤਕ, ਧਾਰਮਿਕ ਸੰਸਥਾਵਾਂ ਕੌਮ ਦੇ ਵਡੇਰੇ ਹਿਤਾਂ ਲਈ ਆਪਣੇ ਆਪਣੇ ਹੰਕਾਰ, ਆਪਣੀ ਹਉਮੈ ਦਾ ਤਿਆਗ ਕਰਨ ਨੂੰ ਤਿਆਰ ਹੋ ਸਕੇਗਾ? ਜੇ ਜਵਾਬ ਨਹੀਂ ਹੈ, ਤਾਂ ਦੁਨੀਆਂ ਦੀ ਇਸ ਬਹਾਦਰ ਕੌਮ ਨੂੰ ਇਹ ਵੀ ਯਾਦ ਰੱਖਣਾ ਹੋਵੇਗਾ ਕਿ ਜਿਸ ਪਾਟੋਧਾੜ ਅਤੇ ਨਿੱਜਪ੍ਰਸਤੀ ਦੀ ਵਜ੍ਹਾ ਕਰਕੇ 1849 ਵਿਚ ਖੁੱਸਿਆ ਰਾਜ ਭਾਗ ਸਿੱਖਾਂ ਦੇ ਨਸੀਬਾਂ 'ਚੋਂ ਦੂਰ ਜਾ ਚੁੱਕਾ ਹੈ, ਹੁਣ ਉਹ ਹੀ ਪਾਟੋਧਾੜ ਨੇ ਕੌਮ ਨੂੰ ਅੱਜ ਵੀ ਨਮੋਸ਼ੀ ਦੇ ਆਲਮ ਵਿਚ ਧੱਕਿਆ ਹੋਇਆ ਹੈ। ਸਿੱਖਾਂ ਨੂੰ ਆਪਣੀ ਮਾਨਸਿਕਤਾ ਵਿਚੋਂ ਈਰਖਾਵਾਦੀ ਸੋਚ ਨੂੰ ਤਿਆਗਣ ਦੇ ਨਾਲ ਇੱਕ ਦੂਜੇ ਨੂੰ ਨੀਵਾਂ ਦਿਖਾਉਣ ਅਤੇ ਕਿਰਦਾਰਕੁਸ਼ੀ ਵਾਲੀ ਮਾਨਸਿਕਤਾ ਨੂੰ ਬਦਲਣਾ ਹੋਵੇਗਾ, ਜੇਕਰ ਐਨੀ ਅਧੋਗਤੀ ਅਤੇ ਜੱਗ ਹਸਾਈ ਤੋਂ ਬਾਅਦ ਵੀ ਨਾ ਸੰਭਲੇ, ਤਾਂ ਆਪਣਾ ਧਰਮ, ਆਪਣੀ ਪਛਾਣ, ਆਪਣੀ ਹੋਂਦ ਨੂੰ ਬਣਾਈ ਰੱਖਣਾ ਸੁਖਾਲਾ ਨਹੀ ਹੋਵੇਗਾ।

**ਜਿਹੜਾ ਵੀ ਸਿੱਖ ਕੌਮੀ ਹਿਤਾਂ ਦੀ ਗੱਲ ਕਰਨ ਦੀ ਕੋਸ਼ਿਸ਼ ਕਰਦਾ ਹੈ, ਉਹਦੇ 'ਤੇ ਬੇਗਾਨਿਆਂ ਨਾਲੋਂ ਆਪਣੇ ਪਹਿਲਾਂ ਦੂਸ਼ਣ ਲਾਉਣੇ ਸ਼ੁਰੂ ਕਰ ਦਿੰਦੇ ਹਨ। ਸੱਚ ਇਹ ਹੈ ਕਿ ਸਿੱਖਾਂ ਅਸਲ ਮੁੱਦੇ ਭੁੱਲ ਗਏ ਹਨ ਅਤੇ ਮੋਰਚੇ ਆਪਸ ਵਿਚ ਖੋਲ੍ਹ ਲਏ ਹੋਏ ਹਨ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬੇਅਦਬੀ ਹੋਵੇ ਜਾਂ ਬੰਦੀ ਸਿੰਘਾਂ ਦੀ ਗੱਲ, ਨੌਜਵਾਨਾਂ ਦਾ ਨਸ਼ਿਆਂ ਵਿਚ ਡੁੱਬਣਾ ਹੋਵੇ ਜਾਂ ਬਰਬਾਦੀ ਦੀ ਕਾਗਾਰ 'ਤੇ ਖੜ੍ਹੀ ਕਿਸਾਨੀ ਹੋਵੇ, ਹਰ ਥਾਂ ਸਿੱਖ ਇਕਸੁਰ ਹੋਣ ਦੀ ਥਾਂ ਧੜਿਆਂ ਵਿਚ ਵੰਡਿਆ ਨਜ਼ਰ ਆਉਂਦੇ ਹਨ।**

ਅਨਿਲ ਧੀਰ
ਬਰੈਂਟਪਨ, ਕੈਨੇਡਾ
647-853-5800
ਪੰਜਾਬ ਮੇਲ USA



# ਕੈਂਸਰ: ਉਮਰ ਨਹੀਂ ਦੇਖਦਾ




ਵਿਸ਼ਵ ਭਰ 'ਚ ਨਵਜਾਤ ਬੱਚੇ, ਨੌਜਵਾਨ, ਮੱਧ ਉਮਰ ਅਤੇ ਸੀਨੀਅਰਸ ਖਤਰਨਾਕ ਬਿਮਾਰੀ ਕੈਂਸਰ ਦੇ ਘੇਰੇ 'ਚ ਤੇਜ਼ੀ ਨਾਲ ਆ ਰਹੇ ਹਨ। ਕੈਂਸਰ ਦਾ ਅੰਕੜਾ ਹਰ ਮਿੰਟ ਵੱਧ ਰਿਹਾ ਹੈ। ਕੈਂਸਰ ਉਮਰ ਨਹੀਂ ਦੇਖਦਾ। ਆਮ ਤੌਰ 'ਤੇ ਕੈਂਸਰ ਜੈਨੇਟਿਕ ਤਬਦੀਲੀ ਕਾਰਨ ਹੁੰਦਾ ਹੈ, ਜੋ ਆਮ ਸੈੱਲ ਵਿਕਾਸ 'ਚ ਵਿਘਨ ਪਾਉਂਦੇ ਹਨ, ਜੋ ਕਿ ਜੈਨੇਟਿਕ, ਜੀਵਨ ਸ਼ੈਲੀ ਅਤੇ ਵਾਤਾਵਰਣਕ ਕਾਕਕਾਂ ਦੇ ਸੁਮੇਲ ਦੁਆਰਾ ਚਲਾਇਆ ਜਾਂਦਾ ਹੈ।

* ਲਾਈਫ ਸਟਾਇਲ 'ਚ ਸਭ ਤੋਂ ਪਹਿਲਾਂ ਤੰਬਾਕੂ ਦੀ ਵਰਤੋਂ, ਜਿਸ ਨਾਲ ਫੇਫੜੇ, ਮੂੰਹ, ਗਲੇ ਅਤੇ ਬਲੈਡਰ ਕੈਂਸਰ ਦੀ ਸੰਭਾਵਨਾ ਬਰਾਬਰ ਬਣੀ ਰਹਿੰਦੀ ਹੈ।


- ਦੂਜੇ ਨੰਬਰ 'ਤੇ ਸ਼ਰਾਬ ਯਾਨਿ ਵਾਧੂ ਅਲਕੋਹਲ ਦਾ ਇਸਤੇਮਾਲ ਅਤੇ ਤੀਜੇ ਨੰਬਰ 'ਤੇ ਗੈਰ-ਸਿਹਤਮੰਦ ਖੁਰਾਕ 'ਚ ਫਲਾਂ-ਸਬਜ਼ੀਆਂ ਦੀ ਥਾਂ ਮਾਂਸ ਦਾ ਜ਼ਿਆਦਾ ਸੇਵਨ, ਸਰੀਰਕ ਐਕਟੀਵਿਟੀ ਘੱਟ ਕਰਨ ਨਾਲ ਤੇਜ਼ੀ ਨਾਲ ਵੱਧ ਰਿਹਾ ਮੋਟਾਪਾ।
- ਵਾਤਾਵਰਣਕ ਕਾਰਕਾਂ 'ਚ ਰੇਡੋਨ, ਐਸਬੈਸਟਸ, ਕੀਟਨਾਸ਼ਕਾਂ ਅਤੇ ਉਦਯੋਗਿਕ ਰਸਾਇਣਾਂ ਵਰਗੇ ਕਾਰਸੀਨੋਜਨਾਂ ਦੇ ਸੰਪਰਕ 'ਚ ਆਉਣ ਨਾਲ ਖਤਰਾ ਵੱਧ ਜਾਂਦਾ ਹੈ।
- **ਰੇਡੀਏਸ਼ਨ:** ਸੂਰਜ ਤੋਂ ਅਲਟਰਾਵਾਇਲਟ (ਯੂ.ਵੀ.) ਰੇਡੀਏਸ਼ਨ ਚਮੜੀ ਦੇ ਕੈਂਸਰ ਦਾ ਕਾਰਨ ਬਣਦਾ ਹੈ। ਜਦੋਂਕਿ ਆਇਓਨਾਈਜ਼ਿੰਗ ਰੇਡੀਏਸ਼ਨ ਜਿਵੇਂ ਕਿ ਐਕਸ-ਰੇ, ਰੇਡੋਨ ਗੈਸ ਹੋਰ ਕਿਸਮਾਂ ਦਾ ਕਾਰਨ ਬਣ ਸਕਦੀ ਹੈ।
- **ਸੰਕਰਮਣ (ਇਨਫੈਕਸ਼ਨ):** ਕੁੱਝ ਵਾਇਰਸ, ਬੈਕਟੀਰੀਆ ਅਤੇ ਪਰਜੀਵੀ- ਜਿਵੇਂ ਕਿ ਹਿਊਮਨ ਪੈਪੀਲੋਮਾਵਾਇਰਸ, ਹੈਪੇਟਾਈਟਸ ਬੀ ਅਤੇ ਸੀ ਤੇ ਹੈਲੀਕੋਬੈਕਟਰ ਪਾਈਲੋਰੀ ਕੈਂਸਰਾਂ ਨਾਲ ਜੁੜੇ ਹੋਏ ਹਨ।
- **ਜੈਨੇਟਿਕ ਕਾਰਕ:** ਵਿਰਾਸਤੀ ਜੈਨੇਟਿਕ ਤਬਦੀਲੀ ਜਿਵੇਂ ਕਿ ਬੀ.ਆਰ.ਸੀ.ਏ.ਆਈ. 1/ਬੀ.ਆਰ.ਸੀ.ਏ. 2 ਲੋਕਾਂ ਨੂੰ ਕੁੱਝ ਖਾਸ ਕੈਂਸਰਾਂ ਦਾ ਸ਼ਿਕਾਰ ਬਣਾ ਸਕਦੇ ਹਨ।
- ਵੱਧ ਰਹੀ ਉਮਰ ਨਾਲ ਵੀ ਕੈਂਸਰ ਦਾ ਖਤਰਾ ਕਾਫੀ ਵੱਧ ਜਾਂਦਾ ਹੈ। ਬਹੁਤ ਸਾਰੇ ਕੇਸਾਂ ਵਿਚ 60-65 ਸਾਲ ਤੋਂ ਬਾਅਦ ਹੀ ਡਾਇਗਨੋਸ ਦੇਖਣ ਨੂੰ ਮਿਲਦਾ ਹੈ।



ਖਿਆਲ ਰੱਖਣਾ ਜ਼ਰੂਰੀ ਹੋ ਗਿਆ ਹੈ:

- ਆਪਣੀ ਫੈਮਿਲੀ ਹਿਸਟਰੀ ਨੂੰ ਨਜ਼ਰਅੰਦਾਜ਼ ਨਾ ਕਰੋ।
- ਤੰਬਾਕੂ ਖਾਣ ਅਤੇ ਸਿਗਰੇਟ-ਬੀੜੀ ਦੇ ਧੂੰਏ ਤੇ ਨਾਲ ਹੀ ਸੈਕੰਡਹੈਂਡ ਸਮੋਕ ਤੋਂ ਹਮੇਸ਼ਾ ਬਚੋ।
- ਸੂਰਜ ਦੀਆਂ ਤੇਜ਼ ਕਿਰਨਾਂ ਤੋਂ ਬਚਣ ਲਈ ਹਮੇਸ਼ਾ ਸਨਸਕ੍ਰੀਨ ਲੋਸ਼ਨ ਦੀ ਵਰਤੋਂ ਕਰੋ।
- ਬੈਠੋ ਘੱਟ, ਵਰਕਆਉਟ ਜ਼ਿਆਦਾ ਕਰੋ। ਮੋਟਾਪਾ ਘਟਾਉਣ ਲਈ ਡੇਲੀ ਵਰਕਆਊਟ, ਯੋਗਾ, ਮੇਡੀਟੇਸ਼ਨ, ਤੇਜ਼ ਸੈਰ ਦੀ ਆਦਤ ਪਾ ਲਵੋ।
- ਤੇਜ਼ ਮਿਰਚ-ਮਸਾਲਿਆਂ ਨਾਲ ਤਿਆਰ ਜੰਕ-ਫੂਡ ਕਈ ਖਤਰਨਾਕ ਬਿਮਾਰੀਆਂ ਨੂੰ ਬੁਲਾਵਾ ਦੇ ਰਿਹਾ ਹੈ। ਗਰਭਵਤੀ ਔਰਤਾਂ ਖਾਸ ਖਿਆਲ ਰੱਖਣ।
- ਕਦੇ ਵੀ ਭੁੱਖ ਤੋਂ ਵੱਧ ਨਾ ਖਾਓ। ਮੌਸਮ ਮੁਤਾਬਿਕ ਲੋੜੀਂਦੇ ਪੌਸ਼ਟਿਕ ਤੱਤਾਂ ਨਾਲ ਭਰਪੂਰ ਖੁਰਾਕ ਲਵੋ। ਹਰੀ ਪੱਤੇਦਾਰ ਸਬਜ਼ੀਆਂ-ਫੱਲਾਂ ਦਾ ਜ਼ਿਆਦਾ ਸੇਵਨ ਕਰੋ। ਹੋਲਗ੍ਰੇਨ ਆਟੇ ਦੀ ਵਰਤੋਂ ਕਰੋ।
- ਘੱਟ ਉਮਰ 'ਚ ਅਲਕੋਹਲ ਦੀ ਵਰਤੋਂ ਲੜਕੀਆਂ ਜ਼ਿਆਦਾ ਕਰ ਰਹੀਆਂ ਹਨ, ਜੋ ਕਿ ਚਿੰਤਾ ਅਤੇ ਖਤਰੇ ਵਾਲੀ ਗੱਲ ਹੈ। ਅਲਕੋਹਲ ਨੂੰ ਲਿਮਟ 'ਚ ਲੈ ਕੇ ਬਿਮਾਰੀ ਦੇ ਖਤਰੇ ਨੂੰ ਘੱਟ ਕਰੋ।
- ਲੋੜੀਂਦੇ ਵੈਕਸੀਨੇਸ਼ਨ ਜ਼ਰੂਰ ਕਰਾਓ।

ਨੋਟ: ਕੈਂਸਰ ਵਰਗੇ ਖਤਰਨਾਕ ਰੋਗਾਂ ਤੋਂ ਬਚਾਅ ਲਈ ਸਮੇਂ-ਸਮੇਂ 'ਤੇ ਆਪਣੀ ਬਿਮਾਰੀ ਮੁਤਾਬਿਕ ਸਹੀ ਇਲਾਜ ਅਤੇ ਜਾਂਚ ਲਈ ਆਪਣੇ ਫੈਮਿਲੀ ਡਾਕਟਰ ਨੂੰ ਮਿਲਦੇ ਰਹੋ।



# ਇੰਝ ਜਲ਼ੇ ਲੇਖ ਕਿਸਾਨ ਦੇ

ਖੱਟਿਆ ਕੁੱਝ ਨਹੀਂ ਬੇਲਿਹਾਜ਼ ਜੱਗ ਅੰਦਰ,
ਬੱਸ ਬੰਦਾ ਖੁਦੀ ਦਾ ਹੀ, ਭਰਮ ਪਾਲ਼ਦਾ ਰਿਹਾ।

ਗੱਲ ਤਾਂ ਮੁਕਾ ਦਿੰਦੇ ਨੇ ਲਿਆ ਕੇ ਨਸੀਬ ਉੱਤੇ,
ਕੋਈ ਐਸ਼ ਕਰਦਾ, ਕੋਈ ਜਫ਼ਰ ਜਾਲ਼ਦਾ ਰਿਹਾ।

ਡੋਲ੍ਹਦਾ ਰਿਹਾ ਪਸੀਨਾ ਸਿਖਰ ਦੁਪਹਿਰ ਕੋਈ,
ਸੜਦਾ ਟਿੱਬਿਆਂ ਵਿਚ, ਮੌਤ ਨੂੰ ਭਾਲ਼ਦਾ ਰਿਹਾ।

ਮਿਲੀ ਕੀਮਤ ਨਾ ਫਸਲ ਦੀ ਜਦੋਂ ਮੰਡੀ ਅੰਦਰ,
ਪੀਕੇ ਖ਼ੂਨ ਦੇ ਹੰਝੂ, ਉਹ ਵਕਤ ਟਾਲ਼ਦਾ ਰਿਹਾ।

ਲੁੱਟਦਾ ਬੰਦਾ ਹੈ ਬੰਦੇ ਨੂੰ ਗਿਲਾ ਕਰੇ ਰੱਬ ਉੱਤੇ,
ਭੰਬਲਭੂਸੇ ਵਿੱਚ ਹੀ ਪਿਆ, ਡੰਗ ਸਾਰਦਾ ਰਿਹਾ।

ਤੰਗੀਆਂ ਤੁਰਸ਼ੀਆਂ ਵਿਚ ਸਾਰੀ ਜੂਨ ਲੰਘੀ,
ਫੋਕੀ ਟੌਹਰ 'ਚ, ਫੁੰਕਾਰੇ ਜੱਟ ਮਾਰਦਾ ਰਿਹਾ।

ਰਹਿੰਦੀ ਗਿੱਲਤ ਗਾਲ਼ੀ ਹੈ ਲੰਡੂ ਗੀਤਕਾਰਾਂ,
ਨੱਚਦਾ ਨਸ਼ੇ 'ਚ, ਲਲਕਾਰੇ ਮਾਰਦਾ ਰਿਹਾ।

ਖਰਚੇ ਵਧਾਏ ਵਿਆਹਾਂ ਦੀ ਝੂਠੀ ਸ਼ਾਨ ਖਾਤਿਰ,
ਕਰਜ਼ਾ ਬੈਂਕਾਂ ਸ਼ਾਹਾਂ ਦਾ, 'ਵਾਜਾਂ ਮਾਰਦਾ ਰਿਹਾ।

ਅੱਜਕਲ੍ਹ ਅੱਧੇ ਤੋਂ ਵੱਧ ਨੇ ਕਿਸਾਨ ਕੰਗਾਲ ਹੋਏ,
ਬੇੜਾ ਆਰ ਦਾ ਰਿਹਾ, ਨਾ ਬੇੜਾ ਪਾਰ ਦਾ ਰਿਹਾ।

ਵੋਟਾਂ ਨੇੜੇ ਆਈਆਂ ਨੇਤਾ ਹੁਣ ਲਾਣ ਕੁੰਡੀਆਂ,
ਸੁਣ ਕੇ ਝੂਠੇ ਲਾਰੇ, ਸਦਾ ਛਾਲਾਂ ਮਾਰਦਾ ਰਿਹਾ।

ਵੋਟ ਦੇਣ ਵੇਲੇ ਨ ਸੋਚਦੈ ਨ ਵਿਚਾਰ ਕਰੇ ਕਦੇ,
ਅੰਨ੍ਹੇਵਾਹ ਜਾਤ, ਪਾਤ ਨੂੰ ਪਾ, ਬੁੱਤਾ ਸਾਰਦਾ ਰਿਹਾ।

ਪੰਜਾਂ ਸਾਲ ਬਾਅਦ ਆਉਂਦੇ ਫਿਰ ਖਸਮ ਨਵੇਂ,
ਬਣਕੇ ਸ਼ਾਤਰ ਨੇਤਾ, ਮੁੱਦੇ ਨਵੇਂ ਉਭਾਰਦਾ ਰਿਹਾ।

ਸਮਝ ਸਕਿਆ ਨਾ ਚਾਲ ਭੋਲ਼ਾ ਪਾਤਸ਼ਾਹ ਇਹ,
ਪਾ ਵੋਟਾਂ ਚੰਗੇ ਭਵਿੱਖ ਨੂੰ, 'ਵਾਜਾਂ ਮਾਰਦਾ ਰਿਹਾ।

-ਸੇਵਾ ਸਿੰਘ "ਨੂਰਪੁਰੀ"



ਪੰਜਾਬ ਮੇਲ USA

# ਸਿਪਾਹੀ

ਚੌਕ ਦੇ ਵਿਚ ਖੜ੍ਹਾ ਹੋ ਸਿਪਾਹੀ,
ਤੋਰੀ ਜਾਏ ਲੋਕਾਂ ਨੂੰ ਸਿੱਧੇ ਰਾਹੀਂ।
ਹੱਥਾਂ ਨਾਲ ਕਰਕੇ ਓਹ ਇਸ਼ਾਰੇ,
ਇੱਕਦਮ ਰੋਕਦੇ ਵਹੀਕਲ ਸਾਰੇ।
ਨਿਯਮਾਂ ਨੂੰ ਜੋ ਛਿੱਕੇ ਹੈ ਟੰਗਦਾ,
ਸਿਪਾਹੀ ਉਸਦਾ ਚਲਾਨ ਕੱਟਦਾ।
ਬੜੀ ਸਖ਼ਤ ਡਿਊਟੀ ਨਿਭਾਉਂਦਾ,
ਧੁੱਪ, ਮੀਂਹ ਤੋਂ ਨਾ ਘਬਰਾਉਂਦਾ।
ਦੱਸਦਾ ਲੋਕਾਂ ਨੂੰ ਮਾਰ ਕੇ ਸੀਟੀ,
ਕਰਦਾ ਰਹੇ ਸਾਰਾ ਦਿਨ ਪੀਟੀ।
ਵਰਦੀ 'ਚ ਮੈਨੂੰ ਸੋਹਣਾ ਲੱਗਦਾ,
ਡਿਊਟੀ ਉੱਤੇ ਭੋਰਾ ਨਹੀਂ ਥੱਕਦਾ।
ਅਫਸਰਾਂ ਨੂੰ ਵੇਖ ਮਾਰਦਾ ਸਲੂਟ,
ਸਾਰਿਆਂ ਨਾਲ ਕਰੇ ਚੰਗਾ ਸਲੂਕ।
ਸਿਪਾਹੀ ਨੂੰ ਜੇ ਕਰੀਏ ਸਹਿਯੋਗ,
ਦੁਰਘਟਨਾਵਾਂ ਦਾ ਪੈ ਜਾਣਾ ਭੋਗ।

- ਚਮਨਦੀਪ ਸ਼ਰਮਾ, ਪਟਿਆਲਾ
ਸੰਪਰਕ : 95010-33005



ਪੰਜਾਬ ਮੇਲ USA

# ਲਹਿੰਦੇ ਵਲ ਜਾਂਦੀ ਸੜਕ

ਉੱਚੇ ਪਰਬਤ ਦੀ ਟੀਸੀ ਤੋਂ,
ਤੁਰੀ ਸੀ ਇਕ ਕੂਲ੍ਹ!
ਹੋਰ ਕੂਲ੍ਹਾਂ ਨਾਲ ਜੁੜਕੇ,
ਪਹਿਲਾਂ ਝੀਲ,
ਫੇਰ ਦਰਿਆ ਬਣੀ!!!
ਸੂਰਜ, ਚੰਨ, ਸਿਤਾਰੇ,
ਆਕਾਸ਼ ਤੇ ਅਦਿੱਖ ਨਜ਼ਾਰੇ,
ਇਸ ਵਿਚ ਡੁੱਬ, ਡੁੱਬ ਨਹਾਉਂਦੇ ਰਹੇ!
ਨਾਲ ਵੀ ਤੁਰਦੇ ਰਹੇ, ਗੀਤ ਵੀ ਗਾਉਂਦੇ ਰਹੇ!!!
ਪਰਬਤ 'ਚੋਂ ਨਿਕਲਕੇ,
ਦਰਿਆ ਇਕੱਲਾ ਹੋ ਗਿਆ।
ਰੁੱਖਾਂ ਵਿਚ ਟੁੱਟੇ ਜੰਗਲ ਵਿਚ,,
ਤੁਰਦਾ, ਤੁਰਦਾ,
ਆਪਣੇ ਅੰਦਰ ਬਿਖਰ ਗਿਆ!!!
ਇਸ ਦੇ ਕੰਢਿਆਂ ਉੱਤੇ,
ਮੇਲੇ ਵੀ ਲੱਗਦੇ ਰਹੇ।
ਯਾਰਾਂ, ਦੋਸਤਾਂ ਦੇ ਫੁੱਲ ਖਿੜਦੇ,
ਦੀਵੇ ਜੱਗਦੇ ਰਹੇ।

ਜਾਗੋ ਮੀਟੇ ਵਿਚ ਦਰਿਆ,
ਨੀਵਾਣਾਂ ਨਾਲ ਨੀਵਾਂ ਹੁੰਦਾ, ਹੁੰਦਾ,
ਲਹਿੰਦੇ ਵਲ ਬੇ-ਸੂਰਜ ਹੋ, ਹੋ -
ਸਾਗਰ ਤੱਕ ਪਹੁੰਚ ਗਿਆ।
ਸਾਗਰ ਪਾਟ ਗਿਆ!
ਡੁੱਬ ਗਿਆ ਉਸ ਵਿਚ ਦਰਿਆ,
ਬੇਨਾਮ, ਬੇ-ਨਿਸ਼ਾਨ ਹੋਣ ਲਈ!!!
ਉੱਚੇ ਪਰਬਤ ਤੋਂ,
ਤੁਰੀ ਸੀ ਇਕ ਕੂਲ੍ਹ!!!

-ਰਵਿੰਦਰ ਰਵੀ, ਬੀ.ਸੀ. ਕੈਨੇਡਾ
250-635-4455

ਪੰਜਾਬ ਮੇਲ USA

# ਘਰ ਤੋਂ ਜਦ ਧੀ ਤੁਰਦੀ ਏ

ਘਰ ਤੋਂ ਜਦ ਧੀ ਤੁਰਦੀ ਏ, ਸਭ ਦੇ ਮਨ ਹੌਲ਼ੇ ਹੁੰਦੇ।
ਘਰ ਦੇ ਜੀਆਂ ਸੰਗ ਰੋਂਦੇ, ਕੰਧਾਂ ਤੇ ਕੌਲ਼ੇ ਹੁੰਦੇ।
ਧੀਆਂ ਤਾਂ ਘਰ ਦੀ ਰੌਣਕ, ਧੀਆਂ ਬਿਨ ਸੁੰਨੇ ਵੇਹੜੇ।
ਧੀਆਂ ਦੇ ਪੇਕੇ ਘਰ ਫਿਰ, ਗਿਣਤੀ ਦੇ ਲੱਗਦੇ ਗੇੜੇ।
ਸਹੁਰੇ ਘਰ ਦੇ ਵਿਚ ਵਰਖਾ, ਸੁੱਖਾਂ ਦੀ ਰਵ੍ਹੇ ਹਮੇਸ਼ਾ।
ਮੇਰੇ ਘਰ ਮੌਜ ਬਹਾਰਾਂ, ਮਾਪਿਆਂ ਨੂੰ ਕਵ੍ਹੇ ਹਮੇਸ਼ਾ।
ਖੁਸ਼ੀਆਂ ਦੀ ਤੋਟ ਕੋਈ ਨਾ, ਭੋਰਾ ਨ੍ਹੀਂ ਝਗੜੇ-ਝੇੜੇ।
ਧੀਆਂ ਦੇ.... .... .... ....।
ਭਾਈਆਂ ਤੇ ਬਾਬਲ ਦੇ ਲਈ, ਕਰਦੀਆਂ ਇਹ ਰਹਿਣ ਦੁਆਵਾਂ।
ਰੱਬ ਨੂੰ ਕਰਦੀਆਂ ਅਰਜੋਈਆਂ, ਸਾਥੋਂ ਨਾ ਖੋਹਵੀਂ ਮਾਵਾਂ।
ਸਹੁਰਿਆਂ ਦੇ ਘਰ ਹੁੰਦੇ ਨੇ, ਬਾਹਲੇ ਹੀ ਕੰਮ ਸਹੇੜੇ।
ਧੀਆਂ ਦੇ.... .... .... ....।
ਮਾਵਾਂ ਨੂੰ ਝੋਰਾ ਰਹਿੰਦਾ, ਧੀਆਂ ਬਣ ਜਾਵਣ ਮਾਵਾਂ।
ਬੱਚਿਆਂ ਦੇ ਆਉਣ ਨਾ ਨੇੜੇ, ਜ਼ਿੰਦਗੀ ਭਰ ਇੱਲ-ਬਲਾਵਾਂ।
ਭੈਣਾਂ ਲਈ ਵੀਰ 'ਨਾਗਰਾ' ਘਰ ਦੇ ਨਾ ਬੂਹੇ ਭੇੜੇ।
ਧੀਆਂ ਦੇ ਪੇਕੇ ਘਰ ਫਿਰ, ਗਿਣਤੀ ਦੇ ਲੱਗਦੇ ਗੇੜੇ।

-ਜਸਪਾਲ ਸਿੰਘ ਨਾਗਰਾ 'ਮਹਿੰਦਪੁਰੀਆ' ਪੋਰਟਲੈਂਡ,
ਓਰੇਗਨ (ਅਮਰੀਕਾ)
ਫੋਨ : +1-360-448-1989



ਪੰਜਾਬ ਮੇਲ USA

# ਹਿਟਲਰ ਚੜ੍ਹ ਕੇ ਆ ਰਿਹਾ

ਹਿਟਲਰ ਫਿਰ ਚੜ੍ਹ ਕੇ ਆ ਰਿਹਾ, ਉਏ ਸੰਭਲੋ ਲੋਕੋ,
ਹਰ ਤਰਫ ਸੰਨਾਟਾ ਛਾ ਰਿਹਾ, ਉਏ ਸੰਭਲੋ ਲੋਕੋ।

ਦੂਜੀ ਸੰਸਾਰੀ ਜੰਗ ਦੇ ਜ਼ਖ਼ਮ ਹਾਲੇ ਤੱਕ ਮਿਲਦੇ,
ਕਈ ਮਨੁੱਖੀ ਕੁਕਰਮ ਹਾਲੇ ਵੀ ਭੁੱਲਿਆਂ ਨਹੀਂ ਭੁੱਲਦੇ।
ਇਹ ਹੋਰ ਵੀ ਜ਼ੁਲਮ ਕਮਾ ਰਿਹਾ, ਉਏ ਸੰਭਲੋ ਲੋਕੋ,
ਹਰ ਤਰਫ ਸੰਨਾਟਾ ਛਾ ਰਿਹਾ, ਉਏ ਸੰਭਲੋ ਲੋਕੋ।


ਨਵੀਆਂ ਨਸਲਾਂ ਹਾਲੇ ਵੀ ਅਪਾਹਜ ਨੇ ਜੰਮਦੀਆਂ,
ਦਰਦ ਦੀਆਂ ਆਹਾਂ ਹਾਲੇ ਵੀ ਥੰਮਿਆਂ ਨਹੀਂ ਥੰਮਦੀਆਂ।
ਉਹ ਬੰਬ ਫੜ ਕੇ ਫਿਰ ਆ ਰਿਹਾ, ਉਏ ਸੰਭਲੋ ਲੋਕੋ।
ਹਰ ਤਰਫ ਸੰਨਾਟਾ ਛਾ ਰਿਹਾ, ਉਏ ਸੰਭਲੋ ਲੋਕੋ।

ਰੋਜ਼ਾਨਾ ਧਮਕੀਆਂ ਦੇਵੇ ਅਤੇ ਦੁਨੀਆਂ ਨੂੰ ਡਰਾਵੇ,
ਦੇਸ਼ਾਂ ਉੱਤੇ ਕਬਜ਼ੇ ਕਰਨ ਦੇ ਕਰਦਾ ਨਿੱਤ ਦਾਅਵੇ।
ਟੈਰਿਫ ਹਰ ਉੱਤੇ ਲਾ ਰਿਹਾ, ਉਏ ਸੰਭਲੋ ਲੋਕੋ,
ਹਰ ਤਰਫ ਸੰਨਾਟਾ ਛਾ ਰਿਹਾ, ਉਏ ਸੰਭਲੋ ਲੋਕੋ।

ਕੱਠੇ ਰਲ਼ ਕੇ ਲੜੇ ਤਾਂ ਸ਼ਾਇਦ ਬਚ ਜਾਉਗੇ,
ਕੱਲੇ ਕੱਲੇ ਲੜੇ ਤਾਂ ਲਾਜ਼ਮ ਮਰ ਜਾਉਗੇ।
ਕਈਆਂ ਨੂੰ ਚਾਰਾ ਪਾ ਰਿਹਾ, ਉਏ ਸੰਭਲੋ ਲੋਕੋ।
ਹਰ ਤਰਫ ਸੰਨਾਟਾ ਛਾ ਰਿਹਾ, ਉਏ ਸੰਭਲੋ ਲੋਕੋ।

ਹਿਟਲਰ ਫਿਰ ਚੜ੍ਹ ਕੇ ਆ ਰਿਹਾ, ਉਏ ਸੰਭਲੋ ਲੋਕੋ,
ਹਰ ਤਰਫ ਸੰਨਾਟਾ ਛਾ ਰਿਹਾ, ਉਏ ਸੰਭਲੋ ਲੋਕੋ।

-ਰਵਿੰਦਰ ਸਿੰਘ ਕੁੰਦਰਾ
ਕੌਵੈਂਟਰੀ, ਯੂ.ਕੇ.



ਪੰਜਾਬ ਮੇਲ USA

PUNJAB MAIL USA
TV Channel, Newspaper, Radio

24 Hours
7 Days

All over America, Canada, Australia & Europe

- IP TV (24 Hours)
- App: Punjab Mail USA (24 Hours)
- Youtube : Punjab Mail USA
- Facebook Page : Punjab Mail USA
- Instagram : Punjab Mail USA
- Website: punjabmailusa.com
- E-mail: punjabmailtv@gmail.com

Gold # 2867, Gem # 375, TV Zon # 6888, Glow TV # 1828, Tashan # 131, Real TV etc.

For any Information & Advertisement Call at
+1-916-320-9444






FOR SALE & PURCHASE OF ANY KIND OF PROPERTY

RE/MAX
Outstanding Agents
Outstanding Results®
DRE Lic. # 01215931 (Broker)

Gurjatinder S. Randhawa
REALTOR CA DRE licence # 01490567
916-320-9444

